ਮੰਗਲਵਾਰ, 28 ਅਕਤੂਬਰ, 2025
12 ਕੱਤਕ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 74
ਅੰਕ/NO. : 147

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • TUESDAY, 28 OCTOBER, 2025 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

## ਕੈਬਨਿਟ ਮੀਟਿੰਗ ਅੱਜ

**ਚੰਡੀਗੜ੍ਹ** : ਪੰਜਾਬ ਮੰਤਰੀ ਮੰਡਲ ਦੀ ਬੈਠਕ 28 ਅਕਤੂਬਰ ਨੂੰ ਮੁੱਖ ਮੰਤਰੀ ਭਗਵੰਤ ਮਾਨ ਦੀ ਸਰਕਾਰੀ ਰਿਹਾਇਸ਼ 'ਤੇ ਸਵੇਰੇ 10 ਵਜੇ ਹੋਵੇਗੀ। ਹਾਲਾਂਕਿ ਸੂਬਾ ਸਰਕਾਰ ਵੱਲੋਂ ਮੰਤਰੀ ਮੰਡਲ ਦੀ ਮੀਟਿੰਗ ਨੂੰ ਲੈ ਕੇ ਕੋਈ ਏਜੰਡਾ ਜਾਰੀ ਨਹੀਂ ਕੀਤਾ ਗਿਆ ਹੈ।

## ਸ਼ਰਾਰਤੀ ਤੋਹਫਾ




**ਢਾਕਾ** : ਬੰਗਲਾਦੇਸ਼ ਦੇ ਅੰਤਰਮ ਮੁਖੀ ਮੁਹੰਮਦ ਯੂਨੁਸ ਨੇ ਐਤਵਾਰ ਰਾਤ ਮਿਲਣ ਆਏ ਪਾਕਿਸਤਾਨੀ ਜਰਨੈਲ ਸਾਹਿਰ ਸ਼ਮਸ਼ਾਦ ਮਿਰਜ਼ਾ ਨੂੰ ਗਿਫਟ 'ਆਰਟ ਆਫ ਟਰਾਇੰਫ' ਨਾਂਅ ਦੀ ਪੁਸਤਕ ਭੇਟ ਕੀਤੀ, ਜਿਸ 'ਤੇ ਛਪੇ ਨਕਸ਼ੇ ਵਿੱਚ ਭਾਰਤ ਦੇ ਉੱਤਰ-ਪੂਰਬੀ ਰਾਜਾਂ ਨੂੰ ਬੰਗਲਾਦੇਸ਼ ਦਾ ਹਿੱਸਾ ਦਿਖਾਇਆ ਗਿਆ ਹੈ। ਪਾਕਿਸਤਾਨ ਜਾਇੰਟ ਚੀਫਸ ਸਟਾਫ ਕਮੇਟੀ ਦੇ ਚੇਅਰਮੈਨ ਮਿਰਜ਼ਾ ਫੀਲਡ ਮਾਰਸ਼ਲ ਆਸਿਫ ਮੁਨੀਰ ਦੇ ਬਾਅਦ ਨੰਬਰ ਦੋ ਅਧਿਕਾਰੀ ਹਨ।

## ਉਮਰ ਖਾਲਿਦ ਤੇ ਹੋਰਨਾਂ ਦੀ ਜ਼ਮਾਨਤ 'ਤੇ ਸੁਣਵਾਈ 31 ਤੱਕ ਟਲੀ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਸੋਮਵਾਰ ਦਿੱਲੀ ਪੁਲਸ ਨੂੰ ਉਮਰ ਖਾਲਿਦ, ਸ਼ਰਜੀਲ ਇਮਾਮ, ਗੁਲਫਿਸ਼ਾ ਫਾਤਿਮਾ ਅਤੇ ਮੀਰਾਨ ਹੈਦਰ ਦੀਆਂ ਜ਼ਮਾਨਤ ਅਰਜ਼ੀਆਂ 'ਤੇ ਜਵਾਬ ਦਾਖਲ ਕਰਨ ਲਈ ਦੋ ਹਫਤੇ ਦਾ ਸਮਾਂ ਦੇਣ ਤੋਂ ਇਨਕਾਰ ਕਰ ਦਿੱਤਾ। ਇਹ ਮਾਮਲਾ ਫਰਵਰੀ 2020 ਦੇ ਦਿੱਲੀ ਦੰਗਿਆਂ ਦੇ ਪਿੱਛੇ ਕਥਿਤ ਸਾਜ਼ਿਸ਼ ਨਾਲ ਸੰਬੰਧਤ ਗੈਰ-ਕਾਨੂੰਨੀ ਗਤੀਵਿਧੀਆਂ (ਰੋਕਥਾਮ) ਐਕਟ (ਯੂ ਏ ਪੀ ਏ) ਦੇ ਤਹਿਤ ਦਰਜ ਹੈ। ਜਿਵੇਂ ਹੀ ਸੁਣਵਾਈ ਸ਼ੁਰੂ ਹੋਈ, ਦਿੱਲੀ ਪੁਲਸ ਵੱਲੋਂ ਪੇਸ਼ ਹੋਏ ਐਡੀਸ਼ਨਲ ਸਾਲਿਸਿਟਰ ਜਨਰਲ ਐੱਸ ਵੀ ਰਾਜੂ ਨੇ ਜਵਾਬੀ ਹਲਫਨਾਮਾ ਦਾਖਲ ਕਰਨ ਲਈ ਸਮਾਂ ਮੰਗਿਆ। ਜਸਟਿਸ ਅਰਵਿੰਦ ਕੁਮਾਰ ਅਤੇ ਐੱਨ ਵੀ ਅੰਜਾਰੀਆ ਦੀ ਬੈਂਚ ਨੇ ਦੋ ਹਫਤੇ ਦਾ ਸਮਾਂ ਦੇਣ ਤੋਂ ਇਨਕਾਰ ਕਰ ਦਿੱਤਾ ਅਤੇ ਕਿਹਾ ਕਿ ਉਹ ਇਸ ਮਾਮਲੇ ਦੀ ਸੁਣਵਾਈ 31 ਅਕਤੂਬਰ ਨੂੰ ਕਰਨਗੇ।

## ਕੁੱਤਿਆਂ ਦੇ ਮਾਮਲੇ 'ਚ ਮੁੱਖ ਸਕੱਤਰ ਤਲਬ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਆਵਾਰਾ ਕੁੱਤਿਆਂ ਨਾਲ ਜੁੜੇ ਮੁੱਦੇ 'ਤੇ ਸੋਮਵਾਰ ਪੱਛਮੀ ਬੰਗਾਲ ਅਤੇ ਤਿਲੰਗਾਨਾ ਨੂੰ ਛੱਡ ਕੇ ਬਾਕੀ ਸਾਰੇ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੇ ਮੁੱਖ ਸਕੱਤਰਾਂ ਨੂੰ 3 ਨਵੰਬਰ ਨੂੰ ਤਲਬ ਕੀਤਾ ਹੈ। ਸੁਪਰੀਮ ਕੋਰਟ ਨੇ ਸਵਾਲ ਕੀਤਾ ਹੈ ਕਿ ਇਨ੍ਹਾਂ ਰਾਜਾਂ ਤੇ ਯੂਟੀਜ਼ ਨੇ ਹੁਣ ਤੱਕ ਹਲਫਨਾਮੇ ਕਿਉਂ ਨਹੀਂ ਦਾਖਲ ਕੀਤੇ। ਜਸਟਿਸ ਵਿਕਰਮ ਨਾਥ, ਜਸਟਿਸ ਸੰਦੀਪ ਮਹਿਤਾ ਅਤੇ ਜਸਟਿਸ ਐੱਨ ਵੀ ਅੰਜਾਰੀਆ ਦੀ ਤਿੰਨ ਮੈਂਬਰੀ ਵਿਸ਼ੇਸ਼ ਬੈਂਚ ਨੇ ਨੋਟ ਕੀਤਾ ਕਿ ਸਿਰਫ ਦਿੱਲੀ ਨਗਰ ਨਿਗਮ ਅਤੇ ਪੱਛਮੀ ਬੰਗਾਲ ਅਤੇ ਤਿਲੰਗਾਨਾ ਰਾਜਾਂ ਨੇ ਹੀ ਸੁਪਰੀਮ ਕੋਰਟ ਦੇ 22 ਅਗਸਤ ਦੇ ਹੁਕਮਾਂ ਦੀ ਪਾਲਣਾ ਕਰਦਿਆਂ ਹਲਫਨਾਮੇ ਦਾਇਰ ਕੀਤੇ ਹਨ। ਬੈਂਚ ਨੇ ਹੋਰਨਾਂ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵੱਲੋਂ ਹਲਫਨਾਮੇ ਦਾਇਰ ਨਾ ਕੀਤੇ ਜਾਣ ਦੀ ਆਲੋਚਨਾ ਕਰਦੇ ਹੋਏ ਕਿਹਾ ਕਿ 22 ਅਗਸਤ ਦੇ ਹੁਕਮਾਂ ਵਿੱਚ ਸਭ ਕੁਝ ਦੱਸਿਆ ਗਿਆ ਸੀ। ਬੈਂਚ ਆਵਾਰਾ ਕੁੱਤਿਆਂ ਨਾਲ ਸੰਬੰਧਤ ਮਾਮਲੇ ਦਾ ਖੁਦ ਨੋਟਿਸ ਲੈ ਕੇ ਕੇਸ ਦੀ ਸੁਣਵਾਈ ਕਰ ਰਹੀ ਸੀ। ਸੁਪਰੀਮ ਕੋਰਟ ਨੇ 22 ਅਗਸਤ ਦੀ ਸੁਣਵਾਈ ਦੌਰਾਨ ਆਵਾਰਾ ਕੁੱਤਿਆਂ ਨਾਲ ਜੁੜੇ ਕੇਸ ਦਾ ਦਾਇਰਾ ਦਿੱਲੀ-ਕੌਮੀ ਰਾਜਧਾਨੀ ਖੇਤਰ (ਐੱਨ ਸੀ ਆਰ) ਤੋਂ ਬਾਹਰ ਵਧਾਉਂਦਿਆਂ ਨਿਰਦੇਸ਼ ਦਿੱਤਾ ਸੀ ਕਿ ਸਾਰੇ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ ਇਸ ਮਾਮਲੇ ਵਿੱਚ ਧਿਰ ਬਣਾਇਆ ਜਾਵੇ।

# ਕਿਸਾਨ ਨੂੰ ਥਾਰ ਹੇਠ ਦਰੜਿਆ

## ਮੱਧ ਪ੍ਰਦੇਸ਼ 'ਚ ਲਖੀਮਪੁਰ ਖੀਰੀ ਕਾਂਡ ਦੁਹਰਾਇਆ, ਭਾਜਪਾ ਆਗੂ ਦੀ ਧਾੜ ਵੱਲੋਂ ਪਤਨੀ ਤੇ ਦੋ ਧੀਆਂ 'ਤੇ ਵੀ ਮਾਰੂ ਹਮਲਾ



**ਭੋਪਾਲ** : ਮੱਧ ਪ੍ਰਦੇਸ਼ ਦੇ ਗੁਨਾ ਜ਼ਿਲ੍ਹੇ ਦੇ ਪਿੰਡ ਗਣੇਸ਼ਪੁਰਾ ਵਿੱਚ ਐਤਵਾਰ ਸਥਾਨਕ ਭਾਜਪਾ ਆਗੂ ਤੇ ਉਸ ਦੇ ਸਾਥੀਆਂ ਨੇ 40 ਸਾਲਾ ਕਿਸਾਨ ਰਾਮ ਸਵਰੂਪ ਧਾਕੜ ਨੂੰ ਵੱਢਣ-ਟੁੱਕਣ ਤੋਂ ਬਾਅਦ ਉਸ 'ਤੇ ਥਾਰ ਚੜ੍ਹਾ ਕੇ ਮਾਰ ਦਿੱਤਾ। ਇਸ ਹਮਲੇ, ਜਿਸ 'ਚ ਕਿਸਾਨ ਦੀਆਂ ਧੀਆਂ ਤੇ ਪਤਨੀ ਵੀ ਜ਼ਖਮੀ ਹੋਈਆਂ ਹਨ, ਨੇ 2021 ਦੀ ਯੂ ਪੀ ਦੇ ਲਖੀਮਪੁਰ ਖੀਰੀ ਦੀ ਯਾਦ ਤਾਜ਼ਾ ਕਰ ਦਿੱਤੀ ਹੈ, ਜਿੱਥੇ ਕੇਂਦਰੀ ਮੰਤਰੀ ਅਜੈ ਮਿਸ਼ਰਾ ਟੈਨੀ ਦੇ ਬੇਟੇ ਆਸ਼ਿਸ਼ ਮਿਸ਼ਰਾ ਨੇ ਪ੍ਰੋਟੈਸਟ ਕਰ ਰਹੇ ਕਿਸਾਨਾਂ 'ਤੇ ਥਾਰ ਚੜ੍ਹਾ ਦਿੱਤੀ ਸੀ।

ਪੁਲਸ ਮੁਤਾਬਕ ਘਟਨਾ ਫਤਿਹਗੜ੍ਹ ਥਾਣੇ ਦੇ ਇਲਾਕੇ ਵਿੱਚ ਵਾਪਰੀ। ਧਾਕੜ ਆਪਣੀ ਪਤਨੀ ਨਾਲ ਸਵੇਰੇ ਖੇਤ ਵੱਲ ਜਾ ਰਿਹਾ ਸੀ। ਐੱਫ ਆਈ ਆਰ ਵਿੱਚ ਭਾਜਪਾ ਆਗੂ ਮਹਿੰਦਰ ਨਾਗਰ, ਉਸ ਦੇ ਪਰਵਾਰ ਦੀਆਂ ਤਿੰਨ ਮਹਿਲਾਵਾਂ ਤੇ 14 ਹੋਰਨਾਂ ਨੂੰ ਮੁਲਜ਼ਮ ਬਣਾਇਆ ਗਿਆ ਹੈ। ਪੁਲਸ ਰਿਪੋਰਟ ਮੁਤਾਬਕ ਨਾਗਰ ਤੇ ਉਸ ਦੇ ਸਾਥੀਆਂ ਨੇ ਧਾਕੜ ਨੂੰ ਘੇਰ ਕੇ ਡਾਂਗਾਂ ਤੇ ਰਾਡਾਂ ਨਾਲ ਕੁੱਟਿਆ ਤੇ ਫਿਰ ਥਾਰ ਚੜ੍ਹਾ ਦਿੱਤੀ। ਧਾਕੜ ਦੇ ਪਰਵਾਰ ਨੇ ਦੱਸਿਆ ਕਿ ਨਾਗਰ ਇਲਾਕੇ ਦੇ ਨਿੱਕੇ ਕਿਸਾਨਾਂ ਨੂੰ ਧਮਕਾਉਂਦਾ ਸੀ ਕਿ ਉਹ ਆਪਣੀ ਜ਼ਮੀਨ ਉਸ ਨੂੰ ਘੱਟ ਭਾਅ 'ਤੇ ਵੇਚ ਦੇਣ। ਉਨ੍ਹਾਂ ਵੱਲੋਂ ਨਾਂਹ ਕਰਨ 'ਤੇ ਉਸ ਨੇ ਮਾਰੂ ਹਮਲਾ ਕੀਤਾ। ਕੁੜੀਆਂ ਨੇ ਦੱਸਿਆ ਕਿ ਜਦੋਂ ਉਹ ਮਾਪਿਆਂ ਦੀਆਂ ਚੀਕਾਂ ਸੁਣ ਕੇ ਮਦਦ ਲਈ ਪੁੱਜੀਆਂ ਤਾਂ ਉਨ੍ਹਾਂ ਨੂੰ ਵੀ ਕੁੱਟਿਆ ਤੇ ਬੇਇੱਜ਼ਤ ਕੀਤਾ ਗਿਆ। ਇੱਕ ਧੀ ਨੇ ਪੱਤਰਕਾਰਾਂ ਨੂੰ ਦੱਸਿਆ, 'ਉਹ ਮੇਰੇ 'ਤੇ ਬੈਠ ਗਏ, ਮੇਰੇ ਕੱਪੜੇ ਪਾੜ ਦਿੱਤੇ। ਮੇਰੇ 'ਤੇ ਗੋਲੀ ਵੀ ਚਲਾਈ। ਮੇਰੀ ਮਾਂ ਨੇ ਜਦੋਂ ਪਿਤਾ ਨੂੰ ਬਚਾਉਣ ਕੋਸ਼ਿਸ਼ ਕੀਤੀ ਤਾਂ ਉਸ ਵੇਲੇ ਉਨ੍ਹਾਂ ਪਿਤਾ 'ਤੇ ਥਾਰ ਚੜ੍ਹਾ ਦਿੱਤੀ।'

ਧਾਕੜ ਦੇ ਭਰਾ ਰਾਮ ਕੁਮਾਰ ਨੇ ਦੱਸਿਆ ਕਿ ਹਮਲਾਵਰ ਕਰੀਬ ਇੱਕ ਘੰਟਾ ਹਮਲਾ ਕਰਦੇ ਰਹੇ। ਉਨ੍ਹਾਂ ਦੋਹਾਂ ਕੁੜੀਆਂ ਦੇ ਕੱਪੜੇ ਪਾੜ ਦਿੱਤੇ। ਗੋਲੀਆਂ ਚਲਾਉਣ ਕਰਕੇ ਉਹ ਡਰ ਗਏ। ਹਮਲਾਵਰਾਂ ਨੇ ਰਾਮ ਸਵਰੂਪ ਨੂੰ ਹਸਪਤਾਲ ਨਹੀਂ ਲਿਜਾਣ ਦਿੱਤਾ। ਉਹ ਕਰੀਬ ਇੱਕ ਘੰਟਾ ਉਸ ਦੇ ਕੋਲ ਬੰਦੂਕਾਂ ਲੈ ਕੇ ਖੜ੍ਹੇ ਰਹੇ। ਜਦੋਂ ਉਸ ਨੂੰ ਹਸਪਤਾਲ ਲਿਜਾਇਆ ਗਿਆ ਤਾਂ ਉਹ ਜ਼ਖਮਾਂ ਦੀ

• ਬਾਕੀ ਸਫਾ 2 'ਤੇ

## ਗਰਮੀ 'ਚ ਹੀਟਰ ਤੇ ਸਰਦੀ 'ਚ ਏ ਸੀ ਚਲਾ ਕੇ ਦਿੱਤੇ ਤਸੀਹੇ



**ਅੰਬਾਲਾ** : ਹਰਿਆਣਾ ਦੇ 54 ਨੌਜਵਾਨਾਂ ਨੂੰ ਅਮਰੀਕਾ ਦੀ ਇਮੀਗ੍ਰੇਸ਼ਨ ਐਂਡ ਕਸਟਮ ਇਨਫੋਰਸਮੈਂਟ ਏਜੰਸੀ ਨੇ ਡਿਪੋਰਟ ਕੀਤਾ ਹੈ। ਇਹ ਸਾਰੇ ਨੌਜਵਾਨ ਗੈਰਕਾਨੂੰਨੀ ਤਰੀਕੇ ਨਾਲ ਅਮਰੀਕਾ 'ਚ ਦਾਖਲ ਹੋਏ ਸਨ ਅਤੇ ਇਨ੍ਹਾਂ ਨੂੰ ਕਈ ਮਹੀਨੇ ਤੱਕ ਉਥੋਂ ਦੇ ਡਿਟੈਨਸ਼ਨ ਸੈਂਟਰਾਂ ਵਿਚ ਰੱਖਿਆ ਗਿਆ। ਇਨ੍ਹਾਂ ਨੌਜਵਾਨਾਂ ਨੇ ਵਤਨ ਵਾਪਸੀ 'ਤੇ ਦੱਸਿਆ ਕਿ ਅਮਰੀਕਾ ਵਿਚ ਉਨ੍ਹਾਂ ਉੱਤੇ ਤਸ਼ੱਦਦ ਤੇ ਅੱਤਿਆਚਾਰ ਕੀਤਾ ਗਿਆ। ਗਰਮੀ ਸਮੇਂ ਹੀਟਰ ਤੇ ਸਰਦੀ ਵਿੱਚ ਏ ਸੀ ਚਲਾ ਕੇ ਉਨ੍ਹਾਂ ਨੂੰ ਟਾਰਚਰ ਕੀਤਾ ਜਾਂਦਾ ਸੀ। ਖਾਣ-ਪੀਣ ਦੀ ਘਾਟ ਤੇ ਬੇਹੱਦ ਸਖਤ ਸੁਰੱਖਿਆ ਨਿਯਮਾਂ ਨੇ ਉਨ੍ਹਾਂ ਦੀ ਹਾਲਤ ਖਰਾਬ ਕਰ ਦਿੱਤੀ। ਇਨ੍ਹਾਂ ਡਿਪੋਰਟ ਹੋਏ ਨੌਜਵਾਨਾਂ ਵਿੱਚ ਸਭ ਤੋਂ ਵੱਧ ਕਰਨਾਲ ਦੇ 16, ਕੈਥਲ ਦੇ 14, ਅੰਬਾਲਾ ਤੇ ਕੁਰੂਕਸ਼ੇਤਰ ਦੇ 5-5, ਜੀਂਦ ਦੇ 4, ਫਤਿਹਾਬਾਦ ਦੇ 3 ਜਦਕਿ ਰੋਹਤਕ, ਹਿਸਾਰ ਅਤੇ ਪਲਵਲ ਦੇ ਕੁਝ ਨੌਜਵਾਨ ਸ਼ਾਮਲ ਹਨ। ਨੌਜਵਾਨਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਮੈਕਸੀਕੋ ਰਾਹੀਂ ਅਮਰੀਕਾ ਵਿਚ ਦਾਖਲ ਹੋਣ ਦੀ ਕੋਸ਼ਿਸ਼ ਕੀਤੀ ਸੀ। ਉਨ੍ਹਾਂ ਕਿਹਾ, "ਡਿਟੈਨਸ਼ਨ ਸੈਂਟਰਾਂ ਵਿੱਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੋਈ। 14 ਮਹੀਨੇ ਤੱਕ ਅਸੀਂ ਬਿਨਾਂ ਕਿਸੇ ਗੁਨਾਹ ਦੇ ਬੰਦ ਰਹੇ।"

ਹਰਿਆਣਾ ਦੇ ਕਿਰਤ ਮੰਤਰੀ ਅਨਿਲ ਵਿੱਜ ਨੇ ਨੌਜਵਾਨਾਂ ਨੂੰ ਬੇੜੀਆਂ ਪਾ ਕੇ ਡਿਪੋਰਟ ਕਰਨ ਦੇ ਮਾਮਲੇ 'ਤੇ ਤਿੱਖੀ ਪ੍ਰਤੀਕ੍ਰਿਆ ਦਿੱਤੀ ਹੈ। ਉਨ੍ਹਾ ਕਿਹਾ ਕਿ ਜੋ ਨੌਜਵਾਨ ਡੰਕੀ ਰੂਟ ਰਾਹੀਂ ਜਾਂਦੇ ਹਨ, ਉਹ ਗੈਰਕਾਨੂੰਨੀ ਤਰੀਕੇ ਨਾਲ ਜਾਂਦੇ ਹਨ, ਪਰ ਉਨ੍ਹਾਂ ਨੂੰ ਵਾਪਸ ਭੇਜਣ ਦੌਰਾਨ ਮਨੁੱਖਤਾ ਦਾ ਧਿਆਨ ਰੱਖਣਾ ਚਾਹੀਦਾ ਹੈ। ਉਹ ਵੀ ਇਨਸਾਨ ਹਨ, ਉਨ੍ਹਾਂ ਦੇ ਵੀ ਮਨੁੱਖੀ ਅਧਿਕਾਰ ਹਨ।

## ਕੰਗਨਾ ਰਣੌਤ ਨੂੰ ਜ਼ਮਾਨਤ ਮਿਲੀ



**ਬਠਿੰਡਾ** : ਬਾਲੀਵੁੱਡ ਅਦਾਕਾਰਾ ਤੇ ਹਿਮਾਚਲ ਪ੍ਰਦੇਸ਼ ਦੇ ਮੰਡੀ ਤੋਂ ਭਾਜਪਾ ਦੀ ਸੰਸਦ ਮੈਂਬਰ ਕੰਗਨਾ ਰਣੌਤ ਨੂੰ ਸੋਮਵਾਰ ਜੁਡੀਸ਼ੀਅਲ ਮੈਜਿਸਟਰੇਟ ਫਸਟ ਕਲਾਸ ਬਠਿੰਡਾ ਦੀ ਅਦਾਲਤ ਨੇ ਮਾਣਹਾਨੀ ਦੇ ਕੇਸ ਵਿੱਚ ਜ਼ਮਾਨਤ ਦੇ ਦਿੱਤੀ। 2020-21 ਦੇ ਕਿਸਾਨ ਅੰਦੋਲਨ ਦੇ ਪ੍ਰਦਰਸ਼ਨਾਂ ਦੌਰਾਨ ਕਥਿਤ ਤੌਰ 'ਤੇ ਕੀਤੀ ਗਈ ਇੱਕ ਅਪਮਾਨਜਨਕ ਟਿੱਪਣੀ ਦੇ ਸੰਬੰਧ ਵਿੱਚ ਕੰਗਨਾ ਵਿਰੁੱਧ ਕੇਸ ਦਰਜ ਕੀਤਾ ਗਿਆ ਸੀ।

ਦੁਪਹਿਰ ਨੂੰ ਅਦਾਲਤ ਵਿੱਚ ਪੇਸ਼ ਹੋਣ ਤੋਂ ਬਾਅਦ ਕੰਗਨਾ ਨੇ ਮੀਡੀਆ ਨੂੰ ਦੱਸਿਆ, "ਇਹ ਸਿਰਫ ਇੱਕ ਗਲਤਫਹਿਮੀ ਹੈ। ਮੈਂ ਸਿਰਫ ਇੱਕ ਮੀਮ ਨੂੰ ਰੀਟਵੀਟ ਕੀਤਾ ਸੀ ਅਤੇ ਮੇਰਾ ਕਿਸੇ ਨੂੰ ਵੀ ਖਾਸ ਤੌਰ 'ਤੇ ਦੁਖੀ ਕਰਨ ਦਾ ਕੋਈ ਇਰਾਦਾ ਨਹੀਂ ਸੀ। ਮੈਂ ਪਹਿਲਾਂ ਹੀ ਮਹਿੰਦਰ ਕੌਰ ਜੀ ਦੇ ਪਤੀ ਨਾਲ ਗੱਲ ਕਰ ਲਈ ਹੈ ਅਤੇ ਉਨ੍ਹਾ ਤੋਂ ਮੁਆਫੀ ਮੰਗ ਲਈ ਹੈ। ਕਿਸਾਨ ਅੰਦੋਲਨ ਦੌਰਾਨ ਕਈ ਮੀਮ ਘੁੰਮ ਰਹੇ ਸਨ ਅਤੇ ਉਨ੍ਹਾਂ ਵਿੱਚੋਂ ਇੱਕ ਮੇਰੇ ਵੱਲੋਂ ਅਣਜਾਣੇ ਵਿੱਚ ਰੀਟਵੀਟ ਹੋ ਗਿਆ ਸੀ।"

ਸ਼ਿਕਾਇਤਕਰਤਾ ਮਹਿੰਦਰ ਕੌਰ ਦੇ ਵਕੀਲ ਐਡਵੋਕੇਟ ਰਘਬੀਰ

• ਬਾਕੀ ਸਫਾ 2 'ਤੇ

## ਦੇਸ਼-ਵਿਆਪੀ ਐੱਸ ਆਈ ਆਰ ਦੀ ਸ਼ੁਰੂਆਤ

**ਨਵੀਂ ਦਿੱਲੀ** : ਚੋਣ ਕਮਿਸ਼ਨ ਨੇ ਦੇਸ਼ ਭਰ ਵਿੱਚ ਵੋਟਰ ਸੂਚੀਆਂ ਦੀ ਵਿਸ਼ੇਸ਼ ਮੁੜ ਸੁਧਾਈ (ਐੱਸ ਆਈ ਆਰ) ਦਾ ਐਲਾਨ ਕਰਦਿਆਂ ਕਿਹਾ ਕਿ ਪਹਿਲਾਂ 12 ਸੂਬਿਆਂ ਤੇ ਯੂਟੀਜ਼ ਵਿੱਚ ਸੁਧਾਈ ਹੋਵੇਗੀ। ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਨੇ ਦੱਸਿਆ ਕਿ ਇਨ੍ਹਾਂ ਸੂਬਿਆਂ ਦੀਆਂ ਵੋਟਰ ਸੂਚੀਆਂ ਸੋਮਵਾਰ ਰਾਤ ਤੋਂ ਹੀ ਫਰੀਜ਼ ਕਰ ਦਿੱਤੀਆਂ ਜਾਣਗੀਆਂ। ਉਨ੍ਹਾ ਕਿਹਾ ਕਿ ਐੱਸ ਆਈ ਆਰ ਦਾ ਪਹਿਲਾ ਪੜਾਅ ਬਿਹਾਰ ਵਿੱਚ ਸਫਲ ਰਿਹਾ ਹੈ, ਜਿਸ ਕਰ ਕੇ ਇਸ ਦਾ ਦੂਜਾ ਪੜਾਅ ਲਾਗੂ ਕੀਤਾ ਜਾ ਰਿਹਾ ਹੈ। ਇਸ ਵਿੱਚ ਵੋਟਰ ਸੂਚੀਆਂ ਦੀ ਸੁਧਾਈ, ਨਵੇਂ ਵੋਟਰਾਂ ਦੇ ਨਾਂਅ ਐਡ ਕਰਨ ਤੇ ਤਰੁੱਟੀਆਂ ਨੂੰ ਦੂਰ ਕਰਨ ਦਾ ਕੰਮ ਕੀਤਾ ਜਾਵੇਗਾ। ਇਹ ਵੀ ਦੱਸਣਾ ਬਣਦਾ ਹੈ ਕਿ ਅਗਲੇ ਸਾਲ ਅਸਾਮ, ਤਾਮਿਲਨਾਡੂ,

• ਬਾਕੀ ਸਫਾ 2 'ਤੇ

## ਰਾਸ਼ਟਰਪਤੀ ਨੂੰ ਸੱਦਾ ਪੱਤਰ



**ਨਵੀਂ ਦਿੱਲੀ** : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸੋਮਵਾਰ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੂੰ ਪਵਿੱਤਰ ਨਗਰ ਸ੍ਰੀ ਅਨੰਦਪੁਰ ਸਾਹਿਬ ਵਿਖੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਵਸ ਸਮਾਗਮਾਂ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ।ਉਨ੍ਹਾ ਕਿਹਾ ਕਿ ਇਨ੍ਹਾਂ ਪਵਿੱਤਰ ਸਮਾਗਮਾਂ ਦਾ ਵਿਸਥਾਰਤ ਰਸਮੀ ਪ੍ਰੋਗਰਾਮ ਰਾਸ਼ਟਰਪਤੀ ਨਾਲ ਸਾਂਝਾ ਕਰਕੇ ਉਨ੍ਹਾਂ ਨੂੰ ਆਪਣੀ ਸਹੂਲਤ ਅਨੁਸਾਰ ਇਨ੍ਹਾਂ ਸਮਾਗਮਾਂ ਵਿੱਚ ਸ਼ਾਮਲ ਹੋਣ ਦੀ ਬੇਨਤੀ ਕੀਤੀ ਗਈ ਹੈ।

## ਬ੍ਰਿਟੇਨ 'ਚ ਪੰਜਾਬਣ ਨਾਲ ਜਬਰ-ਜ਼ਨਾਹ

**ਲੰਡਨ** : ਬਰਤਾਨਵੀ ਪੁਲਸ ਨੇ ਉੱਤਰੀ ਇੰਗਲੈਂਡ ਵਿਚ 20 ਸਾਲਾ ਪੰਜਾਬੀ ਮਹਿਲਾ ਨਾਲ ਉਸ ਦੀ 'ਨਸਲ' ਕਰਕੇ ਜਬਰ-ਜ਼ਨਾਹ ਕਰਨ ਵਾਲੇ 32 ਸਾਲਾ ਵਿਅਕਤੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ।

ਵੈਸਟ ਮਿਡਲੈਂਡਜ਼ ਪੁਲਸ ਮੁਤਾਬਕ ਉਸ ਨੂੰ ਸ਼ਨਿੱਚਰਵਾਰ ਸ਼ਾਮ ਨੂੰ ਵਾਲਸਾਲ ਦੇ ਪਾਰਕ ਹਾਲ ਇਲਾਕੇ ਵਿੱਚ ਸੜਕ 'ਤੇ ਇਕ ਮਹਿਲਾ ਦੇ ਸੰਕਟ 'ਚ ਹੋਣ ਬਾਰੇ ਜਾਣਕਾਰੀ ਮਿਲੀ ਸੀ।

ਪੁਲਸ ਨੇ ਮਸ਼ਕੂਕ ਦੀ ਸੀ ਸੀ ਟੀ ਵੀ ਫੁਟੇਜ ਜਾਰੀ ਕਰਦੇ ਹੋਏ ਦੱਸਿਆ ਕਿ ਇਸ ਨੂੰ 'ਨਸਲੀ ਅਪਰਾਧ' ਮੰਨਿਆ ਜਾ ਰਿਹਾ ਹੈ।

## ਪਹਿਲੀ ਨੂੰ 'ਗ਼ਦਰ ਲਹਿਰ ਦੀ ਵਿਰਾਸਤ ਨੂੰ ਚੁਣੌਤੀਆਂ' ਵਿਸ਼ੇ 'ਤੇ ਵਿਚਾਰ-ਚਰਚਾ



**ਜਲੰਧਰ (ਕੇਸਰ)**-ਗ਼ਦਰੀ ਬਾਬਿਆਂ ਦੇ ਤਿੰਨ ਰੋਜ਼ਾ ਮੇਲੇ ਦੇ ਸਿਖ਼ਰਲੇ ਦਿਨ ਪਹਿਲੀ ਨਵੰਬਰ ਬਾਅਦ ਦੁਪਹਿਰ ਗ਼ਦਰੀ ਬਾਬਾ ਜਵਾਲਾ ਸਿੰਘ ਹਾਲ 'ਚ 'ਗ਼ਦਰ ਲਹਿਰ ਦੀ ਵਿਰਾਸਤ ਨੂੰ ਚੁਣੌਤੀਆਂ' ਵਿਸ਼ੇ ਉਪਰ ਗੰਭੀਰ ਵਿਚਾਰ-ਚਰਚਾ ਹੋਵੇਗੀ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ ਇਸ ਵਿਚਾਰ-ਚਰਚਾ 'ਚ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਹਰਦੇਵ ਸਿੰਘ ਅਰਸ਼ੀ,

• ਬਾਕੀ ਸਫਾ 2 'ਤੇ



## ਰੰਗਦਾਰ ਵਿਸ਼ੇਸ਼ ਸਪਲੀਮੈਂਟ



ਸਤੀਸ਼ ਭੀਰੀ
ਜੈਤੋ
94176-12036



ਦਰਸ਼ਨ ਜਿੰਦਲ
ਰਾਮਪੁਰਾ ਫੂਲ
94172-27460



ਜਸਵੀਰ ਕਾਜਲ
ਅੱਡਾ ਸਰਾਂ
99151-17589



ਨਿਰਮਲ ਸਿੰਘ ਮੁੱਗੋਵਾਲ
ਜੇਜੋਂ (ਹੁਸ਼ਿਆਰਪੁਰ)
82888-45926

**ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ** ਮੌਕੇ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਤ ਕੀਤੇ ਜਾ ਰਹੇ ਹਨ। ਇਸ ਸੰਬੰਧੀ ਇਸ਼ਤਿਹਾਰ ਦੇਣ ਲਈ ਸਾਡੇ ਇਨ੍ਹਾਂ ਪੱਤਰਕਾਰਾਂ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

-ਜਨਰਲ ਮੈਨੇਜਰ


## ਪੀ ਆਰ ਟੀ ਸੀ ਤੇ ਵਰਕਰਾਂ ਦਾ ਭਵਿੱਖ ਬਚਾਉਣ ਲਈ 11 ਨੂੰ ਵਿਸ਼ਾਲ ਧਰਨਾ ਤੇ ਰੈਲੀ

**ਪਟਿਆਲਾ** : ਸੋਮਵਾਰ ਪੀ ਆਰ ਟੀ ਸੀ ਵਿੱਚ ਕੰਮ ਕਰਦੀਆਂ ਛੇ ਜਥੇਬੰਦੀਆਂ ਸਬੰਧਤ ਏਟਕ, ਇੰਟਕ, ਐੱਸ ਸੀ ਬੀ ਸੀ, ਕੰਟਰੈਕਟ ਵਰਕਰਜ਼ ਯੂਨੀਅਨ (ਅਜ਼ਾਦ), ਸੀਟੂ ਅਤੇ ਰਿਟਾਇਰਡ ਵਰਕਰਜ਼ ਭਾਈਚਾਰਾ ਯੂਨੀਅਨ ਏਟਕ ਵਲੋਂ ਗਠਿਤ ਕੀਤੀ ਪੀ ਆਰ ਟੀ ਸੀ ਵਰਕਰਜ਼ ਐਕਸ਼ਨ ਕਮੇਟੀ ਦੀ ਪੀ ਆਰ ਟੀ ਸੀ ਦੇ ਅਦਾਰੇ ਅਤੇ ਇਸ ਵਿੱਚ ਕੰਮ ਕਰਦੇ ਵਰਕਰਾਂ ਦੀਆਂ ਮੰਗਾਂ, ਮੁਸ਼ਕਲਾਂ ਅਤੇ ਮਸਲਿਆਂ ਦੀ ਅਣਦੇਖੀ ਕੀਤੇ ਜਾਣ ਦਾ ਗੰਭੀਰ ਨੋਟਿਸ ਲੈਂਦਿਆ ਨਿਰਮਲ ਸਿੰਘ ਧਾਲੀਵਾਲ ਕਨਵੀਨਰ ਦੀ ਕਨਵੀਨਰਸ਼ਿਪ ਹੇਠ ਨੁਮਾਇੰਦਾ ਮੀਟਿੰਗ ਕੀਤੀ ਗਈ, ਜਿਸ ਵਿੱਚ ਮੈਂਬਰਾਂ ਬਲਦੇਵ ਰਾਜ ਬੱਤਾ, ਰਾਕੇਸ਼ ਕੁਮਾਰ ਦਾਤਾਰਪੁਰੀ, ਮਨਜਿੰਦਰ ਕੁਮਾਰ, ਤਰਸੇਮ ਸਿੰਘ ਅਤੇ ਉਤਮ ਸਿੰਘ ਬਾਗੜੀ ਹਾਜ਼ਰ ਸਨ।

ਮੀਟਿੰਗ ਵਿੱਚ ਸਮੁੱਚੇ ਮੁੱਦਿਆਂ 'ਤੇ ਵਿਸਥਾਰ ਵਿੱਚ ਚਰਚਾ ਕੀਤੀ ਗਈ ਕਿ ਪੰਜਾਬ ਸਰਕਾਰ ਅਤੇ ਪੀ ਆਰ ਟੀ ਸੀ ਦੇ ਪ੍ਰਬੰਧਕਾਂ ਨੇ ਵਰਕਰਾਂ ਦੀਆਂ ਹੱਕੀ ਅਤੇ ਜਾਇਜ਼ ਮੰਗਾਂ ਅਤੇ ਪੀ ਆਰ ਟੀ ਸੀ ਦੀ ਹੋਂਦ ਨਾਲ ਜੁੜੇ ਮਸਲਿਆਂ ਨੂੰ ਏਨਾ ਉਲਝਾ ਦਿੱਤਾ ਹੈ ਅਤੇ ਇਸ ਕਦਰ ਅਣਦੇਖੀ ਕੀਤੀ ਜਾ ਰਹੀ ਹੈ ਕਿ ਜੇਕਰ ਐਕਸ਼ਨ ਕਮੇਟੀ ਵੱਲੋਂ ਪੀ ਆਰ ਟੀ ਸੀ ਦੇ ਸਮੁੱਚੇ ਵਰਕਰਾਂ ਨੂੰ ਜਾਗਰੂਕ ਕਰਕੇ ਆਵਾਜ਼ ਚੁੱਕਣ ਲਈ ਸੰਘਰਸ਼ ਨਾ ਕੀਤਾ ਗਿਆ ਤਾਂ ਵਰਕਰਾਂ ਅਤੇ ਪੀ ਆਰ ਟੀ ਸੀ ਦੇ ਭਵਿੱਖ ਲਈ ਗੰਭੀਰ ਵਿੱਤੀ ਅਤੇ ਹੋਂਦ ਦਾ ਸੰਕਟ ਖੜ੍ਹਾ ਹੋ ਸਕਦਾ।

ਐਕਸ਼ਨ

• ਬਾਕੀ ਸਫਾ 2 'ਤੇ

## ਅੱਜ-ਨਾਮਾ

ਜਿਹੜੇ ਹਮਲੇ ਦਾ ਪੈਂਦਾ ਸੀ ਬਹੁਤ ਰੌਲਾ,
ਹਮਲਾ ਲੱਗਾ ਇਹ ਹੋਣ ਆ ਸ਼ੁਰੂ ਮੀਆਂ।
ਚੋਣ ਕਮਿਸ਼ਨ ਨੇ ਅੱਜ ਇਹ ਆਖ ਦਿੱਤਾ,
ਵੋਟਰ ਗੀਵੀਊ ਅਗਾਂਹਾਂ ਵੱਲ ਤੁਰੂ ਮੀਆਂ।
ਅਗਵਾਨੂੰ ਬਣਨਗੇ ਚੇਲੇ ਕਈ ਚਾਟੜੇ ਵੀ,
ਹੁਕਮ ਪੁਚਾਉਣਗੇ ਦਿੱਲੀ ਦੇ ਗੁਰੂ ਮੀਆਂ।
ਸਮਝ ਲਓ ਏਥੇ ਵੀ ਬਾਤ ਨਾ ਰੁਕ ਜਾਣੀ,
ਅਗਲਾ ਫੁਰਨਾ ਕੁਝ ਹੋਰ ਵੀ ਫੁਰੂ ਮੀਆਂ।
ਰਿੜ੍ਹ ਗਈ ਦਿੱਸੀ ਪਹਾੜਾਂ ਤੋਂ ਇੰਜ ਗੱਡੀ,
ਕਿਧਰੇ ਲੱਗਦੀ ਨਹੀਂ ਦਿੱਸੇ ਬਰੇਕ ਮੀਆਂ।
ਚੋਣ ਕਮਿਸ਼ਨ ਨਾ ਬਾਤ ਸਰਕਾਰ ਸੁਣਦੀ,
ਰਹਿ ਗਈ ਸਿਰਫ ਅਦਾਲਤੀ ਟੇਕ ਮੀਆਂ।

-ਤੀਸ ਮਾਰ ਖਾਂ

## ਆਰ ਐੱਸ ਐੱਸ-ਭਾਜਪਾ ਦੀ ਫਾਸ਼ੀ ਸਰਕਾਰ ਨੂੰ ਗੱਦੀਓਂ ਲਾਹੁਣਾ ਮੁੱਖ ਚੁਣੌਤੀ : ਅਮਰਜੀਤ ਕੌਰ

**ਲੁਧਿਆਣਾ (ਐੱਮ ਐੱਸ ਭਾਟੀਆ)**-ਭਾਰਤੀ ਕਮਿਊਨਿਸਟ ਪਾਰਟੀ ਦੇ 100 ਸਾਲਾ ਸਮਾਗਮਾਂ ਦੇ ਸੰਦਰਭ ਵਿੱਚ ਕੇਰਲਾ ਦੇ ਕੋਜ਼ੀਕੋਡ ਵਿੱਚ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਭਾਰਤੀ ਕਮਿਊਨਿਸਟ ਪਾਰਟੀ ਦੇ ਕੌਮੀ ਸਕੱਤਰੇਤ ਦੇ ਮੈਂਬਰ ਅਮਰਜੀਤ ਕੌਰ ਨੇ ਕਿਹਾ ਕਿ ਅੱਜ ਦੇਸ਼ ਬੜੇ ਗੰਭੀਰ ਦੌਰ ਵਿੱਚੋਂ ਲੰਘ ਰਿਹਾ ਹੈ ਤੇ ਦੇਸ਼ ਵਿੱਚ ਸਦਭਾਵਨਾ ਤੇ ਸੰਵਿਧਾਨ ਅਤੇ ਮਿਹਨਤਕਸ਼ ਲੋਕਾਂ ਦੇ ਹੱਕਾਂ ਦੀ ਰਾਖੀ ਲਈ ਆਰ ਐੱਸ ਐੱਸ-ਭਾਜਪਾ ਦੀ ਸਰਕਾਰ ਨੂੰ ਗੱਦੀਓਂ ਲਾਹ ਕੇ ਪਰੇ ਸੁੱਟਣਾ ਅੱਜ ਪ੍ਰਮੁੱਖ ਚੁਣੌਤੀ ਬਣ ਗਈ ਹੈ। ਆਰ ਐੱਸ ਐੱਸ ਨੇ ਆਜ਼ਾਦੀ ਦੇ ਸੰਘਰਸ਼ ਦੌਰਾਨ ਅੰਗਰੇਜ਼ਾਂ ਦਾ ਸਾਥ ਦਿੱਤਾ ਤੇ ਉਨ੍ਹਾਂ ਦੀ ਮੁਖ਼ਬਰੀ ਕਰਕੇ ਇਨਕਲਾਬੀਆਂ ਨੂੰ ਸਜ਼ਾਵਾਂ ਦਿਵਾਈਆਂ। ਭਗਤ ਸਿੰਘ ਤੇ ਉਨ੍ਹਾ ਦੇ ਸਾਥੀਆਂ ਦਾ ਮਜ਼ਾਕ ਉਡਾਇਆ। ਆਜ਼ਾਦੀ ਉਪਰੰਤ ਜਿੱਥੇ ਕਿ ਸਾਰਾ ਦੇਸ਼ ਧਰਮ ਨਿਰਪੱਖ ਤੇ ਜਮਹੂਰੀ ਢਾਂਚੇ ਦੀ ਮੰਗ ਕਰ ਰਿਹਾ ਸੀ, ਆਰ ਐੱਸ ਐੱਸ ਵੱਲੋਂ ਹਿੰਦੂ ਰਾਸ਼ਟਰ ਦੀ ਮੰਗ ਨੂੰ ਦੁਹਰਾਇਆ ਗਿਆ, ਜਿਸ ਨੂੰ ਕਿ ਇਸ ਦੇਸ਼ ਦੇ ਲੋਕਾਂ ਨੇ ਉਸ ਵੇਲੇ ਪੂਰੀ ਤਰ੍ਹਾਂ ਨਕਾਰ ਦਿੱਤਾ। ਦੂਜੇ ਪਾਸੇ ਕਮਿਊਨਿਸਟ ਪਾਰਟੀ ਦੇ ਸਾਥੀਆਂ ਨੇ ਨਾ ਕੇਵਲ ਆਜ਼ਾਦੀ ਦੇ ਸੰਘਰਸ਼ ਵਿੱਚ ਅਥਾਹ ਕੁਰਬਾਨੀਆਂ ਦਿੱਤੀਆਂ, ਬਲਕਿ ਆਜ਼ਾਦੀ ਉਪਰੰਤ ਇੱਕ ਧਰਮ ਨਿਰਪੱਖ ਤੇ ਲੋਕਤੰਤਰਿਕ ਸਮਾਜ ਦੀ ਸਿਰਜਨਾ ਲਈ ਦਿਸ਼ਾ ਵੀ ਦਿਖਾਈ। ਆਜ਼ਾਦੀ ਉਪਰੰਤ ਮਿਹਨਤਕਸ਼ ਲੋਕਾਂ ਦੇ ਹੱਕਾਂ ਦੀ ਆਵਾਜ਼ ਲਗਾਤਾਰ ਭਾਰਤੀ ਕਮਿਊਨਿਸਟ ਪਾਰਟੀ ਨੇ ਚੁੱਕੀ ਤੇ ਉਹਨਾਂ ਨੂੰ ਵੱਖ-ਵੱਖ ਖੇਤਰਾਂ ਅਤੇ ਅਦਾਰਿਆਂ ਵਿੱਚ ਲਾਮਬੰਦ ਕੀਤਾ। ਜ਼ਹਿਰੀਲੇ ਫ਼ਿਰਕੂ ਨਾਅਰੇ ਦੇ ਕੇ ਅੱਜ ਇਹ ਆਰ ਐੱਸ ਐੱਸ ਤੇ ਭਾਜਪਾ ਵਾਲੇ ਸੱਤਾ ਵਿੱਚ ਆ ਗਏ ਹਨ ਤੇ ਉਹ ਇਸ ਦੇਸ਼ ਦੇ ਲੋਕਾਂ ਵੱਲੋਂ ਕੀਤੇ

• ਬਾਕੀ ਸਫਾ 2 'ਤੇ




# ਦੇਸ਼ ਭਗਤ ਯੂਨੀਵਰਸਿਟੀ ਨੇ ਧੂਮਧਾਮ ਨਾਲ ਮਨਾਇਆ 13ਵਾਂ ਸਥਾਪਨਾ ਦਿਵਸ



**ਮੰਡੀ ਗੋਬਿੰਦਗੜ੍ਹ (ਪ੍ਰਮੋਦ ਭਾਰਦਵਾਜ)**-ਦੇਸ਼ ਭਗਤ ਯੂਨੀਵਰਸਿਟੀ (ਡੀ.ਬੀ.ਯੂ.) ਵੱਲੋਂ ਆਪਣਾ 13ਵਾਂ ਸਥਾਪਨਾ ਦਿਵਸ ਧੂਮ-ਧਾਮ ਨਾਲ ਮਨਾਇਆ ਗਿਆ, ਜਿਸ ਦੌਰਾਨ ਇੱਕ ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਫੈਕਲਟੀ, ਸਟਾਫ਼ ਤੇ ਵਿਦਿਆਰਥੀ ਹਾਜ਼ਰ ਸਨ।ਇਸ ਸਮਾਗਮ ਦੇ ਜਸ਼ਨ ਨਾਲ ਦੇਸ਼ ਭਗਤ ਯੂਨੀਵਰਸਿਟੀ ਨੇ ਸਿੱਖਿਆ ਵਿੱਚ ਵਿਕਾਸ, ਉੱਤਮਤਾ ਤੇ ਵਿਸ਼ਵਵਿਆਪੀ ਪਹੁੰਚ ਦੀ ਵਿਰਾਸਤ ਨੂੰ ਉਜਾਗਰ ਕੀਤਾ।ਇਸ ਸਮਾਗਮ ਦੀ ਮਹੱਤਤਾ ਨੂੰ ਵਧਾਉਂਦੇ ਹੋਏ, ਸੀਨੀਅਰ ਐਡਵੋਕੇਟ ਸ੍ਰ. ਹਰਦੇਵ ਸਿੰਘ ਨੇ ਇਸ ਮੌਕੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ ਤੇ ਆਪਣੇ ਪ੍ਰੇਰਨਾ ਭਰੇ ਸ਼ਬਦਾਂ ਨਾਲ ਵਿਦਿਆਰਥੀਆਂ ਦੀ ਹੌਸਲਾ ਅਫ਼ਜ਼ਾਈ ਕੀਤੀ।

ਇਸ ਮੌਕੇ ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾ. ਜ਼ੋਰਾ ਸਿੰਘ, ਪ੍ਰੋ-ਚਾਂਸਲਰ ਡਾ. ਤਜਿੰਦਰ ਕੌਰ ਨੇ ਡੀ ਬੀ ਯੂ ਦੇ ਭਵਿੱਖ ਲਈ ਆਪਣਾ ਦ੍ਰਿਸ਼ਟੀਕੋਣ ਸਾਂਝਾ ਕੀਤਾ।ਉਨ੍ਹਾਂ ਕਿਹਾ ਕਿ ਸਾਡੀ ਯੂਨੀਵਰਸਿਟੀ ਦੀ ਸਥਾਪਨਾ ਸਮਾਵੇਸ਼ੀ, ਮਿਆਰੀ ਸਿੱਖਿਆ ਪ੍ਰਦਾਨ ਕਰਨ ਲਈ ਕੀਤੀ ਗਈ ਹੈ, ਜੋ ਵਿਅਕਤੀਆਂ ਨੂੰ ਸ਼ਕਤੀ ਪ੍ਰਦਾਨ ਕਰਦੀ ਹੈ ਤੇ ਸਮੁੱਚੇ ਸਮਾਜ ਨੂੰ ਲਾਭ ਪਹੁੰਚਾਉਂਦੀ ਹੈ।ਡੀ ਬੀ ਯੂ ਆਪਣੀ ਵਿਸ਼ਵਵਿਆਪੀ ਮੌਜੂਦਗੀ ਦਾ ਵਿਸਥਾਰ ਕਰਨ, ਨਵੀਨਤਾ ਨੂੰ ਉਤਸ਼ਾਹਤ ਕਰਨ ਤੇ ਵਿਸ਼ਵ ਭਰ ਦੇ ਵਿਦਿਆਰਥੀਆਂ ਲਈ ਮੌਕੇ ਤੇ ਸਿੱਖਣ ਦੇ ਇੱਕ ਕੇਂਦਰ ਵਜੋਂ ਸਥਾਪਤ ਹੋ ਰਹੀ ਹੈ।

ਆਪਣੇ ਸੰਬੋਧਨ ਵਿੱਚ ਪ੍ਰੈਜ਼ੀਡੈਂਟ ਡਾ. ਸੰਦੀਪ ਸਿੰਘ ਨੇ ਉੱਤਮਤਾ ਤੇ ਖੋਜ ਲਈ ਡੀ ਬੀ ਯੂ ਦੀ ਵਚਨਬੱਧਤਾ 'ਤੇ ਜ਼ੋਰ ਦਿੱਤਾ।ਉਨ੍ਹਾਂ ਕਿਹਾ ਕਿ ਜਦੋਂ ਅਸੀਂ ਭਵਿੱਖ ਵੱਲ ਦੇਖਦੇ ਹਾਂ, ਸਾਡਾ ਉਦੇਸ਼ ਡੀ ਬੀ ਯੂ ਨੂੰ ਅਤਿ-ਆਧੁਨਿਕ ਗਿਆਨ ਦੇ ਕੇਂਦਰ ਤੇ ਵਿਸ਼ਵ ਸਿੱਖਿਆ ਵਿੱਚ ਇੱਕ ਆਗੂ ਵਜੋਂ ਅੱਗੇ ਵਧਾਉਣਾ ਹੈ।ਅਸੀਂ ਆਪਣੀਆਂ ਖੋਜ ਪਹਿਲਕਦਮੀਆਂ ਨੂੰ ਅੱਗੇ ਵਧਾਉਣ ਤੇ ਅਕਾਦਮਿਕ ਖੇਤਰ ਵਿੱਚ ਨਵੇਂ ਮਿਆਰ ਸਥਾਪਤ ਕਰਨ ਲਈ ਸਮਰਪਤ ਹਾਂ।

ਸਮਾਗਮ ਦੌਰਾਨ ਵਿਦਿਆਰਥੀਆਂ ਵੱਲੋਂ ਰੰਗਾਰੰਗ ਸੱਭਿਆਚਾਰਕ ਪੇਸ਼ਕਾਰੀਆਂ ਵੀ ਪੇਸ਼ ਕੀਤੀਆਂ ਗਈਆਂ, ਜੋ ਕਿ ਯੂਨੀਵਰਸਿਟੀ ਦੀ ਵਿਭਿੰਨਤਾ ਤੇ ਪ੍ਰਤਿਭਾ ਨੂੰ ਦਰਸਾਉਂਦੀਆਂ ਸਨ।ਵਿਦਿਆਰਥੀਆਂ ਨੇ ਵੱਖ-ਵੱਖ ਭਾਰਤੀ ਰਾਜਾਂ ਤੋਂ ਸੱਭਿਆਚਾਰਕ ਆਈਟਮਾਂ ਪੇਸ਼ ਕੀਤੀਆਂ ਤੇ ਅੰਤਰਰਾਸ਼ਟਰੀ ਵਿਦਿਆਰਥੀਆਂ ਨੇ ਆਪਣੀ ਵਿਲੱਖਣ ਪ੍ਰਤਿਭਾ ਤੇ ਪ੍ਰਾਪਤੀਆਂ ਦਾ ਪ੍ਰਦਰਸ਼ਨ ਕਰਕੇ ਆਪਣੀ ਸ਼ਮੂਲੀਅਤ ਪੇਸ਼ ਕੀਤੀ।ਇਸ ਪ੍ਰੋਗਰਾਮ ਵਿੱਚ ਕੀਨੀਆ ਤੋਂ ਸ੍ਰੀਮਤੀ ਸੁਰਿੰਦਰ ਕੌਰ ਬੇਦੀ, ਸਾਬਕਾ ਵਾਈਸ-ਚਾਂਸਲਰ ਡਾ. ਸ਼ਾਲਿਨੀ ਗੁਪਤਾ ਅਤੇ ਮੀਡੀਆ ਤੇ ਪ੍ਰਦਰਸ਼ਨ ਕਲਾ ਨਿਰਦੇਸ਼ਕ ਡਾ. ਸੁਰਜੀਤ ਕੌਰ ਪਥੇਜਾ, ਸੁਰਿੰਦਰਪਾਲ ਕਪੂਰ ਰਜਿਸਟਰਾਰ, ਡਾ. ਅਮਰਜੀਤ ਸਿੰਘ ਪ੍ਰੋ-ਵੀਸੀ (ਅਕਾਦਮਿਕ) ਤੇ ਡਾ. ਕੁਲਭੂਸ਼ਣ ਦੀ ਮੌਜੂਦਗੀ ਰਹੀ। ਇਸ ਮੌਕੇ ਵਾਈਸ ਚਾਂਸਲਰ ਡਾ: ਹਰਸ਼ ਸਦਾਵਰਤੀ ਨੇ ਵਿਸ਼ੇਸ਼ ਮਹਿਮਾਨਾਂ ਤੇ ਹਾਜ਼ਰੀ ਭਰਨ ਵਾਲੇ ਸਾਰੇ ਸੱਜਣਾਂ ਦਾ ਧੰਨਵਾਦ ਕੀਤਾ।ਉਨ੍ਹਾਂ ਕਿਹਾ ਕਿ ਦੇਸ਼ ਭਗਤ ਯੂਨੀਵਰਸਿਟੀ ਭਵਿੱਖ ਦੀਆਂ ਪ੍ਰਾਪਤੀਆਂ, ਨਵੀਨਤਾ ਤੇ ਪ੍ਰਭਾਵ ਦੀ ਉਮੀਦ ਰੱਖਦੀ ਹੈ, ਕਿਉਂਕਿ ਇਹ ਸਸ਼ਕਤੀਕਰਨ ਤੇ ਸਿੱਖਿਆ ਦੇਣ ਦੇ ਆਪਣੇ ਮਿਸ਼ਨ ਨੂੰ ਜਾਰੀ ਰੱਖਦੀ ਹੈ।

# ਐੱਸ ਸੀ ਕਮਿਸ਼ਨ ਨੇ 7 ਮਹੀਨਿਆਂ 'ਚ 3000 ਫਾਈਲਾਂ ਦਾ ਕੀਤਾ ਨਿਪਟਾਰਾ, ਦੋਰਾਹਾ ਸਮਾਗਮ 'ਚ ਹੋਰ 40 ਮਾਮਲੇ ਸੁਣੇ




**ਦੋਰਾਹਾ (ਹਰਮਿੰਦਰ ਸੇਠ)**-ਭਾਰਤੀ ਸੰਵਿਧਾਨ ਦੇ ਨਿਰਮਾਤਾ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੀ ਵਿਚਾਰਧਾਰਾ ਨੂੰ ਸਮਰਪਤ ਵਿਚਾਰ ਗੋਸ਼ਟੀ ਸਮਾਗਮ ਰਾਮਗੜ੍ਹੀਆ ਭਵਨ ਵਿਖੇ ਆਯੋਜਤ ਕੀਤਾ ਗਿਆ।ਸਮਾਗਮ ਵਿੱਚ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਚੇਅਰਮੈਨ ਜਸਵੀਰ ਸਿੰਘ ਗੜ੍ਹੀ ਨੇ ਸਮਾਗਮ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਦਸਮੇਸ਼ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜੋਤੀ ਜੋਤਿ ਦਿਵਸ ਹੈ, ਜਿਸ ਦੇ ਚੱਲਦੇ ਹਰ ਕੋਈ ਗੁਰੂ ਸਾਹਿਬ ਦੀ ਕੁਰਬਾਨੀ ਨੂੰ ਯਾਦ ਕਰ ਰਿਹਾ ਹੈ।ਮਨੁੱਖਤਾ ਲਈ ਆਪਣਾ ਸਾਰਾ ਪਰਿਵਾਰ ਕੁਰਬਾਨ ਕਰਨ ਵਾਲੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਥਾਪਨਾ ਕੀਤੀ।ਚੇਅਰਮੈਨ ਐਸ.ਸੀ ਕਮਿਸ਼ਨ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਜਦੋਂ ਤੋਂ ਪੰਜਾਬ ਦੀ ਸੇਵਾ ਸੰਭਾਲੀ ਗਈ ਹੈ, ਉਦੋਂ ਤੋਂ ਹੀ ਡਾ. ਭੀਮ ਰਾਓ ਅੰਬੇਡਕਰ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਪੂਰੀ ਲਗਨ ਤੇ ਸੁਹਿਰਦਤਾ ਨਾਲ ਕੰਮ ਕੀਤਾ ਜਾ ਰਿਹਾ ਹੈ।ਭਾਰਤੀ ਸੰਵਿਧਾਨ ਨੂੰ ਦੁਨੀਆ ਦੇ ਸਭ ਤੋਂ ਵਧੀਆ ਸੰਵਿਧਾਨਾਂ 'ਚੋਂ ਇੱਕ ਦੱਸਦੇ ਹੋਏ ਚੇਅਰਮੈਨ ਗੜ੍ਹੀ ਨੇ ਕਿਹਾ ਕਿ ਇਹ ਸਮਾਜ ਦੇ ਹਾਸ਼ੀਏ 'ਤੇ ਧੱਕੇ ਗਏ ਵਰਗਾਂ ਲਈ ਨਿਆਂ ਦੀ ਆਖਰੀ ਉਮੀਦ ਹੈ।ਬਾਬਾ ਸਾਹਿਬ ਅੰਬੇਡਕਰ ਦੀ ਦੂਰਅੰਦੇਸ਼ੀ ਤੇ ਸੂਝਵਾਨ ਅਗਵਾਈ ਲਈ ਧੰਨਵਾਦ ਕਰਦਿਆਂ ਉਨ੍ਹਾਂ ਕਿਹਾ ਕਿ ਸਾਡੇ ਸੰਵਿਧਾਨ ਨੇ ਹਰ ਨਾਗਰਿਕ, ਖਾਸ ਕਰਕੇ ਦੱਬੇ-ਕੁਚਲੇ ਲੋਕਾਂ ਦੇ ਅਧਿਕਾਰਾਂ ਦੀ ਲਗਾਤਾਰ ਰੱਖਿਆ ਦਾ ਉਪਬੰਧ ਕੀਤਾ ਹੈ।ਚੇਅਰਮੈਨ ਜਸਵੀਰ ਸਿੰਘ ਗੜ੍ਹੀ ਨੇ ਹਿੱਤਾਂ ਦੀ ਰਾਖੀ ਦਾ ਕਾਨੂੰਨੀ ਉਪਬੰਧ ਕਰਨ ਕਰਕੇ ਡਾਕਟਰ ਅੰਬੇਡਕਰ ਨੂੰ ਮਸੀਹਾ ਦੱਸਦਿਆਂ ਕਿਹਾ ਕਿ ਸਿੱਖਿਆ ਸਾਰੇ ਭੇਦਭਾਵ ਅਤੇ ਅਸਮਾਨਤਾਵਾਂ ਨੂੰ ਖਤਮ ਕਰਨ ਦੀ ਕੁੰਜੀ ਹੈ ਤੇ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸਰਕਾਰੀ ਸਕੂਲਾਂ ਵਿੱਚ ਪੜ੍ਹ ਰਹੇ ਗਰੀਬ ਪਰਿਵਾਰਾਂ ਦੇ ਬੱਚਿਆਂ ਨੂੰ ਸਿੱਖਿਆ ਕ੍ਰਾਂਤੀ ਰਾਹੀਂ ਬੁਨਿਆਦੀ ਢਾਂਚੇ ਤੇ ਸਿੱਖਿਆ ਦੇ ਪੱਧਰ ਨੂੰ ਨਿੱਜੀ ਸਕੂਲਾਂ ਦੇ ਬਰਾਬਰ ਅਪਗ੍ਰੇਡ ਕਰਕੇ ਮਿਆਰੀ ਸਿੱਖਿਆ ਪ੍ਰਦਾਨ ਕਰਨ ਦੀ ਦਿਸ਼ਾ ਵਿੱਚ ਕੰਮ ਕਰ ਰਹੀ ਹੈ।ਚੇਅਰਮੈਨ ਐਸ.ਸੀ ਕਮਿਸ਼ਨ ਨੇ ਡਾ. ਅੰਬੇਡਕਰ ਨੂੰ ਯਾਦ ਕਰਦੇ ਹੋਏ ਕਿਹਾ ਕਿ ਸਾਨੂੰ ਅਜਿਹੀ ਮਹਾਨ ਤੇ ਦੂਰਦਰਸ਼ੀ ਸ਼ਖਸੀਅਤ ਨੂੰ ਇੱਕ ਵਿਸ਼ੇਸ਼ ਵਰਗ ਤੱਕ ਸੀਮਤ ਨਹੀਂ ਰੱਖਣਾ ਚਾਹੀਦਾ।ਆਪਣੇ ਰਾਸ਼ਟਰ ਲਈ ਉਨ੍ਹਾਂ ਦੇ ਸ਼ਾਨਦਾਰ ਯੋਗਦਾਨ ਨੂੰ ਯਾਦ ਕਰਦੇ ਹੋਏ ਉਨ੍ਹਾਂ ਕਿਹਾ ਕਿ ਡਾ. ਅੰਬੇਡਕਰ ਦੁਆਰਾ ਬਣਾਇਆ ਗਿਆ ਸੰਵਿਧਾਨ ਸਾਰੇ ਵਰਗਾਂ ਨੂੰ ਬਰਾਬਰ ਸੁਰੱਖਿਆ ਪ੍ਰਦਾਨ ਕਰਦਾ ਹੈ।ਉਨ੍ਹਾਂ ਨੌਜਵਾਨਾਂ ਨੂੰ ਇੱਕ ਸਿਹਤਮੰਦ ਸਮਾਜ ਤੇ ਰਾਸ਼ਟਰ ਦੇ ਨਿਰਮਾਣ ਲਈ ਉਨ੍ਹਾਂ ਦੀਆਂ ਸਿੱਖਿਆਵਾਂ ਨੂੰ ਗ੍ਰਹਿਣ ਕਰਨ ਲਈ ਉਨ੍ਹਾਂ ਦੇ ਸਾਹਿਤ ਨੂੰ ਪੜ੍ਹਨ ਲਈ ਪ੍ਰੇਰਤ ਕੀਤਾ।ਸਮਾਗਮ ਦੌਰਾਨ ਚੇਅਰਮੈਨ ਗੜ੍ਹੀ ਵਲੋਂ ਹਰੇਕ ਵਰਗ ਦੇ ਲੋਕਾਂ ਨੂੰ ਸੰਵਿਧਾਨ ਬਾਰੇ ਜਾਗਰੂਕ ਕੀਤਾ ਗਿਆ ਅਤੇ ਸੰਵਿਧਾਨ ਵਿਚ ਦਰਜ ਉਨ੍ਹਾਂ ਦੇ ਹੱਕਾਂ ਤੇ ਫ਼ਰਜ਼ਾਂ ਬਾਰੇ ਜਾਣਕਾਰੀ ਦਿੱਤੀ ਗਈ।

ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਨੇ ਉਚੇਚੇ ਤੌਰ 'ਤੇ ਲੋਕਾਂ ਦੀਆਂ ਵੱਖ-ਵੱਖ ਵਿਭਾਗਾਂ ਵਿਚ ਪੈਂਡਿੰਗ ਪਈਆਂ ਸ਼ਿਕਾਇਤਾਂ ਅਤੇ ਮੁਸ਼ਕਲਾਂ ਵੀ ਸੁਣੀਆਂ।ਉਨ੍ਹਾਂ ਕਿਹਾ ਕਿ ਜਦੋਂ ਉਹਨਾਂ ਨੇ ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਦੇ ਚੇਅਰਮੈਨ ਵਜੋਂ ਚਾਰਜ ਲਿਆ ਤਾਂ ਦੇਖਿਆ ਕਿ 5700 ਫਾਈਲਾਂ ਪੈਂਡਿੰਗ ਪਈਆਂ ਸਨ।ਉਨ੍ਹਾਂ ਕਿਹਾ ਕਿ ਇਸ ਸਾਲ 3000 ਫਾਈਲਾਂ ਉਨ੍ਹਾਂ ਨੂੰ ਹੋਰ ਪ੍ਰਾਪਤ ਹੋਈਆਂ ਹਨ, ਜਿਨ੍ਹਾਂ 'ਚੋਂ ਪਿਛਲੇ 7 ਮਹੀਨਿਆਂ ਦੌਰਾਨ 3000 ਫਾਈਲਾਂ ਦਾ ਨਿਪਟਾਰਾ ਕੀਤਾ ਜਾ ਚੁੱਕਾ ਹੈ।ਸਮਾਗਮ ਦੌਰਾਨ ਉਨ੍ਹਾਂ ਵੱਲੋਂ 35 ਤੋਂ 40 ਫਾਈਲਾਂ ਲਈਆ ਗਈਆਂ ਹਨ।ਇਹ ਮਾਮਲੇ ਨੌਕਰੀਆਂ ਨਾਲ ਸਬੰਧਤ ਵਿਦਿਆਰਥੀਆਂ ਦੇ ਨਾਲ ਸਬੰਧਤ ਕਿਸੇ ਗਰੀਬ ਦੇ ਜੀਵਨਸ਼ੈਲੀ ਨਾਲ ਸਬੰਧਤ ਹੋ ਸਕਦੇ ਹਨ।ਉਨ੍ਹਾਂ ਕਿਹਾ ਕਿ ਜੇਕਰ ਕੋਈ ਕਿਸੇ ਗਰੀਬ ਨੂੰ ਦਬਾਉਂਦਾ ਹੈ ਤਾਂ ਅਸੀਂ ਉਸ ਉੱਤੇ ਕੰਮ ਕਰ ਰਹੇ ਹਾਂ ਤੇ ਕਰਦੇ ਕਰਾਂਗੇ।

# ਮਮਦੋਟ ਬਲਾਕ ਪੱਧਰੀ ਖੇਡਾਂ ਪੂਰੇ ਸ਼ਾਨੋ-ਸ਼ੌਕਤ ਨਾਲ ਸੰਪੰਨ

## ਵਿਧਾਇਕ ਸਰਾਰੀ ਨੇ ਜੇਤੂ ਖਿਡਾਰੀਆਂ ਨੂੰ ਇਨਾਮ ਵੰਡੇ



**ਮਮਦੋਟ (ਜਸਬੀਰ ਸਿੰਘ ਕੰਬੋਜ)**-ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਤੇ ਪੰਜਾਬ ਸਕੂਲ ਸਿੱਖਿਆ ਵਿਭਾਗ ਦੀਆਂ ਹਦਾਇਤਾਂ ਅਨੁਸਾਰ 24 ਅਕਤੂਬਰ ਨੂੰ ਸ਼ੁਰੂ ਹੋਈਆਂ ਬਲਾਕ ਮਮਦੋਟ ਦੇ ਸਮੂਹ ਸਕੂਲਾਂ ਦੀਆਂ ਦੋ ਰੋਜ਼ਾ ਖੇਡਾਂ 25 ਅਕਤੂਬਰ ਨੂੰ ਬਲਾਕ ਮਮਦੋਟ ਦੇ ਸਰਕਾਰੀ ਪ੍ਰਾਇਮਰੀ ਸਕੂਲ ਕੜਮਾ ਵਿਖੇ ਬੜੇ ਉਤਸ਼ਾਹ ਨਾਲ ਸੰਪੰਨ ਹੋਈਆਂ।ਦੋ ਰੋਜ਼ਾ ਖੇਡ ਮੇਲੇ ਦੇ ਪਹਿਲੇ ਦਿਨ ਦੇ ਮੁਕਾਬਲਿਆਂ ਵਿੱਚ ਸਰਕਲ ਸਟਾਈਲ ਕਬੱਡੀ ਵਿੱਚ ਸੈਂਟਰ ਕੜਮਾਂ ਦੀ ਟੀਮ ਜੇਤੂ ਰਹੀ, ਰੱਸਾਕਸੀ ਮੁਕਾਬਲਿਆਂ ਵਿੱਚ ਸੈਂਟਰ ਪੋਜੋ ਕੇ, ਬੈਡਮਿੰਟਨ ਵਿੱਚ ਸੈਂਟਰ ਮਮਦੋਟ, ਸ਼ਤਰੰਜ ਖੇਡ ਦੇ ਮੁੰਡੇ ਤੇ ਕੁੜੀਆਂ ਦੇ ਮੁਕਾਬਲਿਆਂ ਵਿੱਚ ਸੈਂਟਰ ਲੱਖੋ ਕੇ ਬਹਿਰਾਮ, ਖੋ-ਖੋ ਮੁੰਡੇ ਤੇ ਕੁੜੀਆਂ ਦੇ ਮੁਕਾਬਲਿਆਂ ਵਿੱਚ ਸੈਂਟਰ ਮਮਦੋਟ, ਕਬੱਡੀ ਨੈਸ਼ਨਲ ਸਟਾਈਲ ਦੇ ਮੁਕਾਬਲੇ ਵਿੱਚ ਸੈਂਟਰ ਗੁੱਦੜ ਢੰਡੀ ਦੀਆਂ ਟੀਮਾਂ ਜੇਤੂ ਰਹੀਆਂ।

ਇਨਾਮ ਵੰਡ ਸਮਾਰੋਹ ਦੌਰਾਨ ਹਲਕਾ ਗੁਰੂ ਹਰਸਹਾਏ ਦੇ ਵਿਧਾਇਕ ਸ੍ਰ. ਫੌਜਾ ਸਿੰਘ ਸਰਾਰੀ ਤੇ ਉਨ੍ਹਾਂ ਦੇ ਧਰਮਪਤਨੀ ਚਰਨਜੀਤ ਕੌਰ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ।ਬਲਾਕ ਮਮਦੋਟ ਦੇ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਸ੍ਰ. ਜਸਵਿੰਦਰ ਸਿੰਘ ਸਟੇਟ ਐਵਾਰਡੀ ਨੇ ਮੁੱਖ ਮਹਿਮਾਨ ਨੂੰ ਜੀ ਆਇਆਂ ਕਿਹਾ ਤੇ ਹਾਜ਼ਰੀਨ ਨੂੰ ਖੇਡ ਮੇਲੇ ਦੀ ਸਫ਼ਲਤਾਪੂਰਵਕ ਸਮਾਪਤੀ 'ਤੇ ਵਧਾਈ ਦਿੱਤੀ। ਇਸ ਮੌਕੇ ਵਿਧਾਇਕ ਸ੍ਰ. ਫੌਜਾ ਸਿੰਘ ਸਰਾਰੀ ਨੇ ਬੱਚਿਆਂ ਨੂੰ ਆਸ਼ੀਰਵਾਦ ਦਿੱਤਾ ਤੇ ਬੱਚਿਆਂ ਨਾਲ ਗੱਲਬਾਤ ਕਰਦੇ ਬਚਪਨ ਦੀਆਂ ਯਾਦਾਂ ਤਾਜ਼ੀਆਂ ਕੀਤੀਆਂ।

ਇਸ ਮੌਕੇ ਉਨ੍ਹਾਂ ਜੇਤੂ ਬੱਚਿਆਂ ਨੂੰ ਇਨਾਮ ਤਕਸੀਮ ਕੀਤੇ ਤੇ ਖੇਡਾਂ ਵਿੱਚ ਭਾਗ ਲੈਣ ਵਾਲੇ ਸਾਰੇ ਬੱਚਿਆਂ ਤੇ ਉਨ੍ਹਾਂ ਦੇ ਅਧਿਆਪਕ ਸਾਹਿਬਾਨ ਨੂੰ ਵਧਾਈ ਦਿੱਤੀ।ਇਸ ਮੌਕੇ ਰਿਟਾਇਰ ਬਲਾਕ ਸਿੱਖਿਆ ਅਫ਼ਸਰ ਸੁਰਿੰਦਰਪਾਲ ਸਿੰਘ ਤੋਂ ਇਲਾਵਾ ਪਿੰਡ ਕੜਮਾ ਦੇ ਸਰਪੰਚ ਬਚਿੱਤਰ ਸਿੰਘ, ਰਵਿੰਦਰ ਸਿੰਘ ਕਾਲਾ ਨੰਬਰਦਾਰ, ਸੈਂਟਰ ਮੁੱਖ ਅਧਿਆਪਕ ਰਜੀਵ ਧਵਨ, ਸੈਂਟਰ ਮੁੱਖ ਅਧਿਆਪਕ ਗੁਰਦੀਪ ਸਿੰਘ, ਸੈਂਟਰ ਮੁੱਖ ਅਧਿਆਪਕ ਗੁਰਪ੍ਰੀਤ ਸਿੰਘ, ਸੈਂਟਰ ਮੁੱਖ ਅਧਿਆਪਕ ਗੁਰਦੇਵ ਸਿੰਘ, ਸੈਂਟਰ ਮੁੱਖ ਅਧਿਆਪਕ ਸਵਰਨ ਸਿੰਘ, ਸੈਂਟਰ ਮੁੱਖ ਅਧਿਆਪਕਾ ਸੁਮਨ ਰਾਣੀ, ਹੈੱਡ ਟੀਚਰ ਹਰਵਿੰਦਰ ਸਿੰਘ, ਹੈੱਡ ਟੀਚਰ ਗੁਰਬਚਨ ਸਿੰਘ, ਹੈੱਡ ਟੀਚਰ ਗੁਰਚਰਨ ਸਿੰਘ, ਹੈੱਡ ਟੀਚਰ ਜਤਿੰਦਰ ਸਿੰਘ ਆਦਿ ਸਮੇਤ ਸਮੂਹ ਅਧਿਆਪਕ ਬਲਾਕ ਮਮਦੋਟ ਇਸ ਖੇਡ ਮੇਲੇ ਵਿੱਚ ਮੌਜੂਦ ਰਹੇ।ਸਪਸ ਸਕੂਲ ਛਾਂਗਾ ਖੁਰਦ ਤੇ ਸਪਸ ਸਕੂਲ ਸਵਾਈ ਕੇ ਦੀਆਂ ਬੱਚੀਆਂ ਨੇ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ।

# ਗਣਿਤ ਤੇ ਸਾਇੰਸ ਮੇਲੇ ਦੌਰਾਨ ਵਿਦਿਆਰਥੀਆਂ ਮਾਡਲ ਬਣਾਏ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਸਿੱਖਿਆ ਵਿਭਾਗ ਪੰਜਾਬ ਵੱਲੋਂ ਸਰਕਾਰੀ ਸਕੂਲਾਂ 'ਚ ਪੜ੍ਹਦੇ ਵਿਦਿਆਰਥੀਆਂ ਦੀ ਪ੍ਰਤਿਭਾ ਵਿੱਚ ਨਿਖਾਰ ਲਿਆਉਣ ਦੇ ਮਕਸਦ ਨਾਲ ਸ਼ੁਰੂ ਕੀਤੀ ਗਈ ਮੁਹਿੰਮ ਤਹਿਤ ਸਰਕਾਰੀ ਮਿਡਲ ਸਕੂਲ ਮੌਲਵੀ ਵਾਲਾ ਵਿਖੇ ਸਾਇੰਸ ਤੇ ਗਣਿਤ ਮੇਲੇ ਦਾ ਆਯੋਜਨ ਕੀਤਾ ਗਿਆ।ਸਕੂਲ ਦੀ ਸਾਇੰਸ ਅਧਿਆਪਕਾ ਸੁਪ੍ਰੀਤ ਕੌਰ ਤੇ ਕੰਪਿਊਟਰ ਅਧਿਆਪਕਾਂ ਹਰਪ੍ਰੀਤ ਕੌਰ ਨੇ ਦੱਸਿਆ ਕਿ ਸਿੱਖਿਆ ਵਿਭਾਗ ਵੱਲੋਂ ਦਿੱਤੇ ਗਏ ਨਿਰਦੇਸ਼ਾਂ ਤਹਿਤ ਸਕੂਲ ਵਿੱਚ ਸਾਇੰਸ ਤੇ ਗਣਿਤ ਮੇਲਾ ਕਰਾਇਆ ਗਿਆ ਹੈ, ਜਿਸ ਦੌਰਾਨ ਵਿਦਿਆਰਥੀਆਂ ਨੂੰ ਜਿੱਥੇ ਅਧਿਆਪਕਾਂ ਵੱਲੋਂ ਸਾਇੰਸ ਤੇ ਗਣਿਤ ਨਾਲ ਸੰਬੰਧਿਤ ਜਾਣਕਾਰੀ ਦਿੱਤੀ ਗਈ, ਉੱਥੇ ਮੇਲੇ ਦੌਰਾਨ ਵਿਦਿਆਰਥੀਆਂ ਵੱਲੋਂ ਇਹਨਾਂ ਦੋਵਾਂ ਵਿਸ਼ਿਆਂ ਨਾਲ ਸੰਬੰਧਿਤ ਤਿਆਰ ਕਰਕੇ ਲਿਆਂਦੇ ਗਏ ਮਾਡਲਾਂ ਦੀ ਪ੍ਰਦਰਸ਼ਨੀ ਲਾਈ ਗਈ।ਉਨ੍ਹਾਂ ਕਿਹਾ ਕਿ ਇਨ੍ਹਾਂ ਮੇਲਿਆਂ ਕਰਕੇ ਵਿਦਿਆਰਥੀਆਂ ਵਿੱਚ ਸਿੱਖਣ ਰੁਚੀ ਵਿੱਚ ਭਾਰੀ ਵਾਧਾ ਹੁੰਦਾ ਹੈ।

# ਸਾਬਕਾ ਡੀ ਜੀ ਪੀ ਮੁਹੰਮਦ ਮੁਸਤਫ਼ਾ ਤੇ ਰਜ਼ੀਆ ਸੁਲਤਾਨਾ ਦੇ ਪੁੱਤ ਦੀ ਆਤਮਿਕ ਸ਼ਾਂਤੀ ਲਈ ਇੱਜ਼ਤਮਾਈ ਦੁਆ



**ਮਾਲੇਰਕੋਟਲਾ (ਅਸਗਰ ਪਰਿਹਾਰ)**-ਸਾਬਕਾ ਡੀ.ਜੀ.ਪੀ ਮੁਹੰਮਦ ਮੁਸਤਫ਼ਾ ਤੇ ਸਾਬਕਾ ਮੰਤਰੀ ਮੈਡਮ ਰਜ਼ੀਆ ਸੁਲਤਾਨਾ ਦੇ ਇਕਲੌਤੇ ਪੁੱਤਰ ਅਕੀਲ ਅਖ਼ਤਰ ਦੀ ਆਤਮਿਕ ਸ਼ਾਂਤੀ ਲਈ ਇਥੇ ਮਾਲੇਰਕੋਟਲਾ ਹਾਊਸ 'ਚ ਇੱਜ਼ਤਮਾਈ ਦੁਆ ਕੀਤੀ ਗਈ।ਮਰਹੂਮ ਆਕਿਲ ਅਖ਼ਤਰ ਦੇ ਲਈ ਰੱਖੀ ਇੱਜ਼ਤਮਾਈ ਦੁਆ ਸਮੇਂ ਮੁਫ਼ਤੀ ਇਰਤਕਾ ਉਲ ਹਸਨ ਕਾਂਧਲਵੀ ਮੁਫ਼ਤੀ ਏ ਆਜ਼ਮ ਪੰਜਾਬ ਨੇ ਪਵਿੱਤਰ ਕੁਰਾਨ ਦੀ ਰੌਸ਼ਨੀ 'ਚ ਜ਼ਿੰਦਗੀ ਤੇ ਮੌਤ ਬਾਰੇ ਵਿਚਾਰ ਕਰਨ ਦੇ ਨਾਲ ਮਰਹੂਮ ਦੀ ਆਤਮਿਕ ਸ਼ਾਂਤੀ ਲਈ ਦੁਆ ਕੀਤੀ।ਮਾਲੇਰਕੋਟਲਾ ਹਾਊਸ 'ਚ ਮੁਹੰਮਦ ਮੁਸਤਫ਼ਾ ਤੇ ਮੈਡਮ ਰਜ਼ੀਆ ਸੁਲਤਾਨਾ ਨਾਲ ਇਸ ਦੁੱਖ ਦੀ ਘੜੀ 'ਚ ਜਿੱਥੇ ਵੱਡੀ ਗਿਣਤੀ 'ਚ ਲੋਕਾਂ ਨੇ ਸ਼ਿਰਕਤ ਕੀਤੀ, ਉੱਥੇ ਹੀ ਕਾਂਗਰਸ ਦੇ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ, ਸਾਬਕਾ ਮੁੱਖ ਮੰਤਰੀ ਰਜਿੰਦਰ ਕੌਰ ਭੱਠਲ, ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ, ਸੰਸਦ ਮੈਂਬਰ ਡਾਕਟਰ ਅਮਰ ਸਿੰਘ, ਸਾਬਕਾ ਮੰਤਰੀ ਪ੍ਰਗਟ ਸਿੰਘ, ਯੂਪੀ ਦੇ ਕਰਾਨਾ ਤੋਂ ਸੰਸਦ ਮੈਂਬਰ ਇਕਰਾ ਹਸਨ, ਸਾਬਕਾ ਸਪੀਕਰ ਰਾਣਾ ਕੇਪੀ ਸਿੰਘ, ਜਸਵੀਰ ਸਿੰਘ ਡਿੰਪਾ, ਕੁਲਦੀਪ ਸਿੰਘ ਵੈਦ, ਗੁਰਪ੍ਰੀਤ ਸਿੰਘ ਕੋਟਲੀ, ਭਾਰਤ ਭੂਸ਼ਨ ਆਸ਼ੂ, ਵਿਧਾਇਕ ਡਾਕਟਰ ਜਮੀਲ ਉਰ ਰਹਿਮਾਨ ਦੀ ਪਤਨੀ ਫਰਿਆਲ ਰਹਿਮਾਨ, ਵਿਸ਼ੇਸ਼ ਡੀ.ਜੀ.ਪੀ ਅਰਪਿਤ ਸ਼ੁਕਲਾ ਆਈ.ਪੀ.ਐਸ, ਵਿਸ਼ੇਸ਼ ਡੀ.ਜੀ.ਪੀ ਹਰਪ੍ਰੀਤ ਸਿੰਘ ਸਿੱਧੂ, ਏ.ਡੀ.ਜੀ.ਪੀ ਐਮ.ਐਫ ਫਾਰੂਕੀ, ਕੁਲਵੀਰ ਸਿੰਘ ਜ਼ੀਰਾ, ਸਾਬਕਾ ਮੰਤਰੀ ਹਰਮਿੰਦਰ ਸਿੰਘ ਜੱਸੀ, ਸਾਬਕਾ ਵਿਧਾਇਕ ਜਸਵੀਰ ਸਿੰਘ ਜੱਸੀ ਖੰਗੂੜਾ, ਸਾਬਕਾ ਵਿਧਾਇਕ ਸੁਰਿੰਦਰਪਾਲ ਸਿੰਘ ਸਿਬੀਆ, ਸਾਬਕਾ ਵਿਧਾਇਕ ਰਮਿੰਦਰ ਸਿੰਘ, ਸਾਬਕਾ ਵਿਧਾਇਕ ਸੁਰਿੰਦਰ ਡਾਬਰ, ਸਾਬਕਾ ਵਿਧਾਇਕ ਗੁਰਕੀਰਤ ਸਿੰਘ ਕੋਟਲੀ, ਸਾਬਕਾ ਵਿਧਾਇਕ ਲਖਵੀਰ ਸਿੰਘ ਲੱਖਾ, ਸਾਬਕਾ ਵਿਧਾਇਕ ਜਗਮੋਹਨ ਸਿੰਘ ਕੰਗ, ਸਾਬਕਾ ਵਿਧਾਇਕ ਦਲਵੀਰ ਸਿੰਘ ਗੋਲਡੀ, ਸਾਬਕਾ ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ, ਅਰਵਿੰਦ ਖੰਨਾ ਸੂਬਾ ਮੀਤ ਪ੍ਰਧਾਨ ਭਾਜਪਾ, ਕੁਲਦੀਪ ਸਿੰਘ ਵੈਦ ਸਾਬਕਾ ਵਿਧਾਇਕ, ਸੁਮਿਤ ਸਿੰਘ ਮਾਨ ਹਲਕਾ ਇੰਚਾਰਜ ਅਮਰਗੜ੍ਹ ਨੇ ਮੁਹੰਮਦ ਮੁਸਤਫ਼ਾ ਤੇ ਮੈਡਮ ਰਜ਼ੀਆ ਸੁਲਤਾਨਾ ਨਾਲ ਦੁੱਖ ਸਾਂਝਾ ਕੀਤਾ। ਇਹਨਾਂ ਤੋਂ ਇਲਾਵਾ ਪਿੰਡਾਂ ਦੇ ਸਰਪੰਚਾਂ, ਪੰਚਾਂ, ਮਿਉਂਸਪਲ ਕੌਂਸਲਰਾਂ, ਸਮਾਜਿਕ, ਧਾਰਮਿਕ, ਰਾਜਨੀਤਕ ਵੱਡੇ-ਛੋਟੇ ਵਰਕਰ ਇੱਜ਼ਤਮਾਈ ਦੁਆ 'ਚ ਸ਼ਾਮਲ ਹੋਏ।

ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਪੂਰੀ ਕਾਂਗਰਸ ਪਾਰਟੀ ਮੁਹੰਮਦ ਮੁਸਤਫ਼ਾ ਤੇ ਰਜ਼ੀਆ ਸੁਲਤਾਨਾ ਦੇ ਨਾਲ ਖੜੀ ਹੈ।ਉਨ੍ਹਾਂ ਕਿਹਾ ਕਿ ਪਰਵਾਰ ਨੂੰ ਆਪਣੇ ਬੱਚੇ ਦੀ ਪਰਵਰਿਸ਼ ਕਰਨ 'ਚ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ।ਸਮੇਂ ਨਾਲ ਸਾਰਿਆਂ ਨੂੰ ਜਵਾਬ ਮਿਲ ਜਾਣਗੇ।ਉਹ ਮਾਨਸਿਕ ਤਣਾਅ ਵਿੱਚ ਸੀ।ਜੇ ਸੀਬੀਆਈ ਜਾਂਚ ਕਰਦੀ ਹੈ, ਤਾਂ ਸੱਚਾਈ ਸਾਹਮਣੇ ਆ ਜਾਵੇਗੀ।ਪੋਸਟਮਾਰਟਮ ਹੋ ਗਿਆ ਹੈ। ਮੁਸਤਫਾ ਪਰਵਾਰ ਲੋਕਾਂ ਸਾਹਮਣੇ ਸਾਫ਼ ਆ ਜਾਵੇਗਾ।ਇਹ ਉਨ੍ਹਾਂ ਲੋਕਾਂ ਦੇ ਮੂੰਹ 'ਤੇ ਚਪੇੜ ਹੋਵੇਗੀ, ਜਿਨ੍ਹਾਂ ਨੇ ਘਿਣਾਉਣੇ ਦੋਸ਼ ਲਾਏ ਹਨ।

# ਕੈਂਸਰ ਪੀੜਤ ਬੱਚੇ ਦੀ 51000 ਦੀ ਮੱਦਦ



**ਬੁਢਲਾਡਾ (ਅਸ਼ੋਕ ਲਾਕੜਾ)**-ਸੀਨੀਅਰ ਅਕਾਲੀ ਆਗੂ ਅਤੇ ਉੱਘੇ ਸਮਾਜ ਸੇਵੀ ਬਲਵਿੰਦਰ ਸਿੰਘ ਪਟਵਾਰੀ ਨੇ ਪਿੰਡ ਕਣਕਵਾਲ ਚਹਿਲਾਂ ਜ਼ਿਲ੍ਹਾ ਮਾਨਸਾ ਦੇ ਅਤਿ ਲੋੜਵੰਦ ਪਰਵਾਰ ਦੀ 51000 ਦੀ ਸਹਾਇਤਾ ਰਾਸ਼ੀ ਦੇ ਕੇ ਮੱਦਦ ਕੀਤੀ ਹੈ।ਜ਼ਿਕਰਯੋਗ ਹੈ ਕਿ ਪਿੰਡ ਕਣਕਵਾਲ ਚਹਿਲਾਂ ਦਾ ਅੱਠਵੀਂ ਜਮਾਤ ਦਾ ਵਿਦਿਆਰਥੀ ਪ੍ਰਭਜੋਤ ਸਿੰਘ ਪੁੱਤਰ ਬਲਰਾਜ ਸਿੰਘ ਉਮਰ 13 ਸਾਲ 10 ਕੁ ਮਹੀਨੇ ਪਹਿਲਾਂ ਕੈਂਸਰ ਵਰਗੀ ਨਾਮੁਰਾਦ ਬੀਮਾਰੀ ਦਾ ਸ਼ਿਕਾਰ ਹੋ ਗਿਆ ਸੀ। ਜਿਸ ਦੇ ਇਲਾਜ ਉੱਪਰ ਪਰਿਵਾਰ ਦਾ ਬਹੁਤ ਜ਼ਿਆਦਾ ਖਰਚਾ ਆ ਰਿਹਾ ਹੈ।ਪਰਵਾਰ ਦੀ ਵੱਖ ਵੱਖ ਸਮਾਜਸੇਵੀ ਸੰਸਥਾਵਾਂ ਵੱਲੋਂ ਮੱਦਦ ਕੀਤੀ ਜਾ ਰਹੀ ਹੈ।ਪਰਵਾਰ ਦੇ ਹਾਲਾਤਾਂ ਦਾ ਪਤਾ ਚੱਲਦਿਆਂ ਹੀ ਬੁਢਲਾਡਾ ਦੇ ਸੀਨੀਅਰ ਅਕਾਲੀ ਆਗੂ ਬਲਵਿੰਦਰ ਸਿੰਘ ਪਟਵਾਰੀ ਨੇ ਪ੍ਰਭਜੋਤ ਸਿੰਘ ਦੇ ਘਰ ਪਹੁੰਚ ਕੇ 51 ਹਜ਼ਾਰ ਦੀ ਆਰਥਿਕ ਸਹਾਇਤਾ ਕੀਤੀ।ਬਲਵਿੰਦਰ ਸਿੰਘ ਪਟਵਾਰੀ ਨੇ ਆਖਿਆ ਕਿ ਬੁਢਲਾਡਾ ਹਲਕੇ ਦੇ ਲੋਕਾਂ ਦੇ ਦੁੱਖ-ਸੁੱਖ ਵਿੱਚ ਖੜਨਾ ਉਨ੍ਹਾਂ ਦਾ ਮੁੱਢਲਾ ਫਰਜ਼ ਹੈ ਅਤੇ ਲੋੜਵੰਦਾਂ ਦੀ ਸਹਾਇਤਾ ਕਰਨਾ ਹੀ ਅਸਲੀ ਇਨਸਾਨੀਅਤ ਹੈ।

# ਐੱਚ ਐੱਮ ਈ ਐੱਲ ਵੱਲੋਂ ਕ੍ਰਮਚਾਰੀਆਂ ਦੀ ਸਿਹਤ ਤੇ ਅੱਖਾਂ ਦੀ ਜਾਂਚ ਲਈ ਕੈਂਪ ਲਾਏ




**ਤਲਵੰਡੀ ਸਾਬੋ (ਜਗਦੀਪ ਗਿੱਲ)**

ਕ੍ਰਮਚਾਰੀਆਂ ਦੀ ਸਿਹਤ, ਸੁਰੱਖਿਆ ਤੇ ਭਲਾਈ ਨੂੰ ਸਭ ਤੋਂ ਉੱਚੀ ਤਰਜ਼ੀਹ ਦਿੰਦਿਆਂ ਐਚ.ਐਮ.ਈ.ਐਲ. ਨੇ ਅਕਤੂਬਰ 2025 ਦੇ ਮਹੀਨੇ ਦੌਰਾਨ ਵੱਖ-ਵੱਖ ਥਾਂਵਾਂ 'ਤੇ ਸਿਹਤ ਤੇ ਨੇਤਰ ਜਾਂਚ ਕੈਂਪਾਂ ਦਾ ਸਫ਼ਲ ਆਯੋਜਨ ਕੀਤਾ।ਇਨ੍ਹਾਂ ਕੈਂਪਾਂ ਦਾ ਮਕਸਦ ਟਰੱਕ ਤੇ ਟੈਂਕਰ ਡਰਾਈਵਰ ਮੈਂਬਰਾਂ ਅਤੇ ਸਹਿਕਰਮੀਆਂ ਦੀ ਸਿਹਤ ਨੂੰ ਮਜ਼ਬੂਤ ਕਰਨਾ ਸੀ, ਜੋ ਉੱਚ-ਖਤਰੇ ਵਾਲੇ ਤੇ ਮਹੱਤਵਪੂਰਨ ਅਪ੍ਰੇਸ਼ਨਲ ਕੰਮਾਂ ਵਿੱਚ ਸ਼ਾਮਲ ਹਨ।ਇਸ ਦੌਰਾਨ ਨਾ ਸਿਰਫ ਕ੍ਰਮਚਾਰੀਆਂ ਦੀ ਸਿਹਤ ਦੀ ਜਾਂਚ ਕੀਤੀ ਗਈ, ਸਗੋਂ ਉਨ੍ਹਾਂ ਨੂੰ ਸਿਹਤ ਸੰਬੰਧੀ ਜਾਗਰੂਕ ਵੀ ਕੀਤਾ ਗਿਆ।ਇਨ੍ਹਾਂ ਕੈਂਪਾਂ ਵਿੱਚ ਵਿਸਤ੍ਰਿਤ ਮੈਡੀਕਲ ਜਾਂਚ, ਦਵਾਈਆਂ ਦੀ ਵੰਡ ਤੇ ਅੱਖਾਂ ਦੀ ਦੇਖਭਾਲ ਨਾਲ ਸੰਬੰਧਤ ਖ਼ਾਸ ਸੇਵਾਵਾਂ ਪ੍ਰਦਾਨ ਕੀਤੀਆਂ ਗਈਆਂ।ਕੈਂਪਾਂ ਵਿੱਚ ਕ੍ਰਮਚਾਰੀਆਂ ਦੀ ਵੱਡੀ ਭਾਗੀਦਾਰੀ ਨੇ ਉਨ੍ਹਾਂ ਦੀ ਸਿਹਤ ਪ੍ਰਤੀ ਜਾਗਰੂਕਤਾ ਨੂੰ ਦਰਸਾਇਆ ਤੇ ਐਚ.ਐਮ.ਈ.ਐਲ. ਦੀ ਸਿਹਤ ਅਤੇ ਸੁਰੱਖਿਆ ਉਪਰਾਲਿਆਂ ਦੀ ਪ੍ਰਭਾਵਸ਼ੀਲਤਾ ਨੂੰ ਹੋਰ ਮਜ਼ਬੂਤ ਕੀਤਾ।ਸਿਹਤ ਸੁਰੱਖਿਆ ਨੂੰ ਕੇਂਦਰ ਵਿੱਚ ਰੱਖਦੇ ਹੋਏ ਸ਼ੁਰੂ ਕੀਤੇ ਗਏ ਇਸ ਅਭਿਆਨ ਅਧੀਨ ਹਰ ਮਹੀਨੇ ਲਾਏ ਜਾਣ ਵਾਲੇ ਕੈਂਪਾਂ ਰਾਹੀਂ ਹੁਣ ਤੱਕ ਕੁੱਲ 1,051 ਕ੍ਰਮਚਾਰੀਆਂ ਦੀ ਨੇਤਰ ਜਾਂਚ ਕੀਤੀ ਜਾ ਚੁੱਕੀ ਹੈ, ਜਿਨ੍ਹਾਂ 'ਚੋਂ 473 ਵਿਅਕਤੀਆਂ ਨੂੰ ਨਜ਼ਰ ਟੈਸਟ ਦੇ ਆਧਾਰ 'ਤੇ ਸੁਧਾਰਕ ਐਨਕਾਂ ਵੰਡੀਆਂ ਗਈਆਂ ਹਨ।ਸਿਰਫ਼ ਅਕਤੂਬਰ ਮਹੀਨੇ ਵਿੱਚ ਹੀ 280 ਕਰਮਚਾਰੀਆਂ ਦੀ ਅੱਖਾਂ ਦੀ ਜਾਂਚ ਕੀਤੀ ਗਈ ਤੇ 152 ਐਨਕਾਂ ਵੰਡੀਆਂ ਗਈਆਂ ਹਨ।ਇਨ੍ਹਾਂ ਕੈਂਪਾਂ 'ਚ ਨਜ਼ਰ ਟੈੱਸਟ, ਮੋਤੀਆਬਿੰਦ ਦੀ ਜਾਂਚ ਅਤੇ ਤੁਰੰਤ ਐਨਕ ਵੰਡ ਵਰਗੀਆਂ ਵਿਸਤ੍ਰਿਤ ਸੇਵਾਵਾਂ ਪ੍ਰਦਾਨ ਕੀਤੀਆਂ ਗਈਆਂ।

ਸਿਹਤ ਸੇਵਾਵਾਂ ਨੂੰ ਹੋਰ ਵਿਸਤ੍ਰਿਤ ਬਣਾਉਂਦੇ ਹੋਏ ਦਿੱਲੀ ਹਾਰਟ ਹਸਪਤਾਲ ਦੀ ਟੀਮ ਵੱਲੋਂ 315 ਮਰੀਜ਼ਾਂ ਦੀ ਓਪੀਡੀ ਸਕ੍ਰੀਨਿੰਗ ਕੀਤੀ ਗਈ, ਜਿਸ ਵਿੱਚ ਵੱਖ-ਵੱਖ ਵਿਸ਼ੇਸ਼ਗਿਆਤਾ ਅਧੀਨ ਸਲਾਹ ਸੇਵਾਵਾਂ ਦਿੱਤੀਆਂ ਗਈਆਂ।ਇਸ ਤੋਂ ਇਲਾਵਾ, ਸਿਵਲ ਹਸਪਤਾਲ ਆਯੂਸ਼ ਬਠਿੰਡਾ ਦੀ ਟੀਮ ਨੇ 421 ਭਾਗੀਦਾਰਾਂ ਨੂੰ ਆਮ ਓਪੀਡੀ ਸੇਵਾਵਾਂ ਪ੍ਰਦਾਨ ਕੀਤੀਆਂ।ਇਹ ਸਿਹਤ ਪਹਿਲ ਐਚ.ਐਮ.ਈ.ਐਲ. ਦੇ ਉਸ ਵਿਸਤ੍ਰਿਤ ਮਿਸ਼ਨ ਦਾ ਇਕ ਮਹੱਤਵਪੂਰਨ ਹਿੱਸਾ ਹੈ, ਜਿਸ ਤਹਿਤ ਕੰਪਨੀ ਇੱਕ ਘਟਨਾ ਤੇ ਚੋਟ-ਮੁਕਤ ਕਾਰਜ ਸਥਲ ਬਣਾਉਣ ਲਈ ਨਿਰੰਤਰ ਯਤਨਸ਼ੀਲ ਹੈ।ਖ਼ਾਸ ਤੌਰ 'ਤੇ ਉਨ੍ਹਾਂ ਕ੍ਰਮਚਾਰੀਆਂ ਲਈ ਜੋ ਉਤਪਾਦ ਪ੍ਰਬੰਧਨ ਤੇ ਅਹਿਮ ਆਪਰੇਸ਼ਨਲ ਕੰਮਾਂ ਵਿੱਚ ਸ਼ਾਮਲ ਹਨ, ਐਚ.ਐਮ.ਈ.ਐਲ. ਰੋਕਥਾਮਕ ਸਿਹਤ ਦੇਖਭਾਲ ਨੂੰ ਸਭ ਤੋਂ ਵੱਧ ਤਰਜ਼ੀਹ ਦਿੰਦੀ ਹੈ, ਤਾਂ ਜੁ ਕੋਈ ਵੀ ਟਰੱਕ ਤੇ ਟੈਂਕਰ ਡਰਾਈਵਰ ਮੈਂਬਰ ਜਾਂ ਸਹਿਕਰਮੀ ਸਿਹਤ ਸੇਵਾਵਾਂ ਤੋਂ ਵਾਂਝਾ ਨਾ ਰਹੇ।

# ਐੱਸ ਡੀ ਐੱਮ ਨੂੰ ਮੰਗ ਪੱਤਰ ਦਿੱਤਾ



**ਨਿਹਾਲ ਸਿੰਘ ਵਾਲਾ (ਲਵਲੀ ਕੁਮਾਰ)**-ਭਾਰਤੀ ਕਿਸਾਨ ਯੂਨੀਅਨ ਖੋਸਾ ਦੇ ਆਗੂਆਂ ਵੱਲੋਂ ਪਰਾਲ਼ੀ ਦੇ ਮਸਲੇ ਨੂੰ ਲੈ ਕੇ ਨਿਹਾਲ ਸਿੰਘ ਵਾਲਾ ਦੇ ਐਸ.ਡੀ.ਐਮ ਨੂੰ ਮੰਗ ਪੱਤਰ ਦਿੱਤਾ। ਇਸ ਮੌਕੇ ਭਾਰਤੀ ਕਿਸਾਨ ਯੂਨੀਅਨ ਦੇ ਮਹਿੰਦਰ ਸਿੰਘ ਦੀਨਾ ਸਾਹਿਬ, ਗੁਰਪ੍ਰੀਤ ਸਿੰਘ ਧੂੜਕੋਟ, ਨਿਰਮਲ ਸਿੰਘ, ਮੇਜ਼ਰ ਸਿੰਘ, ਲਖਵੀਰ ਸਿੰਘ ਬੌਡੇ, ਹਿੰਦਰੀ ਬਰਾੜ ਪ੍ਰੈਸ ਸਕੱਤਰ ਮੋਗਾ, ਜੀਤ ਸਿੰਘ ਬਾਠ, ਕੇਵਲ ਸਿੰਘ ਖਾਈ, ਜਗਤਾਰ ਸਿੰਘ ਖਾਈ, ਪ੍ਰਦੀਪ ਸਿੰਘ ਖਾਈ, ਸਤਨਾਮ ਸਿੰਘ ਖਾਈ, ਜਗਸੀਰ ਸਿੰਘ ਖਾਈ, ਬਲਰਾਜ ਸਿੰਘ ਖਾਈ, ਦਰਸ਼ਨ ਸਿੰਘ, ਅੰਗਰੇਜ਼ ਸਿੰਘ, ਜਗਸੀਰ ਸਿੰਘ, ਰਮਨਜੀਤ ਸਿੰਘ ਧੂੜਕੋਟ ਰਣਸੀਂਹ, ਲਾਭ ਸਿੰਘ ਦੀਨਾਸਾਹਿਬ, ਅਮਰਜੀਤ ਸਿੰਘ, ਬਲਦੇਵ ਸਿੰਘ, ਜਗਦੇਵ ਸਿੰਘ ਧੂੜਕੋਟ ਰਣਸੀਂਹ ਤੇ ਸਮੂਹ ਕਿਸਾਨ ਯੂਨੀਅਨ ਦੇ ਆਗੂ ਹਾਜ਼ਰ ਸਨ।

# ਆਸ਼ਾ ਵਰਕਰਾਂ ਤੇ ਫੈਸਿਲੀਟੇਟਰਜ਼ ਵੱਲੋਂ ਪਹਿਲੀ ਨੂੰ ਤਰਨ ਤਾਰਨ 'ਚ ਰੋਸ ਪ੍ਰਦਰਸ਼ਨ : ਅਮਰਜੀਤ ਕੌਰ



**ਮੋਗਾ (ਇਕਬਾਲ ਸਿੰਘ ਖਹਿਰਾ)**-ਆਲ ਇੰਡੀਆ ਆਸ਼ਾ ਵਰਕਰਜ਼ ਤੇ ਆਸ਼ਾ ਫੈਸਿਲੀਟੇਰਜ਼ ਯੂਨੀਅਨ ਮੁੱਖ ਦਫ਼ਤਰ 1680 ਸੈਕਟਰ 22-ਬੀ ਚੰਡੀਗੜ੍ਹ ਤੇ ਗਰੁੱਪ ਏਟਕ ਦੇ ਸੂਬਾ ਪ੍ਰਧਾਨ ਅਮਰਜੀਤ ਕੌਰ ਰਣ ਸਿੰਘ ਵਾਲਾ ਤੇ ਸੂਬਾ ਜਨਰਲ ਸਕੱਤਰ ਬਲਵੀਰ ਕੌਰ ਗਿੱਲ ਦੀ ਅਗਵਾਈ ਹੇਠ ਸਥਾਨਕ ਕਾਮਰੇਡ ਸ਼ਹੀਦ ਨਛੱਤਰ ਸਿੰਘ ਧਾਲੀਵਾਲ ਭਵਨ ਵਿਖੇ ਮੀਟਿੰਗ ਕੀਤੀ ਗਈ।ਮੀਟਿੰਗ ਵਿੱਚ ਆਪਣੀਆਂ ਲਮਕ ਅਵਸਥਾ ਵਿੱਚ ਪਈਆਂ ਮੰਗਾਂ ਤੇ ਮੁਸ਼ਕਲਾਂ ਸਬੰਧੀ ਵਿਚਾਰ ਵਟਾਂਦਰਾ ਕਰਕੇ ਪੰਜਾਬ ਸਰਕਾਰ ਵੱਲੋਂ ਇਨ੍ਹਾਂ ਮੰਗਾਂ ਨੂੰ ਨਜ਼ਰ ਅੰਦਾਜ਼ ਕਰਨ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ। ਆਗੂਆਂ ਨੇ ਦੋਸ਼ ਲਾਇਆ ਕਿ ਆਮ ਆਦਮੀ ਪਾਰਟੀ ਦੀ ਅਗਵਾਈ ਹੇਠ ਪੰਜਾਬ ਸਰਕਾਰ ਦਾ ਸਮਾਂ ਚਾਰ ਸਾਲ ਦੇ ਨੇੜੇ ਹੋਣ ਦੇ ਬਾਵਜੂਦ ਆਸ਼ਾ ਵਰਕਰਜ਼ ਫੈਸਿਲੀਟੇਰਜ਼ ਵਰਕਰਾਂ ਦੀਆਂ ਮੰਗਾਂ ਵੱਲ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ।ਪੰਜਾਬ ਦੇ ਸਿਹਤ ਮੰਤਰੀ ਡਾਕਟਰ ਬਲਵੀਰ ਸਿੰਘ ਤੇ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨਾਲ ਹੋਈਆਂ ਮੀਟਿੰਗਾਂ ਦੇ ਫੈਸਲੇ ਲਾਗੂ ਨਹੀਂ ਕੀਤੇ ਜਾ ਰਹੇ।ਆਗੂਆਂ ਨੇ ਅੱਗੇ ਦੱਸਿਆ ਕਿ ਮੀਟਿੰਗ ਦੌਰਾਨ ਫੈਸਲਾ ਕੀਤਾ ਗਿਆ ਕਿ ਪੰਜਾਬ ਭਰ ਦੀਆਂ ਵਰਕਰਾਂ 1 ਨਵੰਬਰ ਨੂੰ ਆਮ ਆਦਮੀ ਪਾਰਟੀ ਦੇ ਚੋਣ ਦਫ਼ਤਰ ਤਰਨਤਾਰਨ ਸਾਹਮਣੇ ਰੋਸ ਪ੍ਰਦਰਸ਼ਨ ਤੇ ਮੁਜ਼ਾਹਰਾ ਕਰਨਗੀਆਂ।ਇਸ ਮੌਕੇ ਹੋਰਨਾਂ ਤੋਂ ਇਲਵਾ ਸਵਰਨਜੀਤ ਕੌਰ ਹਰਾਜ, ਖੁਸ਼ਵਿੰਦਰ ਕੌਰ, ਰਾਜਵਿੰਦਰ ਕੌਰ ਸ੍ਰੀ ਮੁਕਤਸਰ ਸਾਹਿਬ, ਸਿਮਲੋ ਦੇਵੀ, ਬਲਵਿੰਦਰ ਕੌਰ ਹੁਸ਼ਿਆਰਪੁਰ, ਪੰਜਾਬ ਆਗੂ ਰਜਵੰਤ ਕੌਰ ਵੇਰਕਾ, ਗੁਰਮੀਤ ਕੌਰ ਸ੍ਰੀ ਅੰਮ੍ਰਿਤਸਰ ਸਾਹਿਬ, ਕੁਲਦੀਪ ਕੌਰ ਪੱਖੋਂ, ਮਨਜਿੰਦਰ ਕੌਰ ਹਰੀਕੇ, ਵੀਰਪਾਲ ਕੌਰ ਤਰਨਤਾਰਨ, ਵੀਰਪਾਲ ਕੌਰ, ਰਾਜਵਿੰਦਰ ਕੌਰ ਸੀਤੋ ਬਲਾਕ ਫਾਜ਼ਿਲਕਾ, ਬਲਵਿੰਦਰ ਕੌਰ ਭੈਣੀ ਬਾਘਾ, ਸੰਦੀਪ ਕੌਰ ਤਪਾ, ਅਮਨਦੀਪ ਕੌਰ ਤਪਾ, ਸ਼ਿੰਦਰਪਾਲ ਕੌਰ, ਨਿੰਦਰ ਕੌਰ ਮੋਗਾ, ਜਸਵੀਰ ਕੌਰ ਸਿਰੀਏਵਾਲਾ, ਰਮਨਦੀਪ ਕੌਰ ਭਗਤਾ ਭਾਈ ਆਦਿ ਹਾਜ਼ਰ ਸਨ।

# ਸਰਕਾਰੀ ਮਿਡਲ ਸਕੂਲ ਲੋਹਕੇ ਖੁਰਦ 'ਚ ਵੱਖ ਵੱਖ ਵਿਸ਼ਿਆਂ ਦਾ ਮੇਲਾ



**ਜ਼ੀਰਾ (ਨਰਿੰਦਰ ਅਨੇਜਾ)**-ਸਿੱਖਿਆ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਸਰਕਾਰੀ ਮਿਡਲ ਸਕੂਲ ਲੋਹਕੇ ਖੁਰਦ ਵਿਖੇ ਸਕੂਲ ਮੁਖੀ ਬਲਵਿੰਦਰ ਸਿੰਘ ਭੁੱਟੋ ਦੀ ਯੋਗ ਅਗਵਾਈ ਹੇਠ ਵੱਖ ਵੱਖ ਵਿਸ਼ਿਆਂ ਜਿਵੇਂ ਕਿ ਗਣਿਤ, ਵਿਗਿਆਨ, ਅੰਗਰੇਜ਼ੀ ਤੇ ਸਮਾਜਿਕ ਸਿੱਖਿਆ ਵਿਸ਼ਿਆਂ ਨਾਲ ਸੰਬੰਧਤ ਮੇਲੇ ਲਗਾਏ ਗਏ। ਇਨ੍ਹਾਂ ਮੇਲਿਆਂ ਵਿੱਚ ਛੇਵੀਂ ਤੋਂ ਅੱਠਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਨੇ ਭਾਗ ਲਿਆ।ਬੱਚਿਆਂ ਨੇ ਵੱਖ ਵੱਖ ਵਿਸ਼ਿਆਂ ਨਾਲ ਸੰਬੰਧਤ ਚਾਰਟ, ਮਾਡਲ ਤੇ ਗਤੀਵਿਧੀਆਂ ਰਾਹੀਂ ਵੱਖ ਵੱਖ ਵਿਸ਼ਿਆਂ ਬਾਰੇ ਜਾਣਕਾਰੀ ਦਿੱਤੀ। ਬੱਚਿਆਂ ਨੇ ਆਪਣੀ ਬਹੁਤ ਹੀ ਸੂਝ ਤੇ ਮਿਹਨਤ ਨਾਲ ਮੇਲੇ ਨੂੰ ਕਾਮਯਾਬ ਬਣਾਇਆ।ਇਸ ਮੌਕੇ ਸਕੂਲ ਮੁਖੀ ਬਲਵਿੰਦਰ ਸਿੰਘ ਨੇ ਬੱਚਿਆਂ ਦੁਆਰਾ ਤਿਆਰ ਕੀਤੇ ਗਏ ਚਾਰਟ ਤੇ ਮਾਡਲ ਦੀ ਸ਼ਲਾਘਾ ਕੀਤੀ ਅਤੇ ਬਾਅਦ ਵਿੱਚ ਵਧੀਆ ਪ੍ਰਦਰਸ਼ਨ ਕਰਨ ਵਾਲੇ ਬੱਚਿਆਂ ਨੂੰ ਸਨਮਾਨਤ ਕੀਤਾ ਗਿਆ।ਇਸ ਮੌਕੇ ਮੈਡਮ ਹਰਜੀਤ ਕੌਰ ਮੈਥ ਟੀਚਰ, ਸੁਲੱਖਣ ਸਿੰਘ ਹਿੰਦੀ ਮਾਸਟਰ, ਲਵਪ੍ਰੀਤ ਕੌਰ, ਮਿਡ ਡੇ ਮੀਲ ਵਰਕਰਾਂ ਮਨਦੀਪ ਕੌਰ, ਜਸਬੀਰ ਕੌਰ ਤੇ ਸਰਬਜੀਤ ਕੌਰ ਆਦਿ ਹਾਜ਼ਰ ਸਨ।

## ...ਸਫ਼ਾ 1 ਦੇ ਬਾਕੀ

### ਆਰ ਐੱਸ ਐੱਸ-ਭਾਜਪਾ...

ਗਏ ਸੰਘਰਸ਼ਾਂ ਦੀਆਂ ਸਾਰੀਆਂ ਪ੍ਰਾਪਤੀਆਂ ਨੂੰ ਨਕਾਰ ਰਹੇ ਹਨ। ਅੱਜ ਬੇਰੁਜ਼ਗਾਰੀ ਅਤੇ ਮਹਿੰਗਾਈ ਏਨੀ ਜ਼ਿਆਦਾ ਹੋ ਗਈ ਹੈ ਕਿ ਲੋਕਾਂ ਵਿੱਚ ਹਾਹਾਕਾਰ ਮਚੀ ਹੈ।

ਸਿਹਤ ਸੇਵਾਵਾਂ ਅਤੇ ਸਿੱਖਿਆ ਲੋਕਾਂ ਦੀ ਪਹੁੰਚ ਤੋਂ ਬਾਹਰ ਹੋ ਗਈਆਂ ਹਨ। ਸਿੱਖਿਆ ਵਿੱਚ ਨਕਲੀ ਵਿਗਿਆਨ ਪੜ੍ਹਾਉਣ ਦੀ ਕੋਸ਼ਿਸ਼ ਅਤੇ ਇਤਿਹਾਸ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਦੀਆਂ ਸਾਜਿਸ਼ਾਂ ਖੁੱਲ੍ਹੇਆਮ ਚਲਾਈਆਂ ਜਾ ਰਹੀਆਂ ਹਨ । ਝੂਠ-ਮੂਠ 'ਤੇ ਅਧਾਰਤ ਮਨਘੜਤ ਗੱਲਾਂ ਬੱਚਿਆਂ ਨੂੰ ਪੜ੍ਹਾਈਆਂ ਜਾ ਰਹੀਆਂ ਹਨ। ਨਵੀਂ ਸਿੱਖਿਆ ਨੀਤੀ 2020 ਇਸ ਦਾ ਇੱਕ ਸਬੂਤ ਹੈ, ਜਿਸ ਦਾ ਕਿ ਭਾਰਤੀ ਕਮਿਊਨਿਸਟ ਪਾਰਟੀ ਲਗਾਤਾਰ ਵਿਰੋਧ ਕਰ ਰਹੀ ਹੈ।

ਕਾਰਪੋਰੇਟ ਪੱਖੀ ਨੀਤੀਆਂ ਅਪਣਾ ਕੇ ਦੇਸ਼ ਦੀ ਪੂਰੀ ਸੰਪਤੀ ਅਡਾਨੀ ਤੇ ਅੰਬਾਨੀ ਵਰਗੇ ਪਰਵਾਰਾਂ ਵਿੱਚ ਕੌਡੀਆਂ ਦੇ ਭਾਅ ਵੇਚੀ ਜਾ ਰਹੀ ਹੈ ਤੇ ਮਿਹਨਤਕਸ਼ ਲੋਕਾਂ ਦੇ ਹੱਕਾਂ ਦਾ ਘਾਣ ਕੀਤਾ ਜਾ ਰਿਹਾ ਹੈ। ਦੁਨੀਆਂ ਭਰ ਵਿੱਚ ਗੁਟ ਨਿਰਲੇਪ ਨੀਤੀ ਨੂੰ ਮੋਦੀ ਸਰਕਾਰ ਨੇ ਪੂਰੀ ਤਰ੍ਹਾਂ ਖੁੱਡੇ ਲਾਈਨ ਲਾ ਦਿੱਤਾ ਹੈ ਤੇ ਅੱਜ ਅਮਰੀਕਾ ਦੀ ਭਾਈਵਾਲ ਬਣੀ ਬੈਠੀ ਹੈ। ਫਲਸਤੀਨ ਦੇ ਉਪਰ ਇਜ਼ਰਾਇਲ ਦੇ ਹਮਲੇ ਅਤੇ ਨਸਲਕੁਸ਼ੀ ਵੇਲੇ ਮੋਦੀ ਸਰਕਾਰ ਨੇ ਇਜ਼ਰਾਇਲ ਨਾਲ ਖੜੇ ਹੋ ਕੇ ਸਾਡੇ ਦੇਸ਼ ਦੀ ਸਾਖ਼ ਨੂੰ ਦੁਨੀਆ ਵਿੱਚ ਪੂਰੀ ਤਰ੍ਹਾਂ ਖਤਮ ਕਰ ਦਿੱਤਾ ਹੈ। ਅੱਜ ਦੁਨੀਆ ਵਿੱਚ ਕੋਈ ਵੀ ਦੇਸ਼ ਸਾਨੂੰ ਗੰਭੀਰਤਾ ਨਾਲ ਨਹੀਂ ਲੈਂਦਾ, ਜਿਸ ਟਰੰਪ ਨੂੰ ਮੋਦੀ ਆਪਣਾ ਗੂੜ੍ਹਾ ਮਿੱਤਰ ਕਹਿੰਦਾ ਰਿਹਾ ਹੈ, ਉਹ ਟਰੰਪ ਅੱਜ ਭਾਰਤ ਖਿਲਾਫ ਲਗਾਤਾਰ ਦੂਸ਼ਿਤ ਪ੍ਰਚਾਰ ਕਰਨ ਵਿੱਚ ਲੱਗਿਆ ਹੋਇਆ ਹੈ, ਪਰ ਮੋਦੀ ਉਸ ਤੋਂ ਘਬਰਾ ਕੇ ਉਨ੍ਹਾਂ ਮੀਟਿੰਗਾਂ ਵਿੱਚ ਵੀ ਹੁਣ ਨਹੀਂ ਜਾਂਦਾ, ਜਿੱਥੇ ਕਿ ਟਰੰਪ ਹਾਜ਼ਰ ਹੋਏ ।ਇੱਥੋਂ ਤੱਕ ਕਿ ਸਾਡੇ ਆਂਢ-ਗੁਆਂਢ ਦੇ ਦੱਖਣੀ ਏਸ਼ੀਆ ਦੇ ਦੇਸ਼ ਵੀ ਅੱਜ ਭਾਰਤ ਦੇ ਨਾਲ ਨਹੀਂ ਹਨ। ਅੱਜ ਭਾਰਤੀ ਕਮਿਊਨਿਸਟ ਪਾਰਟੀ ਜਿੱਥੇ ਇੱਕ ਪਾਸੇ ਮਿਹਨਤਕਸ਼ ਲੋਕਾਂ ਦੇ ਹੱਕਾਂ ਦੀ ਲੜਾਈ ਲੜ ਰਹੀ ਹੈ, ਦੂਸਰੇ ਪਾਸੇ ਦੇਸ਼ ਦੇ ਸੰਵਿਧਾਨ, ਧਰਮ ਨਿਰਪੱਖਤਾ ਅਤੇ ਲੋਕਤੰਤਰ ਦੀ ਰਾਖੀ ਅਤੇ ਵਿਸ਼ਵ ਭਰ ਵਿੱਚ ਵਿਕਾਸਸ਼ੀਲ ਦੇਸ਼ਾਂ ਨਾਲ ਖੜੇ ਹੋਣ ਦੀ ਨੀਤੀ ਦਾ ਪ੍ਰਚਾਰ ਕਰ ਰਹੀ ਹੈ। ਪਾਰਟੀ ਦੇ 100 ਸਾਲ ਪੂਰੇ ਹੋਣ ਦੇ ਇਸ ਮੌਕੇ ਅੱਜ ਅਸੀਂ ਪ੍ਰਣ ਕਰਦੇ ਹਾਂ ਕਿ ਅਸੀਂ ਦੇਸ਼ ਅਤੇ ਸਮਾਜ ਨੂੰ ਅੱਗੇ ਲੈ ਕੇ ਜਾਵਾਂਗੇ ਤੇ ਲੋੜਵੰਦ ਲੋਕਾਂ ਦੇ ਹੱਕਾਂ ਦੀ ਰਾਖੀ ਲਈ ਵੱਡੀਆਂ-ਵੱਡੀਆਂ ਕੁਰਬਾਨੀਆਂ ਦੇਣ ਲਈ ਤਿਆਰ ਰਹਾਂਗੇ। ਉਨ੍ਹਾ ਨੇ ਉਚੇਚੇ ਤੌਰ 'ਤੇ ਕੇਰਲਾ ਦੇ ਪਹਿਲੇ ਕਮਿਊਨਿਸਟ ਮੁੱਖ ਮੰਤਰੀ ਸੀ. ਅਛੂਤਾਮੈਨਨ ਨੂੰ ਯਾਦ ਕਰਕੇ ਸ਼ਰਧਾਂਜਲੀ ਦਿੰਦਿਆਂ ਕਿਹਾ ਕਿ ਉਹਨਾ ਇੱਕ ਵੱਖਰੇ ਕਿਸਮ ਦੇ ਸ਼ਾਸਨ ਦੀ ਮਿਸਾਲ ਕਾਇਮ ਕੀਤੀ ਸੀ।

### ਕਿਸਾਨ ਨੂੰ ਥਾਰ ਹੇਠ...

ਤਾਬ ਨਾਲ ਝਲਦਿਆਂ ਦਮ ਤੋੜ ਗਿਆ। ਗਣੇਸ਼ਪੁਰਾ ਦੇ ਲੋਕਾਂ ਨੇ ਦੱਸਿਆ ਕਿ ਨਾਗਰ ਦੀਆਂ ਧਮਕੀਆਂ ਕਾਰਨ ਕਰੀਬ 25 ਲੋਕ ਸਸਤੇ ਭਾਅ 'ਤੇ ਜ਼ਮੀਨਾਂ ਵੇਚ ਕੇ ਪਿੰਡ ਛੱਡ ਚੁੱਕੇ ਹਨ। ਰਾਮ ਸਵਰੂਪ ਨੇ ਆਪਣੀ 12 ਵਿਘਾ ਜ਼ਮੀਨ ਉਸ ਨੂੰ ਵੇਚਣ ਤੋਂ ਨਾਂਹ ਕਰ ਦਿੱਤੀ ਸੀ। ਨਾਗਰ ਭਾਜਪਾ ਦੀ ਸਥਾਨਕ ਬੂਥ ਕਮੇਟੀ ਦਾ ਚੇਅਰਮੈਨ ਹੈ। ਉਹ ਪਾਰਟੀ ਦੇ ਜ਼ਿਲ੍ਹਾ ਕਿਸਾਨ ਵਿੰਗ ਦਾ ਅਹੁਦੇਦਾਰ ਵੀ ਰਹਿ ਚੁੱਕਿਆ ਹੈ। ਮਹਿੰਦਰ ਨਾਗਰ ਪਹਿਲਾਂ ਕਾਂਗਰਸ ਵਿੱਚ ਹੁੰਦਾ ਸੀ ਅਤੇ 2000 ਵਿੱਚ ਜਿਓਤਿਰਾਦਿੱਤਿਆ ਸਿੰਧੀਆ ਵੱਲੋਂ ਕਾਂਗਰਸ ਸਰਕਾਰ ਉਲਟਾਉਣ ਵੇਲੇ ਉਸ ਦੇ ਨਾਲ ਹੀ ਭਾਜਪਾ ਵਿੱਚ ਆ ਗਿਆ ਸੀ। ਸਿੰਧੀਆ ਗੁਨਾ ਤੋਂ ਲੋਕ ਸਭਾ ਮੈਂਬਰ ਤੇ ਕੇਂਦਰੀ ਮੰਤਰੀ ਹੈ।

### ਪੀ ਆਰ ਟੀ ਸੀ ਤੇ ਵਰਕਰਾਂ...

ਕਮੇਟੀ ਦੇ ਆਗੂਆਂ ਨੇ ਮੰਗਾਂ, ਮਸਲਿਆਂ ਅਤੇ ਸੰਘਰਸ਼ ਦਾ ਜਿਕਰ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪੀ.ਆਰ.ਟੀ.ਸੀ. ਨੂੰ ਮੁਫ਼ਤ ਸਫਰ ਸਹੂਲਤਾਂ ਦੇ ਬਣਦੇ 600 ਕਰੋੜ ਰੁਪਏ ਤੋਂ ਵੱਧ ਦੀ ਰਕਮ ਵਿੱਚੋਂ ਤਨਖਾਹ, ਪੈਨਸ਼ਨ ਅਤੇ ਅਦਾਰੇ ਦੀਆਂ ਹੋਰ ਲੋੜਾਂ ਲਈ ਹਰ ਮਹੀਨੇ ਰੌਲੇ-ਰੱਪੇ ਅਤੇ ਐਜੀਟੇਸ਼ਨ ਤੋਂ ਬਿਨਾਂ 15-20 ਤਰੀਕ ਤੱਕ ਮਸਾਂ 20-30 ਕਰੋੜ ਦੀ ਰਕਮ ਦਿੱਤੀ ਜਾਂਦੀ ਹੈ।400 ਨਵੀਆਂ ਬੱਸਾਂ ਪਾਉਣ ਦੇ ਐਲਾਨ ਝੂਠੇ ਸਾਬਤ ਹੋ ਰਹੇ ਹਨ। ਚਾਰ ਸਾਲ ਵਿੱਚ ਇੱਕ ਵੀ ਨਵੀਂ ਬੱਸ ਨਹੀਂ ਖਰੀਦੀ ਗਈ, ਜਿਸ ਦਾ ਭਰਪੂਰ ਫਾਇਦਾ ਪ੍ਰਾਈਵੇਟ ਬਸ ਮਾਫੀਆ ਉਠਾ ਰਿਹਾ ਹੈ।

ਇਹ ਮਾਫੀਏ ਦੀ ਪੁਸ਼ਤਪੁਨਾਹੀ ਕਰਨ ਦਾ ਹੀ ਨਤੀਜਾ ਹੈ। ਪੰਜਾਬ ਸਰਕਾਰ ਵੱਲੋਂ ਨਾਈਟ ਅਲਾਊਂਸ ਵਿੱਚ ਕੀਤਾ ਵਾਧਾ ਕਈ ਮਹੀਨੇ ਬੀਤ ਜਾਣ ਦੇ ਬਾਵਜੂਦ ਅਜੇ ਤੱਕ ਲਾਗੂ ਨਹੀਂ ਕੀਤਾ ਗਿਆ।

ਪੀ.ਆਰ.ਟੀ.ਸੀ. ਦੀਆਂ ਜਾਇਦਾਦਾਂ ਸਰਕਾਰੀ ਦਬਾਅ ਥੱਲੇ ਵੇਚਣ ਦੀਆਂ ਕੋਸ਼ਿਸ਼ਾਂ ਤੇਜ਼ੀ ਨਾਲ ਸਿਰੇ ਚਾੜ੍ਹਨ ਦਾ ਜਤਨ ਹੋ ਰਿਹਾ ਹੈ। 600 ਤੋਂ ਵੱਧ ਕੰਟਰੈਕਟ ਵਰਕਰਾਂ ਨੂੰ ਰੈਗੂਲਰ ਕਰਨ ਦੇ ਫੈਸਲੇ ਨੂੰ ਲਾਗੂ ਕਰਨ ਦੀ ਬਜਾਏ ਉਪਰਲੀ ਅਦਾਲਤ ਵਿੱਚ ਚੁਣੌਤੀ ਦਿੱਤੀ ਜਾ ਰਹੀ ਹੈ, ਜੋ ਕਿ ਇਨ੍ਹਾਂ ਵਰਕਰਾਂ ਦੇ ਆਰਥਕ ਸ਼ੋਸ਼ਣ ਨੂੰ ਹੋਰ ਲੰਮਾ ਸਮਾਂ ਜਾਰੀ ਰੱਖਣ ਦੀ ਕੋਸ਼ਿਸ਼ ਹੈ। ਇਸੇ ਤਰ੍ਹਾਂ 500-600 ਵਰਕਰਾਂ ਨੂੰ ਰਿਟ ਨੰ: 8240 ਦੇ ਫੈਸਲੇ ਮੁਤਾਬਿਕ ਅਜੇ ਤੱਕ ਪੈਨਸ਼ਨ ਦਾ ਲਾਭ ਨਹੀਂ ਦਿੱਤਾ ਗਿਆ। ਪੰਜਾਬ ਸਰਕਾਰ ਦੇ ਫੈਸਲੇ ਮੁਤਾਬਕ 01—01—2004 ਤੋਂ ਬਾਅਦ ਨਿਯੁਕਤ ਹੋਏ ਕੁਝ ਕਰਮਚਾਰੀਆਂ ਨੂੰ ਜੋ ਪੁਰਾਣੀ ਪੈਨਸ਼ਨ ਦਾ ਹੱਕਦਾਰ ਬਣਾਇਆ ਜਾਣਾ ਹੈ, ਉਹ ਵੀ ਅਜੇ ਤੱਕ ਨਹੀਂ ਕੀਤਾ ਗਿਆ। ਆਪਣੀਆਂ ਬੱਸਾਂ ਪਾਉਣ ਦੀ ਬਜਾਏ ਗੈਰ-ਲਾਹੇਵੰਦ ਕਿਲੋਮੀਟਰ ਸਕੀਮ ਦੀਆਂ ਬੱਸਾਂ ਪਾਉਣ ਦੇ ਵਾਰ—ਵਾਰ ਜਤਨ ਕੀਤੇ ਜਾ ਰਹੇ ਹਨ। ਸਾਲਾਂਬੱਧੀ ਸਮੇਂ ਤੋਂ 100 ਕਰੋੜ ਰੁਪਏ ਤੋਂ ਵੱਧ ਦੇ ਵਰਕਰਾਂ ਦੇ ਬਣਦੇ ਤਰ੍ਹਾਂ-ਤਰ੍ਹਾਂ ਦੇ ਬਕਾਏ ਅਦਾ ਕਰਨ ਤੋਂ ਉਕਾ ਹੀ ਪਾਸਾ ਵੱਟਿਆ ਜਾ ਰਿਹਾ ਹੈ।

ਕੰਟਰੈਕਟ/ਆਊਟਸੋਰਸ ਵਰਕਰਾਂ ਨੂੰ ਪੱਕੇ ਕਰਨ ਲਈ ਮਹਿਕਮੇ ਵੱਲੋਂ ਕੋਈ ਕਦਮ ਨਹੀਂ ਚੁੱਕੇ ਜਾ ਰਹੇ ਆਦਿ ਹੋਰ ਵੀ ਅਨੇਕਾਂ ਮੁੱਦੇ ਹਨ, ਜਿਨ੍ਹਾਂ ਨੂੰ ਇਹ ਨਕਲੀ ਬਦਲਾਅ ਵਾਲੀ ਸਰਕਾਰ ਅਤੇ ਇਸ ਦੀ ਅਫਸਰਸ਼ਾਹੀ ਅਤੇ ਇਸ ਦੇ ਨਿਯੁਕਤ ਕੀਤੇ ਸਿਆਸੀ ਚੇਅਰਮੈਨ ਸਮੇਤ ਅੱਧੀ ਦਰਜਨ ਹੋਰ ਕਾਰਕੁਨ ਪੀ ਆਰ ਟੀ ਸੀ ਦੀ ਤਰੱਕੀ ਲਈ ਅਤੇ ਇਸ ਵਿੱਚ ਕੰਮ ਕਰਦੇ ਵਰਕਰਾਂ ਦੀ ਭਲਾਈ ਲਈ ਕੁਝ ਵੀ ਨਹੀਂ ਕਰ ਰਹੇ, ਜਿਸ ਕਰਕੇ ਅਦਾਰੇ ਵਿੱਚ ਕੰਮ ਕਰਦੇ ਸਭ ਕਿਸਮ ਦੇ ਵਰਕਰਾਂ ਵਿੱਚ ਭਾਰੀ ਚਿੰਤਾ ਅਤੇ ਰੋਸ ਪਾਇਆ ਜਾ ਰਿਹਾ ਹੈ।

ਇਹੀ ਕਾਰਨ ਹੈ ਕਿ ਐਕਸ਼ਨ ਕਮੇਟੀ ਵੱਲੋਂ 11 ਨਵੰਬਰ ਨੂੰ ਨਵਾਂ ਬੱਸ ਸਟੈਂਡ ਪਟਿਆਲਾ ਵਿਖੇ ਵਿਸ਼ਾਲ ਰੋਸ ਧਰਨਾ ਅਤੇ ਰੈਲੀ ਕੀਤੀ ਜਾਵੇਗੀ ਅਤੇ ਨਿਰੰਤਰ ਸੰਘਰਸ਼ ਦਾ ਐਲਾਨ ਵੀ ਕੀਤਾ ਜਾਵੇਗਾ।

### ਦੇਸ਼-ਵਿਆਪੀ ਐੱਸ...

ਪੱਛਮੀ ਬੰਗਾਲ, ਕੇਰਲਾ ਤੇ ਪੁਡੂਚੇਰੀ ਵਿੱਚ ਵੋਟਾਂ ਪੈਣੀਆਂ ਹਨ। ਉਨ੍ਹਾ ਕਿਹਾ ਕਿ ਵੋਟਰ ਸੂਚੀਆਂ ਨੂੰ ਖਾਮੀਆਂ ਮੁਕਤ ਕਰਨ ਲਈ ਬੀ ਐੱਲ ਓ ਤਿੰਨ ਵਾਰ ਘਰ-ਘਰ ਜਾ ਕੇ ਜਾਂਚ ਕਰਨਗੇ।

ਉਨ੍ਹਾ ਕਿਹਾ ਕਿ ਬਿਹਾਰ ਵਿਚ ਪਹਿਲੇ ਪੜਾਅ ਦੌਰਾਨ ਐੱਸ ਆਈ ਆਰ ਵਿੱਚ ਕੋਈ ਸ਼ਿਕਾਇਤ ਨਹੀਂ ਮਿਲੀ, ਜਿਸ ਕਰ ਕੇ ਇਸ ਦਾ ਦਾਇਰਾ ਵਧਾਇਆ ਜਾ ਰਿਹਾ ਹੈ। ਚੋਣ ਕਮਿਸ਼ਨ ਨੇ ਕਿਹਾ ਕਿ ਰਾਜਸਥਾਨ, ਮੱਧ ਪ੍ਰਦੇਸ਼, ਯੂ ਪੀ, ਬੰਗਾਲ ਸਣੇ 12 ਰਾਜਾਂ ਵਿੱਚ ਐੱਸ ਆਈ ਆਰ ਲਾਗੂ ਹੋਵੇਗਾ।

### ਪਹਿਲੀ ਨੂੰ 'ਗ਼ਦਰ ਲਹਿਰ...

ਡਾ. ਪਰਮਿੰਦਰ, ਮੰਗਤ ਰਾਮ ਪਾਸਲਾ, ਰਮਿੰਦਰ ਪਟਿਆਲਾ, ਸੁਖਵਿੰਦਰ ਸੇਖੋਂ ਆਪਣੇ ਵਿਚਾਰ ਰੱਖਣਗੇ। ਵਿਚਾਰ-ਚਰਚਾ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਉਹਨਾਂ ਕਿਹਾ ਕਿ ਸਾਮਰਾਜਵਾਦ, ਦੇਸੀ-ਬਦੇਸ਼ੀ ਕਾਰਪੋਰੇਟ ਘਰਾਣਿਆਂ, ਜਾਤ-ਪਾਤ ਤੋਂ ਮੁਕਤ, ਆਜ਼ਾਦ, ਖੁਸ਼ਹਾਲ, ਸਾਂਝੀਵਾਲਤਾ ਭਰਿਆ ਸਮਾਜ ਸਿਰਜਣ ਅਤੇ ਕੁੱਲ ਦੁਨੀਆਂ 'ਚੋਂ ਸਾਮਰਾਜੀ ਗਲਬਾ ਵਗਾਹ ਮਾਰ ਕੇ ਨਵਾਂ-ਨਰੋਆ ਖੁਸ਼ਹਾਲ ਸਮਾਜ ਸਿਰਜਣ ਦਾ ਜੋ ਗ਼ਦਰੀਆਂ ਦਾ ਸੁਪਨਾ ਸੀ, ਹੁਣ ਉਸ ਨੂੰ ਪੁੱਠਾ ਗੇੜਾ ਦਿੱਤਾ ਜਾ ਰਿਹੈ। ਅਜਿਹੀਆਂ ਚੁਣੌਤੀਆਂ ਨਾਲ ਸਿੱਝਣ ਉਪਰ ਕੇਂਦਰਤ ਹੋਏਗੀ ਇਹ ਵਿਚਾਰ-ਚਰਚਾ, ਤਾਂ ਜੋ ਗ਼ਦਰੀ ਗੁਲਾਬ ਕੌਰ ਦੇ ਵਿਛੋੜੇ ਦੀ ਸ਼ਤਾਬਦੀ ਨੂੰ ਸਮਰਪਤ 34ਵਾਂ ਮੇਲਾ ਗ਼ਦਰੀ ਬਾਬਿਆਂ ਦਾ ਆਪਣੇ ਮਿਸ਼ਨ ਵਿੱਚ ਸਫ਼ਲ ਹੋ ਨਿਬੜੇ।

ਸੋਮਵਾਰ ਦੇਸ਼ ਭਗਤ ਯਾਦਗਾਰ ਹਾਲ ਦਫ਼ਤਰ ਤੋਂ ਪੰਜਾਬ ਦੇ ਸਭਨਾਂ ਦੇਸ਼ ਭਗਤਾਂ ਦੇ ਪਿੰਡਾਂ ਅੰਦਰ ਬਣੀਆਂ ਕਮੇਟੀਆਂ ਨੂੰ ਰਸਮੀ ਸੱਦਾ ਪੱਤਰ ਅਤੇ ਜਨਤਕ ਤੌਰ 'ਤੇ ਵਿਸ਼ੇਸ਼ ਬੁਲਾਵਾ ਭੇਜਿਆ ਗਿਆ ਕਿ ਉਹ ਪਹਿਲੀ ਨਵੰਬਰ ਸਵੇਰੇ 10 ਵਜੇ ਝੰਡਾ ਲਹਿਰਾਉਣ ਦੀ ਰਸਮ ਅਤੇ ਮੇਲੇ ਦਾ ਸੋਵੀਨਰ ਲੋਕ ਅਰਪਣ ਕਰਨ ਦੀ ਰਸਮ ਮੌਕੇ ਸੋਵੀਨਰ ਆਪਣੇ ਹੱਥਾਂ 'ਚ ਲੈ ਕੇ ਸ਼ਾਮਲ ਹੋਣਗੇ, ਇਹ ਕਮੇਟੀ ਲਈ ਮਾਣ ਵਾਲੀ ਗੱਲ ਹੋਏਗੀ। 34ਵੇਂ ਮੇਲੇ ਸੰਬੰਧੀ ਵਰਕਸ਼ਾਪ 'ਚ ਇੱਕ ਦਿਨ ਪਹਿਲਾਂ ਹੀ ਮੈਡਮ ਕਿਰਨਜੀਤ ਕੌਰ ਦੀ ਅਗਵਾਈ 'ਚ ਸਰਕਾਰੀ ਪ੍ਰਾਇਮਰੀ ਸਕੂਲ ਲਹਿਰਾ ਬੇਗਾ (ਬਠਿੰਡਾ) ਦੀ ਟੀਮ 'ਰੰਗ ਦੇ ਬਸੰਤੀ' ਦੇ ਬਾਲ ਕਲਾਕਾਰ ਦੇਸ਼ ਭਗਤ ਯਾਦਗਾਰ ਹਾਲ ਪਹੁੰਚ ਗਏ ਅਤੇ ਸ਼ਾਮ ਤੱਕ ਪੰਜਾਬ ਦੇ ਕੋਨੇ-ਕੋਨੇ ਤੋਂ ਕਲਾਕਾਰ ਵਰਕਸ਼ਾਪ 'ਚ ਜੁੜਦੇ ਗਏ। ਜ਼ਿਕਰਯੋਗ ਹੈ ਕਿ 'ਦਾ ਮਿਊਜ਼ਿਕ ਫੈਕਟਰੀ' ਫਗਵਾੜਾ ਦੇ ਕਰਨੈਲ ਸਿੰਘ ਝੰਡੇ ਦੇ ਗੀਤ ਲਈ ਸੰਗੀਤ ਨਿਰਦੇਸ਼ਨ ਅਤੇ ਸਟੂਡੀਓ 'ਚ ਰਿਕਾਰਡਿੰਗ ਦੀਆਂ ਸੇਵਾਵਾਂ ਲਈ ਕਮੇਟੀ ਵੱਲੋਂ ਧੰਨਵਾਦ ਦੇ ਪਾਤਰ ਹਨ।

### ਕੰਗਨਾ ਰਣੌਤ ਨੂੰ ...

ਸਿੰਘ ਬਹਿਨੀਵਾਲ ਨੇ ਕੰਗਨਾ ਦੇ ਦਾਅਵੇ ਦਾ ਵਿਰੋਧ ਕਰਦਿਆਂ ਕਿਹਾ, "ਕੰਗਨਾ ਰਣੌਤ ਨੇ ਅਦਾਲਤ ਨੂੰ ਦੱਸਿਆ ਕਿ ਉਸ ਨੇ ਗਲਤੀ ਨਾਲ ਰੀਟਵੀਟ ਕੀਤਾ ਸੀ ਅਤੇ ਕਿਸੇ ਨੂੰ ਨਿਸ਼ਾਨਾ ਨਹੀਂ ਬਣਾਇਆ ਸੀ, ਪਰ ਮੇਰੇ ਮੁਵੱਕਿਲ ਦੇ ਪਤੀ ਲਾਭ ਸਿੰਘ ਨੇ ਕਿਹਾ ਹੈ ਕਿ ਉਨ੍ਹਾ ਨੇ ਪਹਿਲਾਂ ਕਦੇ ਮੁਆਫੀ ਨਹੀਂ ਮੰਗੀ। ਕੰਗਨਾ ਨੇ ਸੁਰੱਖਿਆ ਕਾਰਨਾਂ ਕਰਕੇ ਨਿੱਜੀ ਪੇਸ਼ੀ ਤੋਂ ਸਥਾਈ ਛੋਟ ਦੀ ਮੰਗ ਕਰਦੇ ਹੋਏ ਇੱਕ ਅਰਜ਼ੀ ਵੀ ਦਾਖਲ ਕੀਤੀ, ਜਿਸ ਦਾ ਅਸੀਂ ਵਿਰੋਧ ਕੀਤਾ।"

ਇਸ ਕੇਸ ਨੂੰ ਹੁਣ ਜੁਡੀਸ਼ੀਅਲ ਮੈਜਿਸਟਰੇਟ ਫਸਟ ਕਲਾਸ ਦੀ ਅਦਾਲਤ ਤੋਂ ਜੁਡੀਸ਼ੀਅਲ ਮੈਜਿਸਟਰੇਟ ਫਸਟ ਕਲਾਸ (ਸਪੈਸ਼ਲ ਕੋਰਟ) ਵਿੱਚ ਤਬਦੀਲ ਕਰ ਦਿੱਤਾ ਗਿਆ ਹੈ ਅਤੇ ਅਗਲੀ ਸੁਣਵਾਈ 24 ਨਵੰਬਰ ਲਈ ਨਿਰਧਾਰਤ ਕੀਤੀ ਗਈ ਹੈ। ਜ਼ਿਕਰਯੋਗ ਹੈ ਕਿ ਇਹ ਕੇਸ ਕਿਸਾਨਾਂ ਦੇ ਵਿਰੋਧ ਪ੍ਰਦਰਸ਼ਨ ਦੌਰਾਨ ਕੰਗਨਾ ਦੇ ਇੱਕ ਟਵੀਟ ਨਾਲ ਸੰਬੰਧਤ ਹੈ, ਜਿਸ ਵਿੱਚ ਉਸ ਨੇ ਬਹਾਦਰਗੜ੍ਹ ਜੰਡੀਆਂ ਪਿੰਡ ਦੀ ਇੱਕ ਬਜ਼ੁਰਗ ਕਿਸਾਨ ਔਰਤ ਮਹਿੰਦਰ ਕੌਰ ਦੀ ਤਸਵੀਰ ਸਾਂਝੀ ਕੀਤੀ ਸੀ ਅਤੇ ਉਸ ਦੀ ਤੁਲਨਾ ਸ਼ਾਹੀਨ ਬਾਗ ਪ੍ਰਦਰਸ਼ਨਾਂ ਦੀ ਬਜ਼ੁਰਗ ਔਰਤ ਬਿਲਕਿਸ ਬਾਨੋ ਨਾਲ ਕੀਤੀ ਸੀ। ਕੰਗਨਾ ਨੇ ਕਥਿਤ ਤੌਰ 'ਤੇ ਦਾਅਵਾ ਕੀਤਾ ਸੀ ਕਿ ਅਜਿਹੀਆਂ ਔਰਤਾਂ ਵਿਰੋਧ ਪ੍ਰਦਰਸ਼ਨਾਂ ਵਿੱਚ ਸ਼ਾਮਲ ਹੋਣ ਲਈ 100 ਰੁਪਏ ਵਿੱਚ ਉਪਲੱਬਧ ਹਨ। ਇਸ ਟਿੱਪਣੀ 'ਤੇ ਵਿਆਪਕ ਆਲੋਚਨਾ ਹੋਈ ਸੀ, ਜਿਸ ਤੋਂ ਬਾਅਦ ਮਹਿੰਦਰ ਕੌਰ ਨੇ ਜਨਵਰੀ 2021 ਵਿੱਚ ਮਾਣਹਾਨੀ ਦੀ ਸ਼ਿਕਾਇਤ ਦਰਜ ਕਰਵਾਈ ਸੀ, ਜਿਸ ਵਿੱਚ ਉਸ ਨੇ ਦੋਸ਼ ਲਾਇਆ ਸੀ ਕਿ ਇਸ ਨਾਲ ਉਸ ਦੀ ਸਾਖ ਨੂੰ ਢਾਹ ਲੱਗੀ ਹੈ। ਸੁਰੱਖਿਆ ਕਾਰਨਾਂ ਕਰਕੇ ਕੋਰਟ ਕੰਪਲੈਕਸ ਦੇ ਅੰਦਰ ਤੇ ਬਾਹਰ ਸਖਤ ਘੇਰਾਬੰਦੀ ਸੀ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# 16 ਦੀ ਸੂਬਾਈ ਰੈਲੀ ਦੇ ਪ੍ਰਬੰਧਾਂ ਬਾਬਤ ਅਹਿਮ ਮੀਟਿੰਗ

**ਵੇਰਕਾ ( ਰਾਣਾ)**- ਪੰਜਾਬ ਦੇ ਮੁਲਾਜ਼ਮਾਂ, ਪੈਨਸ਼ਨਰਾਂ ਅਤੇ ਮਾਣਭੱਤਾ ਵਰਕਰਾਂ ਦੀਆਂ ਮੰਗਾਂ ਨੂੰ ਲਗਾਤਾਰ ਨਜ਼ਰਅੰਦਾਜ਼ ਕੀਤੇ ਜਾਣ ਦੇ ਰੋਸ ਵਜੋਂ 'ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ' ਵੱਲੋਂ 16 ਨਵੰਬਰ ਨੂੰ ਕੀਤੀ ਜਾ ਰਹੀ ਸੂਬਾ ਪੱਧਰੀ ਰੈਲੀ ਦੀਆਂ ਤਿਆਰੀਆਂ ਸੰਬੰਧੀ ਅੱਜ ਸਥਾਨਕ ਖੁਰਾਕ ਤੇ ਸਪਲਾਈਜ਼ ਦਫ਼ਤਰ ਧੂਰੀ ਵਿਖੇ ਸਾਂਝੇ ਫਰੰਟ ਦੇ ਕਨਵੀਨਰਾਂ ਰਣਜੀਤ ਸਿੰਘ ਰਾਣਵਾਂ, ਸਤੀਸ਼ ਰਾਣਾ, ਧਨਵੰਤ ਸਿੰਘ ਭੱਠਲ, ਰਾਜ ਕੁਮਾਰ ਅਰੋੜਾ, ਅਭਿਨਾਸ਼ ਸ਼ਰਮਾ, ਜਗਦੀਸ਼ ਸ਼ਰਮਾ, ਸੁਖਦੇਵ ਸ਼ਰਮਾ ਧੂਰੀ, ਸੁਖਦੇਵ ਸ਼ਰਮਾ ਏਟਕ, ਗੁਰਚਰਨ ਸਿੰਘ ਅਕੋਈ, ਸੀਤਾ ਰਾਮ ਸ਼ਰਮਾ, ਰਜਿੰਦਰ ਅਕੋਈ, ਸੁਖਦੇਵ ਸਿੰਘ ਚੰਗਾਲੀਵਾਲਾ, ਬਿੱਕਰ ਸਿੰਘ ਸਿੱਬੀਆ, ਜਸਵਿੰਦਰ ਸਿੰਘ ਮੂਲੋਵਾਲ, ਰਾਣੋ ਖੇੜੀ ਗਿੱਲਾਂ ਸੂਬਾ ਪ੍ਰਧਾਨ ਆਸ਼ਾ ਵਰਕਰ ਤੇ ਫੈਸਿਲੀਟੇਟਰ ਯੂਨੀਅਨ, ਸੀਤਾ ਰਾਮ (ਬਿਜਲੀ)ਆਦਿ ਦੀ ਅਗਵਾਈ ਵਿੱਚ ਮੀਟਿੰਗ ਕੀਤੀ ਗਈ ਅਤੇ ਮੁੱਖ ਮੰਤਰੀ ਦੇ ਨਾਂਅ ਮੁੱਖ ਮੰਤਰੀ ਦਫਤਰ ਵੱਲੋਂ ਦਫਤਰ ਇੰਚਾਰਜ ਅਤੇ ਚੇਅਰਮੈਨ ਮਾਰਕੀਟ ਕਮੇਟੀ ਰਾਜਵੰਤ ਸਿੰਘ ਘੁੱਲੀ ਰਾਹੀਂ ਰੈਲੀ ਦਾ ਨੋਟਿਸ/ਮੰਗ ਪੱਤਰ ਭੇਜਿਆ ਗਿਆ।ਮੀਟਿੰਗ ਤੋਂ ਬਾਅਦ ਪ੍ਰੈੱਸ ਦੇ ਨਾਂਅ ਬਿਆਨ ਜਾਰੀ ਕਰਦਿਆਂ ਸਾਂਝੇ ਫਰੰਟ ਦੇ ਆਗੂਆਂ ਨੇ ਆਖਿਆ ਕਿ ਪੰਜਾਬ ਸਰਕਾਰ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਕੇਂਦਰ ਅਤੇ ਗਵਾਂਢੀ ਸੂਬਿਆਂ ਦੀਆਂ ਸਰਕਾਰਾਂ ਨਾਲੋਂ 16% ਮਹਿੰਗਾਈ ਭੱਤਾ ਘੱਟ



ਦੇ ਰਹੀ ਹੈ। ਇਸੇ ਤਰ੍ਹਾਂ ਪੈਨਸ਼ਨਰਾਂ ਉੱਤੇ 2.59 ਦਾ ਗੁਣਾਕ ਲਾਗੂ ਕਰਨ, ਆਪਣੀ ਸਰਕਾਰ ਦੁਆਰਾ ਪੁਰਾਣੀ ਪੈਨਸ਼ਨ ਦੇਣ ਸੰਬੰਧੀ ਜਾਰੀ ਕੀਤੇ ਨੋਟੀਫਿਕੇਸ਼ਨ ਨੂੰ ਲਾਗੂ ਕਰਨ, ਮਾਣ ਭੱਤਾ ਵਰਕਰਾਂ 'ਤੇ ਘੱਟੋ-ਘੱਟ ਉਜਰਤਾਂ ਕਾਨੂੰਨ ਲਾਗੂ ਕਰਨ, ਕੱਚੇ, ਆਊਟਸੋਰਸ, ਇਨਲਿਸਟਡ ਅਤੇ ਵੱਖ-ਵੱਖ ਸੁਸਾਇਟੀਆਂ ਵਿੱਚ ਕੰਮ ਕਰਦੇ ਮੁਲਾਜ਼ਮਾਂ ਨੂੰ ਪੱਕਾ ਕਰਨ, 17 ਜੁਲਾਈ 2020 ਤੋਂ ਬਾਅਦ ਭਰਤੀ ਕੀਤੇ ਮੁਲਾਜ਼ਮਾਂ ਉੱਤੇ ਪੰਜਾਬ ਦੇ ਤਨਖਾਹ ਸਕੇਲ ਲਾਗੂ ਕਰਨ, ਪੇਂਡੂ ਤੇ ਬਾਰਡਰ ਏਰੀਆ ਸਮੇਤ ਕੱਟੇ ਗਏ ਸਾਰੇ ਭੱਤੇ ਅਤੇ ਏ. ਸੀ. ਪੀ. ਬਹਾਲ ਕਰਨ, ਖਰਖ ਕਾਲ ਦੌਰਾਨ ਮੁਢਲੀ ਤਨਖਾਹ ਦੇਣ ਦਾ ਫ਼ੈਸਲਾ ਰੱਦ ਕਰਨ, ਮਹਿੰਗਾਈ ਭੱਤੇ ਅਤੇ ਛੇਵੇਂ ਤਨਖਾਹ ਕਮਿਸ਼ਨ ਤਹਿਤ ਬਣਦੇ ਬਕਾਏ ਜਾਰੀ ਕਰਨ, ਜਜ਼ੀਆ ਰੂਪੀ 200 ਰੁਪਏ ਵਿਕਾਸ ਟੈਕਸ ਬੰਦ ਕਰਨ ਸਮੇਤ ਸਾਂਝੇ ਫਰੰਟ ਦੀਆਂ ਹੋਰ ਮੰਗਾਂ ਪੂਰੀਆਂ ਕਰਨ ਤੋਂ ਲੱਗਭੱਗ ਇਨਕਾਰੀ ਹੋ ਚੁੱਕੀ ਹੈ ਜਦੋਂਕਿ ਸੱਤਾ ਵਿੱਚ ਆਉਣ ਤੋਂ ਪਹਿਲਾਂ ਆਮ ਆਦਮੀ ਪਾਰਟੀ ਵੱਲੋਂ ਮੁਲਾਜ਼ਮਾਂ, ਪੈਨਸ਼ਨਰਾਂ ਅਤੇ ਮਾਣਭੱਤਾ ਵਰਕਰਾਂ ਨੂੰ ਅਨੇਕਾਂ ਕਿਸਮ ਦੀਆਂ ਗਰੰਟੀਆਂ ਦਿੱਤੀਆਂ ਗਈਆਂ ਸਨ।ਸਾਂਝੇ ਫਰੰਟ ਦੇ ਆਗੂਆਂ ਸ਼ਤੀਸ ਰਾਣਾ, ਰਣਜੀਤ ਸਿੰਘ ਰਾਣਵਾਂ, ਧਨਵੰਤ ਸਿੰਘ ਭੱਠਲ ਨੇ ਆਖਿਆ ਕਿ 16 ਨਵੰਬਰ ਨੂੰ ਪੰਜਾਬ ਦੇ ਕੋਨੇ ਕੋਨੇ ਵਿੱਚੋਂ ਹਜ਼ਾਰਾਂ ਮੁਲਾਜ਼ਮ, ਪੈਨਸ਼ਨਰ ਅਤੇ ਮਾਣਭੱਤਾ ਵਰਕਰ ਮੁੱਖ ਮੰਤਰੀ ਦੇ ਹਲਕੇ ਧੂਰੀ ਵਿੱਚ ਕੀਤੀ ਜਾਣ ਵਾਲੀ ਰੈਲੀ ਵਿੱਚ ਪੁੱਜ ਕੇ ਪੰਜਾਬ ਸਰਕਾਰ ਦੀਆਂ ਨੀਤੀਆਂ ਦੀ ਪੋਲ ਖੋਲਣਗੇ। ਇਸ ਮੌਕੇ ਆਰ ਐਲ ਪਾਂਧੀ, ਹੰਸਰਾਜ ਦੀਦਾਰਗੜ੍ਹ, ਕੁਲਵੰਤ ਸਿੰਘ, ਸਰਬਜੀਤ ਸਿੰਘ, ਮਾਲਵਿੰਦਰ ਸਿੰਘ, ਬੱਬਨਪਾਲ ਸੰਗਰੂਰ, ਪਿਆਰਾ ਲਾਲ, ਜੈ ਦੇਵ ਸ਼ਰਮਾ ਆਦਿ ਆਗੂ ਵੀ ਹਾਜ਼ਰ ਸਨ।

# ਡਾਇਗਨੋਸਟਿਕ ਟੈਸਟਾਂ ਤੇ ਸੀ ਸੀ ਪੀ ਪ੍ਰੋਗਰਾਮ ਸੰਬੰਧੀ ਟ੍ਰੇਨਿੰਗ ਕਰਵਾਈ

**ਗੁਰਦਾਸਪੁਰ (ਦਿਨੇਸ਼ ਕੁਮਾਰ)**- ਸਿਵਲ ਸਰਜਨ ਗੁਰਦਾਸਪੁਰ ਡਾ. ਜਸਵਿੰਦਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸੀ ਐਚ ਓ (ਕਮਿਊਨਿਟੀ ਹੈਲਥ ਅਫਸਰ) ਦੀ ਡਾਇਗਨੋਸਟਿਕ ਟੈਸਟਾਂ ਅਤੇ ਸੀ ਸੀ ਪੀ ਪ੍ਰੋਗਰਾਮ ਸਬੰਧੀ ਜ਼ਿਲ੍ਹਾ ਪੱਧਰੀ ਟ੍ਰੇਨਿੰਗ ਸਿਵਲ ਸਰਜਨ ਦਫਤਰ ਗੁਰਦਾਸਪੁਰ ਵਿਖੇ ਕਰਵਾਈ ਗਈ। ਇਸ ਦੌਰਾਨ ਜ਼ਿਲ੍ਹਾ ਗੁਰਦਾਸਪੁਰ ਦੀਆਂ ਵੱਖ ਵੱਖ ਸਿਹਤ ਸੰਸਥਾਵਾਂ ਵਿੱਚ ਕੰਮ ਕਰ ਰਹੇ ਸੀ ਐਚ ਓ ਨੂੰ ਜ਼ਿਲ੍ਹਾ ਪਰਵਾਰ ਭਲਾਈ ਅਫ਼ਸਰ ਡਾ. ਤੇਜਿੰਦਰ ਕੌਰ, ਡਾ. ਮਨਪ੍ਰੀਤ ਕੌਰ ਪੈਥੋਲੋਜਿਸਟ ਜ਼ਿਲ੍ਹਾ ਹਸਪਤਾਲ, ਡੀ ਪੀ ਐਮ ਗੁਰਪ੍ਰੀਤ ਸਿੰਘ, ਡਾ. ਸਪਨਾ ਮਾਸਟਰ ਟ੍ਰੇਨਰ ਸੀ ਸੀ ਪੀ ਪ੍ਰੋਗਰਾਮ ਨੇ ਵੱਖ-ਵੱਖ ਵਿਸ਼ਿਆਂ ਦੀ ਜਾਣਕਾਰੀ ਦਿੱਤੀ।ਇਸ ਮੌਕੇ ਜ਼ਿਲ੍ਹਾ ਪਰਵਾਰ ਭਲਾਈ ਅਫ਼ਸਰ ਡਾ. ਤੇਜਿੰਦਰ ਕੌਰ ਵੱਲੋਂ ਸਮੂਹ ਸੀ ਐਚ ਓ ਨੂੰ 6 ਜ਼ਰੂਰੀ ਟੈਸਟਾਂ ਦੀ ਟ੍ਰੇਨਿੰਗ ਦਿੱਤੀ ਗਈ। ਇਨ੍ਹਾ ਟੈਸਟਾਂ ਵਿੱਚ ਹੀਮੋਗਲੋਬਿਨ, ਐਚ ਆਈ ਵੀ, ਐਚ ਸੀ ਵੀ, ਸਿਫਿਲਿਸ, ਮਲੇਰੀਆ, ਸਾਲਟ ਟੈਸਟਿੰਗ ਸ਼ਾਮਲ ਹੈ। ਟ੍ਰੇਨਿੰਗ ਤੋਂ ਬਾਦ ਸੀ ਐਚ ਓ ਆਪਣੇ ਆਯੁਸ਼ਮਾਨ ਅਰੋਗਿਆ ਕੇਂਦਰਾਂ 'ਤੇ ਇਹ ਟੈਸਟ ਕਰਨਗੇ। ਉਨਾਂ ਕਿਹਾ ਕਿ ਕੇਅਰ ਕੰਪੇਨੀਅਨ ਪ੍ਰੋਗਰਾਮ ਰਾਹੀਂ ਮਰੀਜ਼ਾਂ ਨੂੰ ਬਿਮਾਰੀ ਦੇ ਲੱਛਣ ਅਤੇ ਇਲਾਜ ਬਾਰੇ ਦੱਸਿਆ ਜਾ ਰਿਹਾ ਹੈ। ਸ਼ੁਰੂਆਤੀ ਜਾਂਚ ਨਾਲ ਇਲਾਜ ਆਸਾਨ ਹੋ ਜਾਂਦਾ ਹੈ।

# ਪੰਜਾਬ 'ਵਰਸਿਟੀ 'ਚ ਸ਼ਹੀਦੀ ਸ਼ਤਾਬਦੀ ਸੰਬੰਧੀ ਸੈਮੀਨਾਰ ਨੂੰ ਮਨਜ਼ੂਰੀ ਨਾ ਦੇਣਾ ਮੰਦਭਾਗਾ : ਖਹਿਰਾ

**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)**- ਪੰਜਾਬ ਯੂਨੀਵਰਸਿਟੀ ਵਿੱਚ ਉਲੀਕੇ ਗਏ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਸਬੰਧੀ ਸੈਮੀਨਾਰ ਨੂੰ ਯੂਨੀਵਰਸਿਟੀ ਪ੍ਰਬੰਧਕਾਂ ਵੱਲੋਂ ਮਨਜ਼ੂਰੀ ਨਾ ਦੇਣਾ ਬਹੁਤ ਮੰਦਭਾਗਾ ਹੈ। ਜਿੱਥੇ ਅੱਜ ਸਾਰਾ ਦੇਸ਼ ਗੁਰੂ ਸਾਹਿਬ ਦੀ ਕੁਰਬਾਨੀ ਨੂੰ ਸਿਜਦਾ ਕਰ ਰਿਹਾ ਹੈ ਅਤੇ ਕੇਂਦਰ ਸਰਕਾਰ



ਅਤੇ ਵੱਖ ਵੱਖ ਰਾਜ ਸਰਕਾਰਾਂ ਦੇ ਅਧਿਕਾਰੀ, ਮੰਤਰੀ, ਮੁੱਖ ਮੰਤਰੀ ਅਤੇ ਖੁਦ ਪ੍ਰਧਾਨ ਮੰਤਰੀ ਮੋਦੀ ਇਹਨਾਂ ਸਮਾਗਮਾਂ ਵਿੱਚ ਸ਼ਿਰਕਤ ਕਰ ਰਹੇ ਹਨ, ਉਸ ਵਕਤ ਪੰਜਾਬ ਦੀ ਇਸ ਯੂਨੀਵਰਸਿਟੀ ਵੱਲੋਂ ਇਸ ਤਰ੍ਹਾਂ ਦੇ ਵਤੀਰੇ ਦੀ ਨਿੰਦਾ ਕੀਤੀ ਜਾਂਦੀ ਹੈ। ਇਹ ਸ਼ਬਦ ਭਾਜਪਾ ਦੇ ਜ਼ਿਲ੍ਹਾ ਮੀਤ ਪ੍ਰਧਾਨ ਅਤੇ ਮੁੱਖ ਬੁਲਾਰੇ ਅਮਰਪਾਲ ਸਿੰਘ ਖਹਿਰਾ ਜੋ ਕੁਦਰਤ ਫਾਊਂਡੇਸ਼ਨ ਦੇ ਪ੍ਰਧਾਨ ਵੀ ਹਨ, ਨੇ ਪੱਤਰਕਾਰਾਂ ਨਾਲ ਸਾਂਝੇ ਕੀਤੇ। ਉਹਨਾਂ ਕਿਹਾ ਕਿ ਉਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਪੀਲ ਕਰਦੇ ਹਨ ਕਿ ਉਹ ਖੁਦ ਦਖਲ ਦੇ ਕੇ ਪੰਜਾਬ ਯੂਨੀਵਰਸਿਟੀ ਦੇ ਪ੍ਰਬੰਧਕਾਂ ਨੂੰ ਸੈਮੀਨਾਰ ਕਰਵਾਉਣ ਵਿੱਚ ਅੜਿੱਕੇ ਨਾ ਡਾਹੁਣ ਦੇ ਸਪੱਸ਼ਟ ਨਿਰਦੇਸ਼ ਦੇਣ। ਇਸ ਨਾਲ ਪੰਜਾਬ ਖਾਸ ਕਰ ਸਿੱਖ ਭਾਈਚਾਰੇ ਵਿੱਚ ਪੈਦਾ ਹੋ ਰਹੇ ਰੋਸ ਨੂੰ ਖ਼ਤਮ ਕੀਤਾ ਜਾ ਸਕੇਗਾ ਅਤੇ ਗੁਰੂ ਤੇਗ ਬਹਾਦਰ ਜੀ ਦੀ ਲਾਸਾਨੀ ਸ਼ਹਾਦਤ ਨੂੰ ਯਾਦ ਕੀਤਾ ਜਾ ਸਕੇਗਾ। ਇਸ ਮੌਕੇ ਅਮਰਪਾਲ ਸਿੰਘ ਖਹਿਰਾ ਨਾਲ ਕਿਸਾਨ ਮੋਰਚਾ ਦੇ ਜ਼ਿਲ੍ਹਾ ਪ੍ਰਧਾਨ ਗੁਰਸਾਹਿਬ ਸਿੰਘ, ਕਿਸਾਨ ਮੋਰਚਾ ਦੇ ਮੀਤ ਪ੍ਰਧਾਨ ਕੁਲਵੰਤ ਸਿੰਘ ਭੈਲ, ਜ਼ਿਲ੍ਹਾ ਮੀਡੀਆ ਇੰਚਾਰਜ ਦਸਬਿੰਦਰ ਸਿੰਘ ਗੋਇੰਦਵਾਲ, ਜ਼ਿਲ੍ਹਾ ਸਕੱਤਰ ਸੁਖਵੰਤ ਸਿੰਘ, ਆਦਿ ਆਗੂ ਮੌਜੂਦ ਸਨ ।

# ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਧਾਰੀਵਾਲ ਵਿਖੇ ਕਰਵਾਈ ਧਾਰਮਿਕ ਪ੍ਰੀਖਿਆ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਧਾਰੀਵਾਲ ਵਿਖੇ ਡਾਇਰੈਕਟਰ ਅਮਰਜੀਤ



ਸਿੰਘ ਚਾਹਲ, ਸਕੱਤਰ ਮੈਡਮ ਪਰਮਿੰਦਰ ਕੌਰ ਚਾਹਲ, ਪ੍ਰਿੰਸੀਪਲ ਕਿਰਨ ਕੇਸਰ ਦੀ ਯੋਗ ਅਗਵਾਈ ਹੇਠ ਸਕੂਲ ਵਿਖੇ ਸਿੱਖ ਮਿਸ਼ਨਰੀ ਕਾਲਜ ਵੱਲੋਂ ਧਾਰਮਿਕ ਪ੍ਰੀਖਿਆਵਾਂ ਲਈਆਂ ਗਈਆਂ । ਜਿਸ ਵਿੱਚ ਸਕੂਲ ਦੇ ਲਿਟਲ ਸਪਰਾਊਟਸ ਤੋਂ ਲੈ ਕੇ ਅੱਠਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ। ਇਸ ਦੌਰਾਨ ਪ੍ਰੀਖਿਆ ਵਿੱਚ ਰਣਜੀਤ ਸਿੰਘ ਨੇ ਸੁਪਰਡੈਂਟ ਵਜੋਂ ਭੂਮਿਕਾ ਨਿਭਾਈ।ਜਾਣਕਾਰੀ ਦਿੰਦੇ ਹੋਏ ਪ੍ਰਿੰਸੀਪਲ ਕਿਰਨ ਕੇਸਰ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਅਧਿਆਤਮਕ ਵਿੱਦਿਆ ਦੇ ਨਾਲ ਨਾਲ ਧਾਰਮਿਕ ਵਿੱਦਿਆ ਵੀ ਪ੍ਰਾਪਤ ਕਰਨੀ ਚਾਹੀਦੀ ਹੈ ਤਾਂ ਜੋ ਆਪਣੇ ਇਤਿਹਾਸ ਆਪਣੇ ਗੁਰੂਆਂ ਨਾਲ ਸੰਬੰਧਤ ਸੰਪੂਰਨ ਜਾਣਕਾਰੀ ਪ੍ਰਾਪਤ ਕਰ ਸਕਣ।ਇਸ ਤੋਂ ਇਲਾਵਾ ਉਹਨਾਂ ਨੇ ਵਿਦਿਆਰਥੀਆਂ ਨੂੰ ਦੱਸਿਆ ਕਿ ਜੀਵਨ ਦੇ ਸਫਰ ਦੀ ਸ਼ੁਰੂਆਤ ਬਾਲ ਅਵਸਥਾ ਹੀ ਹੈ, ਸੋ ਸਾਨੂੰ ਹੁਣ ਤੋਂ ਹੀ ਗੁਰਬਾਣੀ ਨਾਲ ਜੁੜਨਾ ਚਾਹੀਦਾ ਹੈ ਤਾਂ ਜੋ ਅਸੀਂ ਵੀ ਵੱਡੇ ਹੋ ਕੇ ਚੰਗੇ ਸੰਸਕਾਰ ਪ੍ਰਾਪਤ ਕਰੀਏ ਅਤੇ ਉੱਚੇ ਕਿਰਦਾਰ ਵਾਲੇ ਨਾਗਰਿਕ ਬਣ ਸਕੀਏ ਅਤੇ ਆਪਣੀ ਆਉਣ ਵਾਲੀ ਪੀੜ੍ਹੀ ਨੂੰ ਵੀ ਗੁਰਬਾਣੀ ਨਾਲ ਜੋੜ ਸਕੀਏ।

# ਨੌਸ਼ਹਿਰਾ ਬਹਾਦਰ ਦੀ ਸੜਕ ਦਾ ਕੰਮ ਅੱਧ-ਵਿਚਾਲੇ

**ਗੁਰਦਾਸਪੁਰ (ਜਨਕ ਮਹਾਜਨ)**- ਪੰਜਾਬ ਮੰਡੀ ਬੋਰਡ ਵਿਭਾਗ ਵੱਲੋਂ ਨਵਾਂ ਸ਼ਾਲਾ ਤੋਂ ਨਵਾਂ ਪਿੰਡ ਬਹਾਦਰ ਨੂੰ ਜਾਣ ਵਾਲੀ ਸੰਪਰਕ ਸੜਕ 'ਤੇ 23 ਕਰੋੜ 28 ਲੱਖ ਰੁਪਏ ਖਰਚ ਕੀਤੇ ਜਾ ਰਹੇ ਹਨ ਅਤੇ



ਕੰਮ ਅੱਧ ਵਿਚਾਲੇ ਫਸ ਜਾਣ ਨਾਲ ਸ਼ਰਧਾਲੂ ਤੇ ਪਿੰਡ ਦੇ ਲੋਕ ਅਜੇ ਵੀ ਕਾਫੀ ਪ੍ਰੇਸ਼ਾਨ ਹਨ। ਖਾਸ ਕਰ ਗੁਰਦੁਆਰਾ ਸ਼ਹੀਦ ਬੀਬੀ ਸੁੰਦਰੀ ਨੇੜੇ ਸੜਕ ਨੀਵੀਂ ਅਤੇ ਪਾਣੀ ਖੜ੍ਹਾ ਹੋਣ ਕਰਕੇ ਆਵਾਜਾਈ ਕਾਫੀ ਪ੍ਰਭਾਵਿਤ ਹੋ ਰਹੀ ਹੈ। ਇਲਾਕੇ ਦੇ ਲੋਕਾਂ ਤੇ ਸ਼ਰਧਾਲੂਆਂ ਨੇ ਦੱਸਿਆ ਕਿ ਇਸ ਸੜਕ ਉੱਤੇ ਅਨੇਕਾਂ ਪਿੰਡਾਂ ਦਾ ਆਉਣਾ-ਜਾਣਾ ਰਹਿੰਦਾ ਤੇ ਲੋਕ ਸ਼ਾਮ-ਸਵੇਰੇ ਗੁਰਦੁਆਰਾ ਸਾਹਿਬ ਵਿਖੇ ਨਤਮਸਤਕ ਹੋਣ ਲਈ ਵੀ ਜਾਂਦੇ ਹਨ ਅਤੇ ਸੜਕ ਵਿਚਕਾਰ ਹਰ ਵੇਲੇ ਪਾਣੀ ਖੜ੍ਹਾ ਰਹਿਣ ਕਰਕੇ ਲੋਕਾਂ ਨੂੰ ਕਾਫੀ ਮੁਸੀਬਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਦੱਸਿਆ ਕਿ ਮੰਡੀ ਬੋਰਡ ਵਲੋਂ ਥੋੜ੍ਹੀ ਜਿਹੀ ਸੜਕ 'ਤੇ ਪ੍ਰੀਮਿਕਸ ਪਾ ਦਿੱਤਾ ਗਿਆ ਸੀ ਅਤੇ ਬਾਕੀ ਸੜਕ ਕਾਫੀ ਖਰਾਬ ਹੈ, ਜਿਸ ਨਾਲ ਲੋਕਾਂ ਦਾ ਲੰਘਣਾ ਮੁਸ਼ਕਲ ਹੈ। ਉਨ੍ਹਾਂ ਦੱਸਿਆ ਕਿ ਸੜਕ ਦਾ ਕੰਮ ਲੋਕਾਂ ਦੀ ਤਸੱਲੀ ਮੁਤਾਬਕ ਨਹੀਂ ਹੋ ਰਿਹਾ ਅਤੇ ਦੁਬਾਰਾ ਮੀਂਹ ਪੈ ਗਿਆ ਤਾਂ ਸੜਕ ਦੁਬਾਰਾ ਟੁੱਟਣੀ ਸ਼ੁਰੂ ਹੋ ਜਾਵੇਗੀ। ਉਨ੍ਹਾਂ ਡਿਪਟੀ ਕਮਿਸ਼ਨਰ ਗੁਰਦਾਸਪੁਰ ਪਾਸੋਂ ਮੰਗ ਕੀਤੀ ਕਿ ਸੜਕ ਉੱਤੇ ਏਨੀ ਵੱਡੀ ਰਕਮ ਖਰਚ ਕੀਤੀ ਜਾ ਰਹੀ ਹੈ, ਇਸ ਦੀ ਜਾਂਚ ਕਰਵਾਈ ਜਾਵੇ ਤਾਂ ਜੋ ਕਈ ਤਰ੍ਹਾਂ ਦੀਆਂ ਊਣਤਾਈਆਂ ਲੋਕਾਂ ਦੇ ਸਾਹਮਣੇ ਆ ਸਕਣ।

# ਆਸਟ੍ਰੇਲੀਆ ਦੇ ਸਵਾਨ 'ਚ ਪਹਿਲੀ ਵਾਰ ਭਾਰਤੀ ਮੂਲ ਦੀ ਪੰਜਾਬਣ ਕੌਂਸਲਰ ਬਣੀ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਪੱਛਮੀ ਆਸਟ੍ਰੇਲੀਆ ਦੇ ਸਭ ਤੋਂ ਵੱਡੇ ਸ਼ਹਿਰ ਸਵਾਨ ਦੀ ਨਗਰ ਮਿਊਂਸਪਲ ਕੌਂਸਲ ਦੀਆਂ ਹੋਈਆਂ ਚੋਣ ਵਿੱਚ ਭਾਰਤੀ ਮੂਲ ਦੀ ਪਹਿਲੀ ਪੰਜਾਬਣ ਨਵਦੀਪ ਕੌਰ ਉਰਫ ਨਵ ਕੌਰ ਨੂੰ ਵਾਰਡ ਅਲਟੋਨ ਤੋਂ ਚੋਣ ਜਿੱਤ ਕੇ ਕੌਂਸਲਰ ਬਣਨ ਦਾ ਮਾਣ ਹਾਸਲ ਹੋਇਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪਿਆਰਾ ਸਿੰਘ ਪਰਥ ਨੇ ਦੱਸਿਆ ਕਿ ਪੱਛਮੀ ਆਸਟ੍ਰੇਲੀਆ ਦੇ ਸ਼ਹਿਰ ਸਵਾਨ ਕੌਂਸਲ ਦੇ ਕੁੱਲ 12 ਕੌਂਸਲਰਾਂ ਵਿੱਚ ਭਾਰਤੀ ਮੂਲ ਦੀ ਪਹਿਲੀ ਵਾਰ ਪੰਜਾਬਣ ਨਵਦੀਪ ਕੌਰ ਉਰਫ ਨਵ ਕੌਰ ਕੌਂਸਲਰ ਬਣੀ ਹੈ। ਉਨ੍ਹਾਂ ਦੱਸਿਆ ਨਵਦੀਪ ਕੌਰ ਦੇ ਕੌਂਸਲਰ ਜਿੱਤਣ 'ਤੇ ਆਸਟਰੇਲੀਆ ਵੱਸਦੇ ਸਮੂਹ ਪੰਜਾਬੀਆਂ ਵਿੱਚ ਭਾਰੀ ਖੁਸ਼ੀ ਲਹਿਰ ਹੈ। ਉਨ੍ਹਾਂ ਦੱਸਿਆ ਪੱਛਮੀ ਆਸਟਰੇਲੀਆ ਦੇ ਸ਼ਹਿਰ ਸਵਾਨ ਦੇ ਵਾਰਡ ਅਲਟੋਨ ਵਿੱਚ ਨਵਦੀਪ ਕੌਰ ਉਰਫ ਨਵ ਕੌਰ ਸਮੇਤ ਕੌਂਸਲਰ ਦੀ ਚੋਣ ਲਈ ਕੁੱਲ 10 ਉਮੀਦਵਾਰ ਚੋਣ ਮੈਦਾਨ ਵਿੱਚ ਸਨ, ਜਿਨ੍ਹਾ ਵਿੱਚੋਂ ਭਾਰਤੀ ਮੂਲ ਦੀ ਪੰਜਾਬਣ ਨਵਦੀਪ ਕੌਰ ਉਰਫ ਨਵ ਕੌਰ ਨੇ ਸਾਰਿਆਂ ਤੋਂ ਵੱਧ



ਵੋਟਾਂ 1888 ਵੋਟਾਂ ਪ੍ਰਾਪਤ ਕਰਕੇ ਕੌਂਸਲਰ ਦੀ ਚੋਣ ਜਿੱਤੀ ਹੈ। ਪੱਛਮੀ ਆਸਟ੍ਰੇਲੀਆ ਦੇ ਸ਼ਹਿਰ ਸਵਾਨ ਦੀ ਮਿਊਂਸਪਲ ਕੌਂਸਲ ਵਿੱਚ ਪਹਿਲੀ ਵਾਰ ਪੰਜਾਬਣ ਕੌਂਸਲਰ ਬਣੀ ਨਵਦੀਪ ਕੌਰ ਨੇ ਸਹੁੰ ਚੁੱਕਣ ਮਗਰੋਂ ਆਪਣੇ ਸਮਰਥਕਾਂ ਤੇ ਵੋਟਰਾਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ। ਕੌਂਸਲਰ ਨਵਦੀਪ ਕੌਰ ਨੇ ਆਪਣੀ ਸ਼ਾਨਦਾਰ ਜਿੱਤ ਦੀ ਖੁਸ਼ੀ ਪ੍ਰਗਟ ਕਰਦਿਆਂ ਆਪਣੇ ਪਿਛੋਕੜ ਬਾਰੇ ਦੱਸਿਆ ਕਿ ਉਹ ਪੰਜਾਬ ਦੇ ਜ਼ਿਲ੍ਹਾ ਸੰਗਰੂਰ ਦੇ ਪਿੰਡ ਭਾਈਕੇ ਪਿਸ਼ੌਰ ਦੀ ਜੰਮਪਲ ਹੈ। ਉਸ ਨੇ ਆਪਣੀ ਮੁਢਲੀ ਸਿੱਖਿਆ ਪੰਜਾਬ ਦੇ ਜੀ.ਜੀ.ਐਸ ਜਨਰਲ ਗੁਰਨਾਮ ਸਿੰਘ ਪਬਲਿਕ ਸਕੂਲ (ਸੰਗਰੂਰ) ਤੋਂ ਪ੍ਰਾਪਤ ਕਰਨ ਮਗਰੋਂ ਇੰਜੀਨੀਅਰਿੰਗ ਦੀ ਡਿਗਰੀ ਬਾਬਾ ਬੰਦਾ ਸਿੰਘ ਬਹਾਦਰ ਇੰਜੀਨੀਅਰਿੰਗ ਕਾਲਜ ਫਤਿਹਗੜ੍ਹ ਸਾਹਿਬ ਤੋਂ ਹਾਸਲ ਕੀਤੀ, ਜਿੱਥੇ ਉਹ ਪੰਜਾਬ ਚੋਂ ਸੂਬਾ ਪੱਧਰ 'ਤੇ ਗੋਲਡ ਮੈਡਲਿਸਟ ਰਹੀ ਅਤੇ ਉਸ ਨੇ ਪੂਰੀ ਡਿਗਰੀ ਦੌਰਾਨ ਵਜ਼ੀਫੇ ਪ੍ਰਾਪਤ ਕੀਤੇ। ਇਸ ਦੇ ਬਾਅਦ ਉਹ ਵਿਆਹ ਮਗਰੋਂ ਆਪਣੇ ਪਤੀ ਇੰਜੀ: ਜਤਿੰਦਰ ਸਿੰਘ ਭੰਗੂ ਨਾਲ ਪੱਛਮੀ ਆਸਟ੍ਰੇਲੀਆ ਆ ਗਏ ਸਨ। ਆਸਟ੍ਰੇਲੀਆ ਵਿੱਚ ਮਾਸਟਰ ਡਿਗਰੀ ਕਰਨ ਉਪਰੰਤ ਵੱਖ ਵੱਖ ਖੇਤਰਾਂ ਵਿੱਚ ਕੰਮ ਕਰ ਚੁੱਕੀ ਹੈ ਅਤੇ ਲਗਭਗ 15 ਸਾਲਾਂ ਤੋਂ ਸਮਾਜ ਸੇਵਾ ਕੰਮਾਂ ਵਿੱਚ ਵੱਧ ਚੜ੍ਹ ਭਾਗ ਲੈਂਦੀ ਆ ਰਹੀ ਹੈ। ਉਨ੍ਹਾਂ ਕਿਹਾ ਕਿ ਉਹ ਵਾਰਡ ਵਾਸੀਆਂ ਦੀਆਂ ਉਮੀਦਾਂ 'ਤੇ ਖਰਾ ਉਤਰੇਗੀ।

# ਨਸ਼ਾ ਤਸਕਰਾਂ ਖ਼ਿਲਾਫ਼ ਮਾਮਲਾ ਦਰਜ

**ਗੁਰਦਾਸਪੁਰ (ਜਨਕ ਮਹਾਜਨ)**- ਥਾਣਾ ਦੋਰਾਂਗਲਾ ਦੇ ਐਸ.ਆਈ. ਅਵਤਾਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਸਮੇਤ ਪੁਲਿਸ ਪਾਰਟੀ ਟੀ-ਪੁਆਇਟ ਕੱਚਾ ਨੌਸਹਿਰਾ ਤੋਂ ਤਰਨਪ੍ਰੀਤ ਸਿੰਘ ਉਰਫ ਤੰਨੂ ਪੁੱਤਰ ਸਿੰਗਾਰਾ ਸਿੰਘ ਵਾਸੀ ਸੰਦਲਪੁਰ ਥਾਣਾ ਦੋਰਾਂਗਲਾ, ਗੁਰਪ੍ਰੀਤ ਸਿੰਘ ਪੁੱਤਰ ਕੇਹਰ ਸਿੰਘ ਵਾਸੀ ਜਮਾਲਪੁਰ ਥਾਣਾ ਸਦਰ ਪਠਾਨਕੋਟ, ਬਲਜੀਤ ਸਿੰਘ ਪੁੱਤਰ ਪੂਰਨ ਸਿੰਘ ਵਾਸੀ ਚੱਕ ਧਾਰੀਵਾਲ ਥਾਣਾ ਸਦਰ ਪਠਾਨਕੋਟ ਨੂੰ ਸ਼ੱਕ ਦੇ ਆਧਾਰ 'ਤੇ ਕਾਰ ਸਮੇਤ ਕਾਬੂ ਕਰਕੇ ਤਰਨਪ੍ਰੀਤ ਸਿੰਘ ਕੋਲੋ 30 ਗ੍ਰਾਮ ਹੈਰੋਇਨ, ਗੁਰਪ੍ਰੀਤ ਸਿੰਘ ਦੀ ਪੈਂਟ ਦੀ ਸੱਜੀ ਜੇਬ ਵਿਚੋ 2500 ਰੁਪਏ ਡਰੱਗ ਮਨੀ ਅਤੇ ਬਲਜੀਤ ਸਿੰਘ ਕੋਲੋ ਪੈਂਟ ਦੀ ਸੱਜੀ ਜੇਬ ਵਿੱਚੋਂ ਇਕ ਛੋਟਾ ਕੰਪਿਊਟਰ ਕੰਡਾ ਬਰਾਮਦ ਹੋਇਆ ਹੈ। ਪੁਲਿਸ ਨੇ ਉਕਤ ਨਸ਼ਾ ਤਸਕਰਾਂ ਖ਼ਿਲਾਫ਼ ਐਨ.ਡੀ.ਪੀ.ਐਸ. ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ।

# ਕੁੱਟਮਾਰ ਕਰਨ ਵਾਲਿਆਂ ਖ਼ਿਲਾਫ਼ ਮਾਮਲਾ ਦਰਜ

**ਗੁਰਦਾਸਪੁਰ (ਜਨਕ ਮਹਾਜਨ)**- ਥਾਣਾ ਘੁੰਮਣ ਕਲਾਂ ਪੁਲਸ ਨੂੰ ਦਿੱਤੇ ਬਿਆਨਾਂ ਵਿਚ ਰੋਹਿਤ ਪੁੱਤਰ ਅਵਤਾਰ ਮਸੀਹ ਵਾਸੀ ਦੂਲਾਨੰਗਲ ਨੇ ਦੱਸਿਆ ਕਿ 16 ਅਕਤੂਬਰ ਨੂੰ ਮੈਂ ਅਤੇ ਸਮਾਊਨ ਮਸੀਹ ਪੁੱਤਰ ਜੈਮਸ ਮਸੀਹ ਆਪਣੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਫੈਕਟਰੀ ਬੱਬੇਹਾਲੀ ਤੋਂ ਘਰ ਜਾ ਰਹੇ ਸੀ ਕਿ ਜਦ ਉਹ ਭੋਜਰਾਜ ਅਕੈਡਮੀ ਨਜ਼ਦੀਕ ਪੁੱਜੇ ਤਾਂ ਰਾਹੁਲ ਪੁੱਤਰ ਨਿਰਮਲ ਮਸੀਹ, ਗੋਲੂ ਪੁੱਤਰ ਨਿਸ਼ਾਨ ਮਸੀਹ, ਆਸ਼ੂ ਪੁੱਤਰ ਮੋਤੀ ਮਸੀਹ, ਮੁਨੀਸ਼ ਪੁੱਤਰ ਅੰਮ੍ਰਿਤਪਾਲ ਮਸੀਹ, ਡੈਨੀਅਲ ਮਸੀਹ ਪੁੱਤਰ ਤਰਸੇਮ ਮਸੀਹ ਵਾਸੀ ਦੂਲਾਨੰਗਲ ਪਹਿਲਾਂ ਤੋਂ ਖੜ੍ਹੇ ਸਨ, ਜਿਨਾਂ ਨੇ ਅੱਗੇ ਹੋ ਕੇ ਸਾਡਾ ਮੋਟਰਸਾਈਕਲ ਰੋਕ ਕੇ ਦਸਤੀ ਹਥਿਆਰਾਂ ਨਾਲ ਸੱਟਾਂ ਮਾਰ ਕੇ ਜ਼ਖਮੀ ਕਰ ਦਿੱਤਾ। ਪੀੜਤ ਸਿਵਲ ਹਸਪਤਾਲ ਬਟਾਲਾ ਵਿਖੇ ਜ਼ੇਰੇ ਇਲਾਜ ਰਿਹਾ ਸੀ ਕਿ ਕਥਿਤ ਦੋਸ਼ੀਆਂ ਅਤੇ ਉਸ ਦੇ ਤਾਏ ਜੈਮਸ ਮਸੀਹ ਦੇ ਘਰ ਦੀ ਇੱਟਾਂ ਰੋੜੇ ਮਾਰ ਕੇ ਭੰਨ ਤੋੜ ਕੀਤੀ। ਪੁਲਿਸ ਨੇ ਕੁੱਟਮਾਰ ਕਰਨ ਵਾਲਿਆਂ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ।

# ਬਾਬਾ ਬਲਬੀਰ ਸਿੰਘ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ਹੋਏ ਨਤਮਸਤਕ

**ਸ੍ਰੀ ਹਜ਼ੂਰ ਸਾਹਿਬ/ਅੰਮ੍ਰਿਤਸਰ (ਜਸਵੀਰ ਸਿੰਘ ਪੱਟੀ)**- ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਚਲਦਾ ਵਹੀਰ ਚੱਕ੍ਰਵਰਤੀ ਨਿਹੰਗ ਸਿੰਘਾਂ ਦੇ ਮੌਜੂਦਾ ਮੁਖੀ ਸ਼੍ਰੋਮਣੀ ਸੇਵਾ ਰਤਨ ਸ਼੍ਰੋਮਣੀ ਪੰਥ ਰਤਨ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨਿਹੰਗ ਸਿੰਘ ਫੌਜਾਂ ਸਮੇਤ ਦੱਖਣ ਭਾਰਤ ਦੇ ਪ੍ਰਮੁੱਖ ਸ਼ਹਿਰਾਂ ਵਿੱਚ ਧਰਮ ਪ੍ਰਚਾਰ ਕਰ ਰਹੇ ਹਨ। ਅੱਜ ਬੁੱਢਾ ਦਲ ਦੇ ਮੁਖੀ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਅਬਿਚਲ ਨਗਰ ਨੰਦੇੜ ਵਿਖੇ ਨਤਮਸਤਕ ਹੋਏ, ਜਿੱਥੇ ਉਨ੍ਹਾਂ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਤਾਗੱਦੀ ਤੇ ਪੰਥ ਬੁੱਢਾ ਦਲ ਦੇ ਸਥਾਪਨਾ ਦਿਵਸ ਨੂੰ ਸਮਰਪਤ ਸ੍ਰੀ ਅਖੰਡ ਪਾਠ ਸਾਹਿਬ ਅਰੰਭ ਕਰਵਾਏ



ਗਏ। ਜਥੇਦਾਰ ਬਾਬਾ ਬਲਬੀਰ ਸਿੰਘ ਬੁੱਢਾ ਦਲ ਸੱਚਖੰਡ ਬੋਰਡ ਵੱਲੋਂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸੱਚਖੰਡ ਗਮਨ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਦਿਵਸ ਨੂੰ ਸਮਰਪਤ ਸਮਾਗਮ ਵਿੱਚ ਨਿਹੰਗ ਸਿੰਘ ਫੌਜਾਂ ਸਮੇਤ ਹਾਜ਼ਰ ਹੋਏ। ਜਿਥੇ ਉਹਨਾਂ ਦਾ ਸਿੰਘ ਸਾਹਿਬ ਜਥੇਦਾਰ ਬਾਬਾ ਕੁਲਵੰਤ ਸਿੰਘ, ਬਾਬਾ ਬਲਵਿੰਦਰ ਸਿੰਘ ਲੰਗਰ ਸਾਹਿਬ ਤੇ ਸੱਚਖੰਡ ਬੋਰਡ ਵੱਲੋਂ ਸਿਰਪਾਓ ਨਾਲ ਸਨਮਾਨਤ ਕੀਤਾ ਗਿਆ। ਜਥੇਦਾਰ ਬਾਬਾ ਬਲਬੀਰ ਸਿੰਘ ਬੁੱਢਾ ਦਲ ਦੇ ਸਿੰਘਾਂ ਸਮੇਤ ਗੁਰਦੁਆਰਾ ਲੰਗਰ ਸਾਹਿਬ, ਗੁਰਦੁਆਰਾ ਮਹਾਂਕਾਲ ਸਿੰਘ, ਗੁਰਦੁਆਰਾ ਭਜਨਗੜ੍ਹ ਸਾਹਿਬ, ਗੁਰਦੁਆਰਾ ਨਗੀਨਾ ਘਾਟ ਸਾਹਿਬ, ਗੁਰਦੁਆਰਾ ਬੰਦਾ ਘਾਟ ਸਾਹਿਬ, ਅਸਥਾਨ ਮਾਤਾ ਭਾਗੋ ਜੀ, ਜਥੇਦਾਰ ਪ੍ਰਹਿਲਾਦਾ ਸਿੰਘ ਦੇ ਸ਼ਹੀਦੀ ਅਸਥਾਨ 'ਤੇ ਵੀ ਨਤਮਸਤਕ ਹੋਏ। ਬਾਬਾ ਨਿਧਾਨ ਸਿੰਘ ਲੰਗਰ ਸਾਹਿਬ ਵਿਖੇ ਬਾਬਾ ਬਲਵਿੰਦਰ ਸਿੰਘ ਨੇ ਜਥੇਦਾਰ ਬਾਬਾ ਬਲਬੀਰ ਸਿੰਘ ਬੁੱਢਾ ਦਲ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ। ਇਸ ਮੌਕੇ ਪੰਜ ਪਿਆਰੇ ਸਾਹਿਬਾਨ, ਰਵਿੰਦਰ ਸਿੰਘ ਕਪੂਰ ਸੁਪਰੀਡੈਂਟ, ਜੈਮਲ ਸਿੰਘ, ਰਵਿੰਦਰ ਸਿੰਘ ਬੁੰਗਈ, ਇੰਦਰਪਾਲ ਸਿੰਘ ਫੌਜੀ, ਬਲਵਿੰਦਰ ਸਿੰਘ, ਗੁਰਮੀਤ ਸਿੰਘ, ਜਤਿੰਦਰ ਸਿੰਘ, ਹਰਜੀਤ ਸਿੰਘ, ਬਾਬਾ ਮਲੂਕ ਸਿੰਘ ਲਾਡੀ, ਬਾਬਾ ਸੁਖਦੇਵ ਸਿੰਘ ਸੁੱਖਾ, ਬਾਬਾ ਗੁਰਮੁੱਖ ਸਿੰਘ, ਬਾਬਾ ਹਰਪ੍ਰੀਤ ਸਿੰਘ ਹੈਪੀ, ਬਾਬਾ ਗੁਰਸ਼ੇਰ ਸਿੰਘ, ਬਾਬਾ ਸਤਨਾਮ ਸਿੰਘ, ਬਾਬਾ ਬੂਟਾ ਸਿੰਘ ਲੰਬਵਾਲੀ, ਬਾਬਾ ਈਸ਼ਰ ਸਿੰਘ, ਬਾਬਾ ਗਗਨਦੀਪ ਸਿੰਘ ਆਦਿ ਨਿਹੰਗ ਸਿੰਘ ਮੌਜੂਦ ਸਨ ।

# ਕਲਗੀਧਰ ਟਰੱਸਟ ਬੜੂ ਸਾਹਿਬ ਵੱਲੋਂ 6 ਪ੍ਰੀ-ਫੈਬ੍ਰਿਕੇਟਡ ਮਕਾਨ ਹੜ੍ਹ ਪੀੜਤਾਂ ਨੂੰ ਸੌਂਪੇ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਕਲਗੀਧਰ ਟਰੱਸਟ ਗੁਰਦੁਆਰਾ ਬੜੂ ਸਾਹਿਬ ਹਿਮਾਚਲ ਪ੍ਰਦੇਸ਼ ਵੱਲੋਂ ਹਰ ਵਾਰ ਦੀ ਤਰ੍ਹਾਂ ਕੁਦਰਤੀ ਆਫਤਾਂ ਨੂੰ ਨਜਿੱਠਣ ਲਈ ਅਕਾਲ ਸੇਵਾ ਟੀਮਾਂ ਨੂੰ ਭੇਜਣ ਦਾ 26 ਅਗਸਤ ਤੋਂ ਉੱਦਮ ਕੀਤਾ ਗਿਆ। ਪਿਛਲੇ ਦਿਨਾਂ ਵਿੱਚ ਕਲਗੀਧਰ ਟਰੱਸਟ ਬੜੂ ਸਾਹਿਬ ਦੇ ਪ੍ਰਧਾਨ ਡਾ. ਦਵਿੰਦਰ ਸਿੰਘ ਵੱਲੋਂ ਭਰੋਸਾ ਦਿੱਤਾ ਗਿਆ ਸੀ ਕਿ ਕਲਗੀਧਰ ਟਰੱਸਟ ਨੇ ਇਹ ਬੀੜਾ ਚੁੱਕਿਆ ਹੈ ਕਿ ਸੰਗਤਾਂ ਦਾ ਪੈਸਾ ਸਹੀ ਤਰੀਕੇ ਨਾਲ ਇਸਤੇਮਾਲ ਹੋਵੇ, ਜੋ ਹੜ੍ਹ ਪੀੜਤਾਂ ਦੀਆਂ ਬੁਨਿਆਦੀ ਲੋੜਾਂ ਅਸੀਂ ਪੂਰੀਆਂ ਕਰ ਰਹੇ ਹਾਂ ਅਤੇ ਨਾਲ ਹੀ ਉਹਨਾਂ ਨੇ ਜਾਣਕਾਰੀ ਦਿੱਤੀ ਸੀ ਕਿ ਜੋ ਚੌਥਾ ਫੇਜ਼ ਹੈ, ਜਿਸ ਵਿੱਚ ਜਿਨ੍ਹਾਂ ਦੇ ਘਰਾਂ ਨੂੰ ਨੁਕਸਾਨ ਪਹੁੰਚਿਆ ਹੈ, ਉਨ੍ਹਾਂ ਦੀ ਜਾਂਚ ਕਰਕੇ ਉਨ੍ਹਾਂ ਨੂੰ ਨਵੇਂ ਮਕਾਨ ਦਿੱਤੇ ਜਾਣਗੇ ਜਾਂ ਨੁਕਸਾਨੇ ਘਰਾਂ ਦੀ ਮੁਰੰਮਤ ਕੀਤੀ ਜਾਵੇਗੀ। ਇਸੇ ਤਹਿਤ ਕਲਗੀਧਰ ਟਰੱਸਟ ਗੁਰਦੁਆਰਾ ਬੜੂ ਸਾਹਿਬ ਦੇ ਉਪ ਪ੍ਰਧਾਨ ਜਗਜੀਤ ਸਿੰਘ (ਕਾਕਾ ਵੀਰ ਜੀ) ਵੱਲੋਂ ਗੁਰਦਾਸਪੁਰ ਜ਼ਿਲ੍ਹੇ ਵਿੱਚ 6 ਨਵੇਂ ਘਰ ਪਿੰਡ ਸਕਰੀ ਅਤੇ ਹਸਨਪੁਰ ਵਿੱਚ ਨਵੇਂ ਪ੍ਰੀ-ਫੈਬ੍ਰਿਕੇਟਡ ਮਟੀਰੀਅਲ ਨਾਲ ਮਕਾਨ ਤਿਆਰ ਕਰਕੇ ਦਿੱਤੇ ਗਏ। ਉਨ੍ਹਾਂ ਦੱਸਿਆ ਕਿ ਇਹਨਾਂ ਦੇ ਮਕਾਨ ਹੜ੍ਹਾਂ ਦੇ ਪਾਣੀ ਅਤੇ ਭਾਰੀ ਬਾਰਿਸ਼ ਕਰਕੇ



ਢਹਿ ਗਏ ਸਨ। ਇਹਨਾਂ ਪਰਵਾਰਾਂ ਨੂੰ 24 ਘੰਟੇ ਵਿੱਚ ਪ੍ਰਤੀ ਮਕਾਨ ਤਿਆਰ ਕਰਕੇ ਦਿੱਤਾ ਗਿਆ, ਜਿਸ ਵਿੱਚ ਰਸੋਈ ਦੇ ਰਾਸ਼ਨ ਤੋਂ ਲੈ ਕੇ ਕੁੱਲ ਘਰੇਲੂ ਸੁੱਖ ਸਹੂਲਤ (ਬੈਡ, ਗੱਦੇ, ਪੱਖੇ, ਰਸੋਈ ਦਾ ਕੁਝ ਦਿਨਾਂ ਦਾ ਰਾਸ਼ਨ ਆਦਿ) ਸਮਾਨ ਮੁਹਈਆ ਕਰਵਾਇਆ ਗਿਆ। ਇਹਨਾਂ ਘਰਾਂ ਦੀਆਂ ਚਾਬੀਆਂ ਸੌਂਪਣ ਲਈ ਹਰਜਿੰਦਰ ਸਿੰਘ ਬੇਦੀ ਏ ਡੀ ਸੀ ਪਠਾਨਕੋਟ, ਆਦਿਤਿਆ ਸ਼ਰਮਾ ਐਸ.ਡੀ.ਐਮ. ਡੇਰਾ ਬਾਬਾ ਨਾਨਕ, ਗੁਰਦਾਸਪੁਰ ਅਤੇ ਡਾ. ਸ਼ਿਵ ਸਿੰਘ ਗੁਰਦਾਸਪੁਰ ਵਾਲੇ ਦੁਆਰਾ ਸ਼ਿਰਕਤ ਕੀਤੀ ਗਈ। ਉਨ੍ਹਾਂ ਨੇ ਟਰੱਸਟ ਵੱਲੋਂ ਕੀਤੇ ਇਸ ਨਿਵੇਕਲੇ ਪ੍ਰੀ-ਫੈਬ੍ਰਿਕੇਟਡ ਮਟੀਰੀਅਲ ਮਕਾਨ ਦੀ ਸ਼ਲਾਘਾ ਕੀਤੀ। ਇਸ ਮੌਕੇ ਟਰੱਸਟ ਦੇ ਸੇਵਾਦਾਰ ਅਤੇ ਪਿੰਡ ਦੇ ਪਤਵੰਤੇ ਸੱਜਣ ਮੌਜੂਦ ਸਨ। ਉਨ੍ਹਾਂ ਹੋਰ ਜਾਣਕਾਰੀ ਦਿੰਦੇ ਦੱਸਿਆ ਕਿ ਇਸ ਤਰ੍ਹਾਂ ਦੇ ਲਗਭਗ 100 ਨਵੇਂ ਪ੍ਰੀ-ਫੈਬ੍ਰਿਕੇਟਡ ਮਟੀਰੀਅਲ ਨਾਲ ਮਕਾਨ ਤਿਆਰ ਕਰਕੇ (400 ਤੋਂ 900 ਸਕੇਅਰ ਫੁੱਟ ਤੱਕ ਉਸਾਰੀ ਕੀਤੀ ਜਾਵੇਗੀ) ਲੋੜਵੰਦਾਂ ਨੂੰ ਅਸੀਂ ਸੰਗਤ ਦੇ ਸਹਿਯੋਗ ਨਾਲ ਬਣਾ ਕੇ ਦਿਆਂਗੇ, ਇਹਨਾਂ ਵਿੱਚੋਂ 26 ਘਰ ਹੁਣ ਤੱਕ ਬਣਾ ਕੇ ਹੜ੍ਹ ਪੀੜਤਾਂ ਨੂੰ ਸੌਂਪੇ ਜਾ ਚੁੱਕੇ ਹਨ। ਉਨ੍ਹਾਂ ਨੇ ਅਪੀਲ ਕਰਦਿਆਂ ਕਿਹਾ ਕਿ ਇਸ ਤਰ੍ਹਾਂ ਦੇ ਕਾਰਜਾਂ ਲਈ ਸੰਗਤ ਦੇ ਸਹਿਯੋਗ ਦੀ ਵੱਧ ਤੋਂ ਵੱਧ ਲੋੜ ਹੈ। ਹਰ ਦੇਸ਼ਵਾਸੀ ਦਾ ਇਹ ਫਰਜ਼ ਬਣਦਾ ਹੈ ਕਿ ਉਹ ਆਪਣੇ ਦਸਵੰਧ ਦਾ ਹਿੱਸਾ ਇਹਨਾਂ ਦੀ ਮਦਦ ਕਰਨ ਲਈ ਜ਼ਰੂਰ ਦਾਨ ਕਰਨ ਤਾਂ ਜੋ ਜਿਨ੍ਹਾਂ ਦੇ ਘਰ ਨੁਕਸਾਨੇ ਗਏ ਹਨ, ਉਨ੍ਹਾਂ ਦੀ ਮੁਰੰਮਤ ਕੀਤੀ ਜਾ ਸਕੇ ਜਾ ਨਵੇਂ ਘਰ ਬਣਾ ਕੇ ਦਿੱਤੇ ਜਾ ਸਕਣ। ਇਥੇ ਜਿਕਰਯੋਗ ਹੈ ਕਿ ਇੱਕ ਆਮ ਆਦਮੀ ਲਈ ਇਸ ਤਰ੍ਹਾਂ ਹੜ੍ਹਾਂ ਦੀ ਮਾਰ ਪੈਣ ਤੋਂ ਬਾਅਦ 10 ਸਾਲ ਤੱਕ ਆਰਥਿਕ ਸਥਿਤੀ ਵਿੱਚੋਂ ਬਾਹਰ ਨਿਕਲਣਾ ਬਹੁਤ ਮੁਸ਼ਕਿਲ ਹੁੰਦਾ ਹੈ, ਅਤੇ ਇਹਨਾਂ ਹਾਲਾਤ ਵਿੱਚ ਘਰ ਪਾਉਣਾ ਇੱਕ ਸੁਫ਼ਨੇ ਦੀ ਤਰ੍ਹਾਂ ਹੈ। ਹੁਣ ਤੱਕ ਲਗਭਗ 153 ਪਿੰਡਾਂ ਵਿੱਚੋਂ 7500 ਤੋਂ ਵੱਧ ਵਿਅਕਤੀਆਂ ਨੂੰ ਰੈਸਕਿਊ ਕਰਕੇ ਸੁਰੱਖਿਅਤ ਜਗ੍ਹਾ 'ਤੇ ਪਹੁੰਚਾਇਆ ਗਿਆ। ਦੇਸ਼ ਵਿੱਚ ਜਦੋਂ ਵੀ ਕੁਦਰਤੀ ਆਫ਼ਤਾਂ ਆਉਂਦੀਆਂ ਹਨ ਤਾਂ ਟਰੱਸਟ ਦੀ ਅਕਾਲ ਸੇਵਾ ਟੀਮ ਨਿਧੜਕ ਹੋ ਕੇ ਹੜ੍ਹ ਪੀੜਤਾਂ ਦੀ ਸੇਵਾ ਲਈ ਤਤਪਰ ਰਹਿੰਦੀ ਹੈ।

# ਵਿਦਿਆਰਥੀਆਂ ਨੂੰ ਤੰਬਾਕੂ ਦੇ ਮਾੜੇ ਪ੍ਰਭਾਵਾਂ ਬਾਰੇ ਜਾਣੂ ਕਰਵਾਇਆ



**ਗੁਰਦਾਸਪੁਰ (ਜਨਕ ਮਹਾਜਨ)**- ਸਿਵਲ ਸਰਜਨ ਗੁਰਦਾਸਪੁਰ ਡਾਕਟਰ ਜਸਵਿੰਦਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਸਿਹਤ ਅਫਸਰ ਡਾਕਟਰ ਮਨਿੰਦਰਜੀਤ ਕੌਰ ਵੱਲੋਂ ਮਰੀਜ਼ਾਂ ਅਤੇ ਨਰਸਿੰਗ ਵਿਦਿਆਰਥੀਆਂ ਨੂੰ ਤੰਬਾਕੂ ਦੇ ਮਾੜੇ ਪ੍ਰਭਾਵਾਂ ਬਾਰੇ ਜਾਣੂ ਕਰਵਾਇਆ ਗਿਆ।ਇਸ ਮੌਕੇ ਉਨ੍ਹਾਂ ਦੱਸਿਆ ਕਿ ਬੀੜੀ, ਸਿਗਰਟ, ਤੰਬਾਕੂ ਆਦਿ ਖਾਣ ਨਾਲ ਟੀ ਬੀ, ਕੈਂਸਰ ਅਤੇ ਹੋਰ ਘਾਤਕ ਬਿਮਾਰੀਆਂ ਹੁੰਦੀਆਂ ਹਨ। ਸਿਗਰਟ-ਨੋਸ਼ੀ ਤੁਹਾਡੇ ਫੇਫੜੇ, ਦਿਲ ਅਤੇ ਸਰੀਰ ਦੇ ਹੋਰ ਅੰਗਾਂ ਨੂੰ ਨੁਕਸਾਨ ਪਹੁਚਾਉਂਦੀ ਹੈ। ਈ ਸਿਗਰਟ ਪੀਣ ਨਾਲ ਫੇਫੜਿਆਂ ਦੇ ਸਕ੍ਰਮਣ ਅਤੇ ਬਿਮਾਰੀਆਂ ਦਾ ਖਤਰਾ ਵਧ ਸਕਦਾ ਹੈ ਅਤੇ ਸਰੀਰ ਦੇ ਰੋਗਾਂ ਨਾਲ ਲੜਨ ਦੀ ਸਮਰੱਥਾ ਘਟ ਜਾਂਦੀ ਹੈ। ਜੋ ਆਦਮੀ ਸਿਗਰਟ ਪੀਂਦਾ ਉਸ ਦਾ ਧੂੰਆਂ ਹਵਾ ਵਿੱਚ ਫੈਲਦਾ ਹੈ ਓਹ ਧੂੰਆਂ ਬਹੁਤ ਘਾਤਕ ਹੁੰਦਾ ਹੈ। ਪਰਵਾਰ ਦੇ ਜੀਆਂ ਅਤੇ ਬਾਹਰਲੇ ਲੋਕਾਂ 'ਤੇ ਇਸ ਦਾ ਬਹੁਤ ਮਾੜਾ ਅਸਰ ਪੈਂਦਾ ਹੁੰਦਾ ਹੈ। ਸਰਕਾਰ ਵੱਲੋਂ ਪਬਲਿਕ ਪਲੇਸ 'ਤੇ ਸਿਗਰਟ ਪੀਣਾ ਮਨ੍ਹਾ ਹੈ। ਜੋ ਕੋਈ ਵੀ ਪਬਲਿਕ ਪਲੇਸ 'ਤੇ ਸਿਗਰਟ ਪੀਂਦਾ ਫੜਿਆ ਜਾਂਦਾ ਹੈ ਉਸ ਨੂੰ ਸਰਕਾਰ ਦੀਆਂ ਹਦਾਇਤਾਂ ਅਨੁਸਾਰ 20 ਰੁਪਏ ਤੋਂ ਲੈ ਕੇ 500 ਰੁਪਏ ਦਾ ਜੁਰਮਾਨਾ ਹੋ ਸਕਦਾ ਹੈ। ਇੱਸ ਮੌਕੇ ਪ੍ਰਿਤਪਾਲ ਸਿੰਘ, ਜੋਬਨਪ੍ਰੀਤ ਸਿੰਘ ਅਤੇ ਸਬੰਧਤ ਹੈਲਥ ਸਟਾਫ਼ ਹਾਜ਼ਰ ਸਨ।

# ਗੁਰਦੁਆਰਾ ਸਾਹਿਬ ਚੀਮਾ ਪੱਤੀ ਵਿਖੇ ਬਾਬਾ ਬੁੱਢਾ ਜੀ ਦਾ ਜਨਮ ਦਿਹਾੜਾ ਮਨਾਇਆ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਪਿੰਡ ਧਾਰੀਵਾਲ ਕਲਾਂ ਦੇ ਚੀਮਾ ਪੱਤੀ ਗੁਰਦੁਆਰਾ ਸਾਹਿਬ ਵਿੱਚ ਬਾਬਾ ਬੁੱਢਾ ਜੀ ਦੇ ਜਨਮ ਦਿਹਾੜੇ ਅਤੇ ਗੁਰਤਾਗੱਦੀ ਦਿਵਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਮਰਪਤ ਸਲਾਨਾ ਸਮਾਗਮ ਕਰਵਾਇਆ ਗਿਆ। ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਅਤੇ ਮੁੱਖ ਸੇਵਾਦਾਰ ਬਾਬਾ ਅਜੈਬ ਸਿੰਘ ਵਲੋਂ ਸੰਗਤ ਦੇ ਸਹਿਯੋਗ ਨਾਲ ਕਰਵਾਏ ਸਮਾਗਮ ਦੌਰਾਨ ਸ੍ਰੀ ਸੁਖਮਨੀ ਸਾਹਿਬ ਦੇ ਜਾਪ ਕੀਤੇ ਗਏ। ਉਪਰੰਤ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਬੀਬੀਆਂ ਦੇ ਜਥੇ ਵੱਲੋਂ ਸਬਦ ਕੀਰਤਨ ਕੀਤਾ ਗਿਆ। ਕਵੀਸ਼ਰੀ ਜਥਾ ਭਾਈ ਮਨਜੀਤ ਸਿੰਘ ਗਿੱਲਮੰਝ ਵਾਲਿਆਂ ਨੇ ਬਾਬਾ ਬੁੱਢਾ ਜੀ ਦੇ ਜੀਵਨ ਨਾਲ ਸੰਬੰਧਿਤ ਕਵੀਸ਼ਰੀਆਂ ਪੇਸ਼ ਕੀਤੀਆਂ ਅਤੇ ਗੁਰਮਤਿ ਵਿਚਾਰਾਂ ਕਰਦਿਆਂ ਸੰਗਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲੱਗ ਕੇ ਜੀਵਨ ਬਤੀਤ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਪ੍ਰਬੰਧਕ ਸੇਵਾਦਾਰਾਂ ਵਲੋਂ ਇਸ ਸਾਲ ਪਿੰਡ ਦੇ ਨਵੇਂ ਵਿਆਹੇ ਜੋੜਿਆਂ ਹਰਦਿਆਲ ਸਿੰਘ ਤੇ ਜਸਬੀਰ ਕੌਰ, ਸੋਹਣ ਸਿੰਘ ਤੇ ਸਰਨਜੀਤ ਕੌਰ, ਅਮਰਜੀਤ ਸਿੰਘ ਤੇ ਜਸਵੀਰ ਕੌਰ ਆਦਿ ਨਵ-ਵਿਆਹੇ ਜੋੜਿਆਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ ਇਸ ਸਾਲ ਨਵ ਜੰਮੇ ਬੱਚਿਆਂ ਹਰਗੁਨ ਕੌਰ, ਅਰਜੋਈ ਕੌਰ, ਗੁਰਭੇਜ, ਸਹਿਬਾਜ ਸਿੰਘ, ਗੁਰਫ਼ਤਿਹ ਸਿੰਘ, ਸਾਹਿਬਜੀਤ ਸਿੰਘ, ਕਰਨਵੀਰ ਸਿੰਘ, ਨਿਰਮਾਣ



ਸਿੰਘ, ਹਰਬਾਜ ਸਿੰਘ, ਹਰਜਪੁ ਸਿੰਘ ਚੀਮਾ ਆਦਿ ਛੋਟੇ ਬੱਚਿਆਂ ਅਤੇ ਧਾਰਮਿਕ ਪ੍ਰੀਖਿਆ ਵਿੱਚ ਜੇਤੂ ਬੱਚੀਆਂ ਗੁਰਜਪ ਕੌਰ, ਸਿਮਰਨਦੀਪ ਕੌਰ, ਸ਼ੁਭਪ੍ਰੀਤ ਕੌਰ ਨੂੰ ਵੀ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਮਾਗਮ ਵਿੱਚ ਸੁਖਮਨੀ ਸਾਹਿਬ ਸੁਸਾਇਟੀ ਜਥੇ ਦੀਆਂ ਬੀਬੀਆਂ ਵਿੱਚ ਦਵਿੰਦਰ ਕੌਰ, ਰਾਜਵਿੰਦਰ ਕੌਰ, ਗੁਰਜਿੰਦਰ ਕੌਰ, ਮਨੋਹਰ ਕੌਰ, ਰਾਜਵੀਰ ਕੌਰ, ਮਨਜੀਤ ਕੌਰ, ਬਲਵਿੰਦਰ ਕੌਰ, ਲਖਵਿੰਦਰ ਕੌਰ, ਬਲਬੀਰ ਕੌਰ, ਹਰਜਿੰਦਰ ਕੌਰ ਚੀਮਾ, ਸੁਖਜਿੰਦਰ ਕੌਰ, ਜਸਲੀਨ ਕੌਰ, ਹਰਜੀਤ ਕੌਰ ਤੋਂ ਇਲਾਵਾ ਮੁੱਖ ਸੇਵਾਦਾਰ ਬਾਬਾ ਅਜੈਬ ਸਿੰਘ, ਗੁਰਦੁਆਰਾ ਸਾਹਿਬ ਦੇ ਮੁੱਖ ਗ੍ਰੰਥੀ ਭਾਈ ਮਨਜੀਤ ਸਿੰਘ, ਸੇਵਾਦਾਰ ਮੰਗਲ ਸਿੰਘ, ਸਰਵਣ ਸਿੰਘ ਚੀਮਾ, ਸਲਵਿੰਦਰ ਸਿੰਘ ਨਾਮਧਾਰੀ, ਬਿਕਰਮਜੀਤ ਸਿੰਘ, ਸੁਖਦੇਵ ਸਿੰਘ, ਸੁਰਜੀਤ ਸਿੰਘ, ਮੇਵਾ ਸਿੰਘ, ਲੰਗਰ ਇੰਚਾਰਜ ਕਸ਼ਮੀਰ ਸਿੰਘ, ਸ਼ਮਸ਼ਾਨਘਾਟ ਦੇ ਸੇਵਾਦਾਰ ਗੁਰਦੀਪ ਸਿੰਘ ਚੀਮਾ, ਗੁਲਜ਼ਾਰ ਸਿੰਘ ਨਾਮਧਾਰੀ, ਪ੍ਰਗਟ ਸਿੰਘ, ਅਮਨਦੀਪ ਸਿੰਘ ਚੀਮਾ ਆਦਿ ਸ਼ਰਧਾਲੂਆਂ ਸਮੇਤ ਨਗਰ ਦੀਆਂ ਸੰਗਤਾਂ ਸ਼ਾਮਲ ਸਨ।

# ਮੇਅਰ ਤੇ ਕਮਿਸ਼ਨਰ ਵੱਲੋਂ 350ਵੇਂ ਸ਼ਹੀਦੀ ਦਿਵਸ ਲਈ ਤਿਆਰੀਆਂ ਦੀ ਸਮੀਖਿਆ

**ਅੰਮ੍ਰਿਤਸਰ (ਨਰਿੰਦਰ ਜੀਤ ਸਿੰਘ)**- ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਵਸ ਸਮਾਰੋਹਾਂ ਦੀਆਂ ਤਿਆਰੀਆਂ ਦੇ ਸਬੰਧ ਵਿੱਚ ਨਗਰ ਨਿਗਮ ਅੰਮ੍ਰਿਤਸਰ ਦੇ ਮੇਅਰ ਜਤਿੰਦਰ ਸਿੰਘ ਭਾਟੀਆ ਅਤੇ



ਕਮਿਸ਼ਨਰ ਬਿਕਰਮਜੀਤ ਸਿੰਘ ਸ਼ੇਰਗਿੱਲ ਨੇ ਗੁਰਦੁਆਰਾ ਗੁਰੂ ਕੇ ਮਹਿਲ ਖੇਤਰ ਦਾ ਦੌਰਾ ਕੀਤਾ ਅਤੇ ਉਥੇ ਚੱਲ ਰਹੇ ਵਿਕਾਸ ਅਤੇ ਸੁੰਦਰਤਾ ਸੰਬੰਧੀ ਕੰਮਾਂ ਦੀ ਸਮੀਖਿਆ ਕੀਤੀ।ਦੌਰੇ ਦੌਰਾਨ ਅਧਿਕਾਰੀਆਂ ਨੇ ਸਫਾਈ ਪ੍ਰਬੰਧ, ਸੜਕ ਮੁਰੰਮਤ, ਲਾਈਟਿੰਗ ਅਤੇ ਇਮਾਰਤਾਂ ਦੇ ਬਾਹਰੀ ਰੂਪ-ਰੰਗ ਵਿੱਚ ਸੁਧਾਰ ਸਬੰਧੀ ਕੰਮਾਂ ਦਾ ਜਾਇਜ਼ਾ ਲਿਆ, ਤਾਂ ਜੋ ਸਾਰੇ ਕੰਮ ਇਸ ਪਵਿੱਤਰ ਮੌਕੇ ਤੋਂ ਪਹਿਲਾਂ ਸਮੇਂ ਸਿਰ ਪੂਰੇ ਕੀਤੇ ਜਾ ਸਕਣ।ਇਸ ਮੌਕੇ ਵਾਧੂ ਕਮਿਸ਼ਨਰ ਸੁਰਿੰਦਰ ਸਿੰਘ ਅਤੇ ਨਗਰ ਨਿਗਮ ਦੇ ਹੋਰ ਸੀਨੀਅਰ ਅਧਿਕਾਰੀ ਵੀ ਮੌਜੂਦ ਸਨ। ਕਮਿਸ਼ਨਰ ਨੇ ਸੰਬੰਧਤ ਵਿਭਾਗਾਂ ਨੂੰ ਨਿਰਦੇਸ਼ ਦਿੱਤੇ ਕਿ ਖੇਤਰ ਵਿੱਚ ਪੂਰੀ ਸਫਾਈ ਅਤੇ ਸੁੰਦਰਤਾ ਬਣਾਈ ਰੱਖੀ ਜਾਵੇ ਤਾਂ ਜੋ ਸ਼ਰਧਾਲੂਆਂ ਨੂੰ ਸਮਾਰੋਹ ਦੌਰਾਨ ਕਿਸੇ ਤਰ੍ਹਾਂ ਦੀ ਦਿੱਕਤ ਨਾ ਹੋਵੇ।ਮੇਅਰ ਨੇ ਕਿਹਾ ਕਿ ਸਾਰੇ ਕੰਮ ਸ਼ਰਧਾ ਅਤੇ ਸਮਰਪਣ ਨਾਲ ਕੀਤੇ ਜਾਣ, ਤਾਂ ਜੋ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਮਹਾਨ ਬਲੀਦਾਨ ਦੀ ਮਹਿਮਾ ਨੂੰ ਯਥਾਰਥ ਰੂਪ ਵਿੱਚ ਪ੍ਰਗਟ ਕੀਤਾ ਜਾ ਸਕੇ।

# ਧਾਲੀਵਾਲ ਨੇ 7 ਸੜਕਾਂ ਦੇ ਰੱਖੇ ਨੀਂਹ ਪੱਥਰ

## ਸਾਬਕਾ ਸਰਕਾਰਾਂ ਨੇ ਸੜਕਾਂ ਦੇ ਕੰਮ 'ਚ ਸਰਕਾਰੀ ਖ਼ਜ਼ਾਨੇ ਦੀ ਕੀਤੀ ਕਥਿਤ ਅੰਨ੍ਹੀ ਲੁੱਟ: ਧਾਲੀਵਾਲ

**ਅੰਮ੍ਰਿਤਸਰ/ ਅਜਨਾਲਾ (ਸੁੱਖਤਿੰਦਰ ਸਿੰਘ ਰਾਜੂ)**- ਵਿਧਾਇਕ ਤੇ ਸਾਬਕਾ ਕੈਬਨਿਟ ਮੰਤਰੀ ਪੰਜਾਬ ਕੁਲਦੀਪ ਸਿੰਘ ਧਾਲੀਵਾਲ ਨੇ ਐਲਾਨ ਕੀਤਾ ਕਿ ਹਲਕਾ ਅਜਨਾਲਾ 'ਚ ਤਰੱਕੀ ਤੇ ਵਿਕਾਸ ਲਈ ਜੀਵਨ ਰੇਖਾ ਮੰਨੀਆਂ ਜਾਂਦੀਆਂ ਸੜਕਾਂ ਦਾ ਪਹਿਲੇ ਪੜਾਅ 'ਚ ਕਰੀਬ 15 ਕਰੋੜ ਰੁਪਏ ਦੀ ਲਾਗਤ ਨਾਲ 73 ਕਿਲੋਮੀਟਰ ਲੰਮੀਆਂ 53 ਲਿੰਕ ਸੜਕਾਂ ਦਾ ਪ੍ਰੋਜੈਕਟ ਮਨਜ਼ੂਰ ਕਰਵਾ ਕੇ ਲੋੜੀਂਦੀ ਲਾਗਤ ਰਕਮ ਸਰਕਾਰੀ ਖ਼ਜ਼ਾਨੇ 'ਚੋਂ ਸੜਕ ਨਿਰਮਾਣ ਕਾਰਜਾਂ ਦੀ ਜ਼ਿੰਮੇਵਾਰੀ ਨਿਭਾਉਣ ਵਾਲੇ ਸੰਬੰਧਤ ਵਿਭਾਗਾਂ ਨੂੰ ਜਾਰੀ ਕਰਵਾ ਦਿੱਤੀ ਗਈ ਹੈ ਅਤੇ ਇਹਨਾਂ ਮਨਜ਼ੂਰ ਹੋਈਆਂ ਵੱਖ ਵੱਖ ਪਿੰਡਾਂ ਨੂੰ ਜਾਣ ਆਉਣ ਵਾਲੀਆਂ ਸੜਕਾਂ ਚੋਂ 7 ਲਿੰਕ ਸੜਕਾਂ ਦੇ ਮੁਰੰਮਤ ਨਿਰਮਾਣ ਕਾਰਜਾਂ ਦਾ ਸੰਬੰਧਤ ਪਿੰਡਾਂ ਦੀਆਂ ਗ੍ਰਾਮ ਪੰਚਾਇਤਾਂ ਦੀ ਹਾਜ਼ਰੀ 'ਚ ਰਸਮੀ ਤੌਰ 'ਤੇ ਰੱਖੇ ਜਾ ਰਹੇ ਹਨ।ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਧਾਲੀਵਾਲ ਨੇ 59.26 ਲੱਖ ਦੀ ਲਾਗਤ ਨਾਲ ਹਰਸ਼ਾ ਛੀਨਾ ਫ਼ਤਹਿਗੜ੍ਹ ਚੂੜੀਆਂ ਤੋਂ ਸਹਿੰਸਰਾ ਕਲਾਂ ਸੜਕ, 20.3 ਲੱਖ ਰੁਪਏ ਦੀ ਲਾਗਤ ਨਾਲ ਰਾਨੇਵਾਲੀ ਘਰਾਟਾਂ ਤੋਂ ਸਹਿੰਸਰਾ ਕਲਾਂ ਸੜਕ, 36.19 ਲੱਖ ਰੁਪਏ ਦੀ ਲਾਗਤ ਨਾਲ ਮਹਿਲਾਂਵਾਲਾ ਤੋਂ ਸਹਿੰਸਰਾ ਕਲਾਂ ਸੜਕ, 55 ਲੱਖ ਰੁਪਏ ਦੀ ਲਾਗਤ ਨਾਲ ਮਹਿਲਾਂਵਾਲਾ ਤੋਂ ਭੋਏਵਾਲੀ ਸੜਕ, 13.88 ਲੱਖ ਰੁਪਏ ਦੀ ਲਾਗਤ ਨਾਲ ਕੰਦੋਵਾਲੀ ਤੋਂ ਲੰਗਰ ਬਾਬਾ ਭਗਤ ਜੀ ਤੱਕ ਸੜਕ, 24 ਲੱਖ ਰੁਪਏ ਦੀ ਲਾਗਤ ਨਾਲ ਖਤਰਾਏ ਖੁਰਦ ਤੋਂ



ਤੇੜਾ ਖੁਰਦ, 25.55 ਲੱਖ ਰੁਪਏ ਦੀ ਲਾਗਤ ਨਾਲ ਅਜਨਾਲਾ ਫ਼ਤਹਿਗੜ੍ਹ ਚੂੜੀਆਂ ਰੋਡ ਤੋਂ ਵਿਛੋਆ-ਫਿਰੇ ਵਰ੍ਹਿਆਂ ਸੜਕ, 9.55 ਲੱਖ ਰੁਪਏ ਦੀ ਲਾਗਤ ਨਾਲ ਕੋਟ ਕੇਸਰਾ ਤੋਂ ਸੁਰਜੀਤ ਸਿੰਘ ਡੇਰਾ ਵਾਇਆ ਫਿਰੇ ਵਰੀਆਹ ਸੜਕ ਅਤੇ 23.49 ਲੱਖ ਰੁਪਏ ਦੀ ਲਾਗਤ ਨਾਲ ਹਰਦੋ ਪੁਤਲੀ ਤੋਂ ਝੰਡੇਰ ਸੜਕ ਤੱਕ ਸੜਕਾਂ ਦਾ ਨੀਂਹ ਪੱਥਰ ਰੱਖਣ ਦੀ ਰਸਮੀ ਅਦਾਇਗੀ ਮੌਕੇ ਪਿੰਡਾਂ ਦੇ ਵਾਸੀਆਂ ਦੀ ਸ਼ਮੂਲੀਅਤ 'ਚ ਹੋਏ ਪ੍ਰਭਾਵਸ਼ਾਲੀ ਸਮਾਗਮਾਂ ਨੂੰ ਸੰਬੋਧਨ ਕਰਦਿਆਂ ਕੀਤਾ। ਧਾਲੀਵਾਲ ਨੇ ਇਹਨਾਂ ਪੇਂਡੂ ਇਕੱਠਾਂ, ਜਿਸ ਚ ਅਧਿਕਾਰੀ ਤੇ ਠੇਕੇਦਾਰ ਵੀ ਮੌਜੂਦ ਸਨ, ਨੂੰ ਸੰਬੋਧਨ ਕਰਦਿਆਂ ਸਪੱਸ਼ਟ ਕੀਤਾ ਕਿ ਲਿੰਕ ਸੜਕਾਂ ਦੇ ਨਿਰਮਾਣ ਤੇ ਮੁਰੰਮਤ ਕਾਰਜਾਂ 'ਤੇ ਬਾਜ਼ ਅੱਖ ਰੱਖਣ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵਲੋਂ ਪੀ ਡਬਲਯੂ ਡੀ ਤੇ ਪੰਜਾਬ ਮੰਡੀ ਬੋਰਡ ਦੇ ਅਧਿਕਾਰੀਆਂ 'ਤੇ ਅਧਾਰਿਤ ਗਠਤ ਕੀਤਾ ਗਿਆ ਸੀ ਐਮ ਫਲਾਇੰਗ ਸੁਕਐਡ ਤਾਇਨਾਤ ਰਹੇਗਾ ਤਾਂ ਜੋ ਇਸ ਸੜਕੀ ਵਿਕਾਸ ਪ੍ਰੋਜੈਕਟ 'ਚ ਪੂਰੀ ਪਾਰਦਸ਼ਤਾ ਤੇ ਗੁਣਵੱਤਾ ਹਰ ਹੀਲੇ ਕਾਇਮ ਰੱਖੀ ਜਾ ਸਕੇ। ਉਹਨਾਂ ਇਹ ਵੀ ਪ੍ਰਗਟਾਵਾ ਕੀਤਾ ਕਿ 5 ਸਾਲ ਗਰੰਟੀ ਨਾਲ ਬਣਨ ਜਾਂ ਮੁਰੰਮਤ ਹੋਣ ਜਾ ਰਹੀਆਂ ਇਹਨਾਂ ਸੜਕਾਂ ਚੋਂ ਜੇਕਰ ਪਹਿਲਾਂ ਦੀ ਤਰ੍ਹਾਂ ਜਲਦੀ ਉਖੜਨੀਆਂ ਜਾਂ ਟੁੱਟਣੀਆਂ ਸ਼ੁਰੂ ਹੋ ਜਾਣਗੀਆਂ ਤਾਂ ਇਸ ਦੀ ਸਿੱਧੀ ਜ਼ਿੰਮੇਵਾਰੀ ਠੇਕੇਦਾਰ ਦੀ ਹੋਵੇਗੀ ਅਤੇ ਟੁੱਟਣ ਵਾਲੀ ਸੜਕ ਦੀ ਮੁਰੰਮਤ ਦੀ ਉਸ ਪਾਸੋਂ ਪਹਿਲਾਂ ਪਾਸ ਟੈਂਡਰ ਦੀ ਵਸੂਲ ਕੀਤੀ ਜਾ ਚੁੱਕੀ ਸਰਕਾਰੀ ਰਕਮ ਚੋਂ ਕਰਵਾਈ ਜਾਵੇਗੀ। ਧਾਲੀਵਾਲ ਨੇ ਸੜਕ ਨਿਰਮਾਣ ਕਾਰਜਾਂ 'ਚ ਪਿਛਲੇ ਸਮੇਂ 'ਚ ਹੁੰਦੇ ਰਹੇ ਘਪਲਿਆਂ ਲਈ ਸਿੱਧੇ ਤੌਰ 'ਤੇ ਸਾਬਕਾ ਕਾਂਗਰਸ ਤੇ ਅਕਾਲੀ ਭਾਜਪਾ ਸਰਕਾਰਾਂ ਨੂੰ ਕਟਹਿਰੇ 'ਚ ਖੜ੍ਹਾ ਕੀਤਾ ਅਤੇ ਕਿਹਾ ਕਿ ਇਹਨਾਂ ਸਾਬਕਾ ਸਰਕਾਰਾਂ ਵਲੋਂ ਠੇਕੇਦਾਰਾਂ ਤੇ ਅਧਿਕਾਰੀਆਂ ਦੀ ਕਥਿਤ ਮਿਲੀਭੁਗਤ ਨਾਲ ਕਾਗਜ਼ਾਂ 'ਚ ਨਵੀਂਆਂ ਸੜਕਾਂ ਬਣਾਉਣ ਤੇ ਕਾਗਜ਼ਾਂ 'ਚ ਹੀ ਮੁਰੰਮਤ ਵਿਖਾ ਕੇ ਘਪਲੇਬਾਜ਼ੀ ਕਰਨ ਤੋਂ ਇਲਾਵਾ ਟੈਂਡਰ ਚ ਪਾਸ ਹੋਈ ਨਵੀਂ ਸੜਕ ਲਈ ਲਾਗਤ ਹਿੱਤ ਜਾਰੀ ਹੋਈ ਸਰਕਾਰੀ ਰਕਮ ਦੇ ਬਦਲੇ ਸੜਕ ਦੀ ਅਸਲ ਮਿਣਤੀ ਤੋਂ ਦ-ਤਿੰਨ ਕਿਲੋਮੀਟਰ ਘੱਟ ਲੰਬਾਈ 'ਚ ਬਣਵਾਉਣ ਬਦਲੇ ਸਰਕਾਰੀ ਰਕਮਾਂ ਦੀ ਦੋਵੇਂ ਹੱਥੀਂ ਲੁੱਟ ਖਸੁੱਟ ਕੀਤੀ ਜਾਂਦੀ ਰਹੀ ਹੈ ਉਹਨਾਂ ਪਿੰਡਾਂ ਦੇ ਵਾਸੀਆਂ ਕੋਲੋ ਵੀ ਸੜਕਾਂ ਦੇ ਨਿਰਮਾਣ ਕਾਰਜਾਂ ਚ ਗੁਣਵੱਤਾ ਕਾਇਮ ਰੱਖਣ ਲਈ ਸਹਿਯੋਗ ਦਾ ਸੱਦਾ ਦਿੱਤਾ। ਇਸ ਮੌਕੇ ਖੁਸ਼ਪਾਲ ਸਿੰਘ ਧਾਲੀਵਾਲ, ਪੀ ਏ ਮੁਖ਼ਤਾਰ ਸਿੰਘ ਬਲੜਵਾਲ,ਗੁਰਜੰਟ ਸਿੰਘ ਸੋਹੀ, ਮਾਰਕੀਟ ਕਮੇਟੀ ਅਜਨਾਲਾ ਚੇਅਰਮੈਨ ਬਲਦੇਵ ਸਿੰਘ ਬੱਬੂ ਚੇਤਨਪੁਰਾ, ਸਮੇਤ ਪੀ ਡਬਲਯੂ ਡੀ, ਪੰਜਾਬ ਮੰਡੀ ਬੋਰਡ ਸਮੇਤ ਹੋਰ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

# 'ਜਿਸ ਦਾ ਖੇਤ, ਉਸ ਦੀ ਰੇਤ' ਕਿਸਾਨਾਂ ਲਈ ਵੱਡੀ ਰਾਹਤ : ਹਰਮੀਤ ਸਿੰਘ ਸੰਧੂ

**ਤਰਨ ਤਾਰਨ**- ਤਰਨ ਤਾਰਨ ਜ਼ਿਮਨੀ ਚੋਣ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਹਰਮੀਤ ਸਿੰਘ ਸੰਧੂ ਨੇ ਸੋਮਵਾਰ ਮੁੱਖ ਮੰਤਰੀ ਭਗਵੰਤ ਮਾਨ ਦੇ ਦੂਰਦਰਸ਼ੀ ਫੈਸਲੇ ਜਿਸ ਦਾ ਖੇਤ, ਉਸ ਦੀ ਰੇਤ ਦੀ ਸਰਾਹਨਾ ਕਰਦਿਆਂ ਕਿਹਾ ਕਿ ਇਹ ਆਮ ਆਦਮੀ ਪਾਰਟੀ ਦੀ ਲੋਕ-ਕੇਂਦ੍ਰਿਤ ਤੇ ਕਿਸਾਨ-ਹਿਤੈਸ਼ੀ ਸੋਚ ਦਾ ਉਦਾਹਰਨ ਹੈ। ਇਹ ਫੈਸਲਾ ਸਮੇਂ ਸਿਰ ਲੈ ਕੇ ਮਾਨ ਸਰਕਾਰ ਨੇ ਨਾ ਸਿਰਫ਼ ਕਿਸਾਨਾਂ ਨੂੰ ਸਹਾਰਾ ਦਿੱਤਾ ਹੈ ਸਗੋਂ ਆਮ ਲੋਕਾਂ ਨੂੰ ਵੀ ਵੱਡੀ ਰਾਹਤ ਦਿੱਤੀ ਹੈ।ਸੂਬਾ ਸਰਕਾਰ ਦੀ ਇਸ ਪਹਿਲ, ਜੋ ਕੁਝ ਹਫ਼ਤੇ ਪਹਿਲਾਂ ਹੀ ਸ਼ੁਰੂ ਕੀਤੀ ਗਈ ਸੀ, ਨੇ ਪਹਿਲਾਂ ਹੀ ਸੂਬੇ ਭਰ ਵਿੱਚ ਰੇਤ ਦੇ ਭਾਅ ਵਿੱਚ 30 ਤੋਂ 35 ਪ੍ਰਤੀਸ਼ਤ ਤੱਕ ਕਮੀ ਲਿਆ ਦਿੱਤੀ ਹੈ। ਇਸ ਨਾਲ ਹੜ੍ਹ ਪ੍ਰਭਾਵਿਤ ਕਿਸਾਨਾਂ ਨੂੰ ਉਨ੍ਹਾਂ ਦੀਆਂ ਖੇਤੀਬਾੜੀ ਜ਼ਮੀਨਾਂ ਨੂੰ ਬਹਾਲ ਕਰਨ ਵਿੱਚ ਮਦਦ ਮਿਲੀ ਹੈ।ਹਰਮੀਤ ਸਿੰਘ ਸੰਧੂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਇੱਕ ਵਾਰ ਫਿਰ ਸਾਬਤ ਕਰ ਦਿੱਤਾ ਕਿ 'ਆਪ' ਲੋਕਾਂ ਦੀ, ਲੋਕਾਂ ਦੁਆਰਾ ਅਤੇ ਲੋਕਾਂ ਲਈ ਸਰਕਾਰ ਹੈ। ਜਦੋਂ ਹੜ੍ਹਾਂ ਕਾਰਨ ਕਿਸਾਨਾਂ ਦੇ ਖੇਤ ਰੇਤ ਅਤੇ ਮਿੱਟੀ ਹੇਠ ਦੱਬ ਗਏ ਸਨ, ਤਾਂ ਉਨ੍ਹਾਂ ਨੂੰ ਇੱਕ ਦਫ਼ਤਰ ਤੋਂ ਦੂਜੇ ਦਫ਼ਤਰ



ਭੱਜਣ ਦੀ ਬਜਾਏ, ਮਾਨ ਸਾਹਿਬ ਨੇ ਉਨ੍ਹਾਂ ਨੂੰ ਆਪਣੀ ਜ਼ਮੀਨ, 'ਜਿਸ ਦਾ ਖੇਤ, ਉਸ ਦੀ ਰੇਤ', ਯੋਜਨਾ ਦੇ ਤਹਿਤ ਬਿਨਾਂ ਕਿਸੇ ਪਰਮਿਟ ਜਾਂ ਐਨ ਓ ਸੀ ਦੀ ਲੋੜ ਦੇ ਵਾਪਸ ਲੈਣ ਦਾ ਅਧਿਕਾਰ ਦਿੱਤਾ। ਇਸ ਇਕੱਲੇ ਫੈਸਲੇ ਨੇ ਕਿਸਾਨਾਂ ਨੂੰ ਆਰਥਿਕ ਰਾਹਤ ਦਿੱਤੀ ਹੈ ਅਤੇ ਸਾਰਿਆਂ ਲਈ ਰੇਤ ਦੀਆਂ ਕੀਮਤਾਂ ਘਟਾ ਦਿੱਤੀਆਂ ਹਨ।ਉਨ੍ਹਾਂ ਅੱਗੇ ਕਿਹਾ ਕਿ 'ਆਪ' ਸਰਕਾਰ ਦਾ ਦ੍ਰਿਸ਼ਟੀਕੋਣ ਸੱਚੇ ਸ਼ਾਸਨ, ਤੇਜ਼, ਪਾਰਦਰਸ਼ੀ ਅਤੇ ਭਲਾਈ 'ਤੇ ਕੇਂਦ੍ਰਿਤ ਹੈ। ਹੜ੍ਹ ਪ੍ਰਭਾਵਿਤ ਜ਼ਮੀਨ ਮਾਲਕਾਂ ਨੂੰ ਨੌਕਰਸ਼ਾਹੀ ਰੁਕਾਵਟਾਂ ਤੋਂ ਬਿਨਾਂ ਆਪਣੇ ਖੇਤਾਂ ਤੋਂ ਰੇਤ ਚੁੱਕਣ ਦੀ ਆਗਿਆ ਦੇ ਕੇ, ਸਰਕਾਰ ਨੇ ਨਾ ਸਿਰਫ਼ ਜ਼ਮੀਨ ਦੀ ਬਹਾਲੀ ਨੂੰ ਤੇਜ਼ ਕੀਤਾ ਹੈ ਬਲਕਿ ਰੇਤ ਦੀ ਸਪਲਾਈ ਵਿੱਚ ਵਾਧਾ ਵੀ ਯਕੀਨੀ ਬਣਾਇਆ ਹੈ, ਜਿਸ ਨਾਲ ਪਹਿਲਾਂ ਦੇ ਮੁਕਾਬਲੇ ਕੀਮਤਾਂ ਸਥਿਰ ਹੋਈਆਂ ਹਨ।ਸੰਧੂ ਨੇ ਕਿਹਾ ਕਿ ਅਜਿਹੇ ਲੋਕ-ਪੱਖੀ ਕਦਮਾਂ ਕਾਰਨ ਹੀ ਆਮ ਆਦਮੀ ਪਾਰਟੀ ਨੇ ਪੰਜਾਬੀਆਂ ਦਾ ਪਿਆਰ ਅਤੇ ਵਿਸ਼ਵਾਸ ਕਮਾਇਆ ਹੈ। ਚਾਹੇ ਉਹ ਮੁਫ਼ਤ ਬਿਜਲੀ ਹੋਵੇ, ਬਿਹਤਰ ਸਕੂਲ ਹੋਣ, ਬਿਹਤਰ ਸਿਹਤ ਸੇਵਾਵਾਂ ਹੋਣ ਜਾਂ ਕਿਸਾਨਾਂ ਦਾ ਸਮਰਥਨ ਹੋਵੇ, ਭਗਵੰਤ ਮਾਨ ਸਰਕਾਰ ਦਾ ਹਰ ਫੈਸਲਾ ਆਮ ਨਾਗਰਿਕਾਂ ਦੀ ਜ਼ਿੰਦਗੀ ਨੂੰ ਆਸਾਨ ਬਣਾਉਣ ਦੇ ਉਦੇਸ਼ ਨਾਲ ਕੀਤਾ ਗਿਆ ਹੈ।ਤਰਨ ਤਾਰਨ ਦੇ ਲੋਕਾਂ ਨੂੰ ਆਉਣ ਵਾਲੀ ਜ਼ਿਮਨੀ ਚੋਣ ਵਿੱਚ 'ਆਪ' ਦਾ ਸਮਰਥਨ ਕਰਨ ਦੀ ਅਪੀਲ ਕਰਦੇ ਹੋਏ, ਸੰਧੂ ਨੇ ਕਿਹਾ, ਆਪ ਨੂੰ ਵੋਟ ਇਮਾਨਦਾਰ ਸ਼ਾਸਨ ਅਤੇ ਤੇਜ਼ ਕਾਰਵਾਈ ਲਈ ਵੋਟ ਹੈ। ਆਓ ਆਪਾਂ ਭਗਵੰਤ ਮਾਨ ਦੇ ਹੱਥ ਮਜ਼ਬੂਤ ?ਕਰੀਏ ਤਾਂ ਜੋ ਇਕੱਠੇ ਮਿਲ ਕੇ ਅਸੀਂ ਇੱਕ ਮਜ਼ਬੂਤ, ਸਵੈ-ਨਿਰਭਰ ਪੰਜਾਬ ਬਣਾ ਸਕੀਏ ਜਿੱਥੇ ਹਰ ਕਿਸਾਨ, ਹਰ ਮਜ਼ਦੂਰ ਅਤੇ ਹਰ ਨੌਜਵਾਨ ਨੂੰ ਇਨਸਾਫ਼ ਅਤੇ ਮੌਕਾ ਮਿਲੇ।

ਨਵਾਂ ਜ਼ਮਾਨਾ
ਮੰਗਲਵਾਰ, 28 ਅਕਤੂਬਰ 2025

# ਭਾਜਪਾਈਆਂ ਦਾ ਸਦਾਚਾਰ!

ਭਾਜਪਾ ਦੇ ਸਾਬਕਾ ਕੌਮੀ ਜਨਰਲ ਸਕੱਤਰ ਤੇ ਮੱਧ ਪ੍ਰਦੇਸ਼ ਦੇ ਕੈਬਨਿਟ ਮੰਤਰੀ ਕੈਲਾਸ਼ ਵਿਜੇਵਰਗੀਆ ਨੇ ਬੀਤੇ ਵੀਰਵਾਰ ਸਵੇਰੇ ਇੰਦੌਰ ਵਿੱਚ ਆਪਣੇ ਹੋਟਲ 'ਚੋਂ ਨਿਕਲ ਕੇ ਪੈਦਲ ਇਕ ਕੈਫੇ ਵੱਲ ਜਾ ਰਹੀਆਂ ਦੋ ਆਸਟ੍ਰੇਲੀਆਈ ਕ੍ਰਿਕਟ ਖਿਡਾਰਨਾਂ ਨਾਲ ਇੱਕ ਵਿਅਕਤੀ ਵੱਲੋਂ ਛੇੜਛਾੜ ਕਰਨ ਦੀ ਘਟਨਾ 'ਤੇ ਅਮਨ-ਕਾਨੂੰਨ ਲਾਗੂ ਕਰਨ ਵਾਲਿਆਂ 'ਤੇ ਉਂਗਲ ਚੁੱਕਣ ਦੀ ਥਾਂ ਇਹ ਟਿੱਪਣੀ ਕੀਤੀ ਕਿ ਆਸਟ੍ਰੇਲੀਆਈ ਖਿਡਾਰਨਾਂ ਨੂੰ ਇਸ ਘਟਨਾ ਤੋਂ ਸਬਕ ਸਿੱਖਣਾ ਚਾਹੀਦਾ ਹੈ, ਉਨ੍ਹਾਂ ਨੂੰ ਬਾਹਰ ਨਿਕਲਣ ਤੋਂ ਪਹਿਲਾਂ ਸਥਾਨਕ ਪ੍ਰਸ਼ਾਸਨ ਨੂੰ ਸੂਚਿਤ ਕਰਨਾ ਚਾਹੀਦਾ ਸੀ। ਭਾਰਤ ਵਿੱਚ ਕ੍ਰਿਕਟ ਪ੍ਰਤੀ ਜ਼ਬਰਦਸਤ ਦੀਵਾਨਗੀ ਹੈ। ਉਨ੍ਹਾ ਇੱਕ ਘਟਨਾ ਦਾ ਜ਼ਿਕਰ ਕਰਦਿਆਂ ਕਿਹਾ ਕਿ ਇੱਕ ਵਾਰ ਉਹ ਇੰਗਲੈਂਡ ਦੇ ਇੱਕ ਹੋਟਲ ਵਿੱਚ ਸਨ ਤੇ ਨਾਲ ਹੀ ਇੱਕ ਫੁੱਟਬਾਲਰ ਵੀ ਰੁਕਿਆ ਹੋਇਆ ਸੀ। ਅਚਾਨਕ ਉਸ ਦੇ ਵੱਡੀ ਗਿਣਤੀ 'ਚ ਪ੍ਰਸੰਸਕ ਆ ਗਏ। ਇੱਕ ਕੁੜੀ ਨੇ ਉਸ ਨੂੰ ਚੁੰਮ ਲਿਆ। ਕਈ ਆਟੋਗ੍ਰਾਫ ਲੈਣ ਲਈ ਉਤਾਵਲੇ ਸਨ। ਇਸ ਦੌਰਾਨ ਉਸ ਦੇ ਕੱਪੜੇ ਤੱਕ ਪਾੜ ਦਿੱਤੇ ਗਏ। ਇਸ ਕਰਕੇ ਖਿਡਾਰੀਆਂ ਨੂੰ ਆਪਣੀ ਲੋਕਪ੍ਰਿਅਤਾ ਬਾਰੇ ਜਾਗਰੂਕ ਹੋਣਾ ਚਾਹੀਦਾ ਹੈ।

ਆਸਟ੍ਰੇਲੀਆਈ ਖਿਡਾਰਨਾਂ ਆਈ ਸੀ ਸੀ ਮਹਿਲਾ ਕ੍ਰਿਕਟ ਵਿਸ਼ਵ ਕੱਪ ਖੇਡਣ ਆਈਆਂ ਹਨ। ਆਈ ਸੀ ਸੀ ਦੇ ਚੇਅਰਮੈਨ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਬੇਟੇ ਜੈ ਸ਼ਾਹ ਹਨ। ਇਹ ਪਹਿਲੀ ਵਾਰ ਨਹੀਂ ਹੈ, ਜਦ ਵਿਜੇਵਰਗੀਆ ਨੇ ਮਹਿਲਾਵਾਂ ਬਾਰੇ ਆਪਣੇ ਬਿਆਨ ਨਾਲ ਵਿਵਾਦ ਖੜ੍ਹਾ ਕੀਤਾ ਹੈ। ਕੁਝ ਮਹੀਨੇ ਪਹਿਲਾਂ ਉਨ੍ਹਾ ਰਾਹੁਲ ਗਾਂਧੀ ਤੇ ਪ੍ਰਿਅੰਕਾ ਗਾਂਧੀ ਬਾਰੇ ਕਿਹਾ ਸੀ, 'ਅਸੀਂ ਪੁਰਾਣੀ ਸੰਸਕ੍ਰਿਤੀ ਦੇ ਲੋਕ ਹਾਂ। ਅਸੀਂ ਭੈਣਾਂ ਦੇ ਘਰ ਦਾ ਪਾਣੀ ਵੀ ਨਹੀਂ ਪੀਂਦੇ। ਮੇਰੀ ਭੂਆ ਜੀਰਾਪੁਰ ਰਹਿੰਦੀ ਸੀ ਅਤੇ ਮੇਰੇ ਪਿਤਾ ਆਪਣੇ ਘਰੋਂ ਪਾਣੀ ਦਾ ਘੜਾ ਲੈ ਕੇ ਉਥੇ ਜਾਂਦੇ ਸਨ। ਅੱਜ ਦੇ ਸਾਡੇ ਆਪੋਜ਼ੀਸ਼ਨ ਆਗੂ ਚੌਰਾਹੇ ਵਿੱਚ ਛੋਟੀਆਂ ਭੈਣਾਂ ਨੂੰ ਚੁੰਮ ਲੈਂਦੇ ਹਨ। ਮੈਂ ਤੁਹਾਥੋਂ ਪੁੱਛਦਾ ਹਾਂ ਕਿ ਤੁਹਾਡੇ ਵਿੱਚੋਂ ਕਿਹੜਾ ਆਪਣੀ ਛੋਟੀ ਭੈਣ ਜਾਂ ਬੇਟੀਆਂ ਨੂੰ ਜਨਤਕ ਤੌਰ 'ਤੇ ਚੁੰਮਦਾ ਹੈ?' ਵਿਜੇਵਰਗੀਆ ਨੇ ਪੰਜ ਜੂਨ ਨੂੰ ਵੀ ਇੱਕ ਇਕੱਠ 'ਚ ਪਤਲੇ ਕੱਪੜੇ ਪਹਿਨਣ ਵਾਲੀਆਂ ਮੁਟਿਆਰਾਂ ਪ੍ਰਤੀ ਨਾਰਾਜ਼ਗੀ ਜ਼ਾਹਰ ਕਰਦਿਆਂ ਕਿਹਾ ਸੀ, 'ਪੱਛਮ ਵਿੱਚ ਇਹ ਵਿਸ਼ਵਾਸ ਹੈ ਕਿ ਘੱਟ ਕੱਪੜੇ ਪਾਉਣ ਵਾਲੀਆਂ ਬੀਬੀਆਂ ਤੇ ਘੱਟ ਬੋਲਣ ਵਾਲੇ ਆਗੂਆਂ ਨੂੰ ਸਲਾਹਿਆ ਜਾਂਦਾ ਹੈ, ਪਰ ਮੈਂ ਇਸ ਵਿੱਚ ਵਿਸ਼ਵਾਸ ਨਹੀਂ ਕਰਦਾ। ਮੇਰੇ ਲਈ ਬੀਬੀਆਂ ਦੇਵੀਆਂ ਹਨ ਤੇ ਉਨ੍ਹਾਂ ਨੂੰ ਉਸੇ ਹਿਸਾਬ ਨਾਲ ਕੱਪੜੇ ਪਾਉਣੇ ਚਾਹੀਦੇ ਹਨ।'

ਦਰਅਸਲ, ਅਜਿਹੀਆਂ ਟਿੱਪਣੀਆਂ ਸਿਰਫ ਵਿਜੇਵਰਗੀਆ ਹੀ ਨਹੀਂ ਕਰਦੇ, ਭਾਜਪਾ ਅਜਿਹੇ ਆਗੂਆਂ ਨਾਲ ਭਰੀ ਪਈ ਹੈ। ਇਸ ਮਹੀਨੇ ਦੇ ਸ਼ੁਰੂ ਵਿੱਚ ਭੋਪਾਲ ਵਿੱਚ ਸਾਬਕਾ ਸਾਂਸਦ ਪ੍ਰਗਿਆ ਠਾਕੁਰ ਨੇ ਕਿਹਾ ਸੀ ਕਿ ਜਦੋਂ ਬੇਟੀ ਪੈਦਾ ਹੁੰਦੀ ਹੈ ਤਾਂ ਮਾਂ ਕਹਿੰਦੀ ਹੈ ਕਿ ਲੱਛਮੀ ਪੈਦਾ ਹੋਈ ਹੈ ਜਾਂ ਸਰਸਵਤੀ ਪੈਦਾ ਹੋਈ ਹੈ ਅਤੇ ਜੇ ਉਹ ਵੱਡੀ ਹੋ ਕੇ ਮੁਸਲਮਾਨ ਨਾਲ ਵਿਆਹ ਕਰਾਉਣ ਦੀ ਜ਼ਿਦ ਕਰਦੀ ਹੈ ਤਾਂ ਉਸ ਦੀਆਂ ਲੱਤਾਂ ਤੋੜ ਦੇਣੀਆਂ ਚਾਹੀਦੀਆਂ ਹਨ। ਪਹਿਲਗਾਮ ਵਿੱਚ ਦਹਿਸ਼ਤਗਰਦਾਂ ਵੱਲੋਂ ਸੈਲਾਨੀਆਂ ਦੇ ਕਤਲੇਆਮ 'ਤੇ ਭਾਜਪਾ ਦੇ ਰਾਜ ਸਭਾ ਮੈਂਬਰ ਰਾਮ ਚੰਦਰ ਜਾਂਗੜਾ ਨੇ ਕਿਹਾ ਸੀ ਕਿ ਮਹਿਲਾਵਾਂ ਨੇ ਅਹਿਲਿਆ ਬਾਈ ਦਾ ਇਤਿਹਾਸ ਪੜ੍ਹਿਆ ਹੁੰਦਾ ਅਤੇ ਮਿੰਨਤਾਂ ਪਾਉਣ ਦੀ ਥਾਂ ਵੀਰਾਂਗਣਾਂ ਵਾਲਾ ਕੁਰਬਾਨੀ ਦਾ ਜਜ਼ਬਾ ਦਿਖਾਇਆ ਹੁੰਦਾ ਤਾਂ ਦਹਿਸ਼ਤਗਦ ਉਨ੍ਹਾਂ ਦੇ ਪਤੀਆਂ ਨੂੰ ਨਾ ਮਾਰ ਸਕਦੇ। ਭਾਜਪਾ ਵਿਧਾਇਕ ਗੋਪੀਚੰਦ ਪਡਲਕਰ ਨੇ ਪਿਛਲੇ ਦਿਨੀਂ ਇੱਕ ਈਵੈਂਟ ਦੌਰਾਨ ਕਿਹਾ ਸੀ ਕਿ ਹਿੰਦੂ ਭਾਈਚਾਰੇ ਦੀਆਂ ਕੁੜੀਆਂ ਨੂੰ ਜਿੰਮ ਜਾਣ ਦੀ ਥਾਂ ਯੋਗਾ ਕਰਨਾ ਚਾਹੀਦਾ ਹੈ।

ਉਂਜ ਦੇਖਿਆ ਜਾਵੇ ਤਾਂ ਬਹੁਤਾ ਕਸੂਰ ਇਨ੍ਹਾਂ ਆਗੂਆਂ ਦਾ ਵੀ ਨਹੀਂ, ਦੇਸ਼ ਨੂੰ ਵਿਸ਼ਵ ਗੁਰੂ ਬਣਾਉਣ ਨਿਕਲੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੀ ਪੱਛਮੀ ਬੰਗਾਲ ਵਿੱਚ ਚੋਣ ਪ੍ਰਚਾਰ ਦੌਰਾਨ ਮੁੱਖ ਮੰਤਰੀ ਮਮਤਾ ਬੈਨਰਜੀ ਨੂੰ 'ਦੀਦੀ, ਓ ਦੀਦੀ' ਕਹਿੰਦੇ ਰਹੇ ਹਨ। ਹੇਠਲੇ ਆਗੂ ਵੀ ਉਨ੍ਹਾ ਦੀ ਸੁਰ ਵਿੱਚ ਸੁਰ ਮਿਲਾਉਂਦੇ ਹਨ। ਦੇਸ਼ ਦੀਆਂ ਮਹਿਲਾਵਾਂ, ਖਾਸਕਰ ਮੁਟਿਆਰਾਂ ਨੂੰ ਇਹ ਸਮਝਣਾ ਪਵੇਗਾ ਕਿ 'ਲਾਡਲੀ ਬਹਨਾ', 'ਲਾੜਕੀ ਬਹਿਨ' ਅਤੇ 'ਲਾਡੋ ਲਕਸ਼ਮੀ' ਨਾਂਅ ਦੀਆਂ ਯੋਜਨਾਵਾਂ ਚਲਾਉਣ ਵਾਲੀ ਪਾਰਟੀ ਦੇ ਆਗੂਆਂ ਦੇ ਮਨਾਂ ਵਿੱਚ ਉਨ੍ਹਾਂ ਦੀ ਕਿੰਨੀ ਇੱਜ਼ਤ ਹੈ?

—ਚੰਦ ਫਤਿਹਪੁਰੀ

## ਸੁੱਚੇ ਸਾਰੇ!

ਹਰਿਆ ਬੂਟਾ ਕਿਤੇ ਨਾ ਦਿਸਦਾ,
ਦਾਵਾਨਲ ਵਿੱਚ ਸਾਰੇ ਸੜ ਗਏ।
ਮਾਇਆ ਦੇ ਦਰਿਆਵਾਂ ਅੰਦਰ,
ਹਰ ਇੱਕ ਦੇ ਨੇ ਸੁਪਨੇ ਹੜ੍ਹ ਗਏ।
ਸੱਚੇ ਬਣ ਕੇ ਬਹਿ ਗਏ ਸਾਰੇ,
ਦੋਸ਼ ਦੂਜਿਆਂ ਸਿਰ 'ਤੇ ਮੜ੍ਹ ਗਏ।
ਗੱਲਾਂ ਦੇ ਨਾਲ ਢਾਅ ਕੀਂਗਰੇ,
ਬਿਨ ਪੌੜੀ ਤੋਂ ਕੋਠੇ ਚੜ੍ਹ ਗਏ।
ਸਾਰੇ ਇੱਕੋ ਪਾਸੇ ਹੋ ਕੇ,
ਪੂਜਾ ਵੇਲੇ ਕਲਮੇ ਪੜ੍ਹ ਗਏ।
ਜੂਠਾਂ ਫਿਰਦੀਆਂ ਕਲਗੀ ਲਾ ਕੇ,
ਸੁੱਚੇ ਸਾਰੇ ਅੰਦਰ ਵੜ ਗਏ।

-ਗੁਲਪੁਰ

# ਸਮਾਜਿਕ ਅਨਿਆਂ ਵਿਰੁੱਧ ਲੜੀਏ



ਵਰਗਿਸ ਸਲਾਮਤ

ਸ਼ਹੀਦ-ਏ-ਆਜ਼ਮ ਭਗਤ ਸਿੰਘ ਨੇ ਜਿੱਥੇ ਇਨਕਲਾਬ ਜ਼ਿੰਦਾਬਾਦ ਦੇ ਨਾਅਰੇ ਨਾਲ ਅੰਗਰੇਜ਼ੀ ਹਕੂਮਤ ਦੀ ਨੀਂਦ ਉਡਾਈ ਹੁੰਦੀ ਸੀ, ਉੱਥੇ ਸਮਾਜਿਕ ਇਨਕਲਾਬ ਲਈ ਵੀ ਉਹਨਾਂ ਬਹੁਤ ਕੰਮ ਕੀਤਾ। ਉਹ ਭਾਰਤ ਦੀ ਜਾਤੀ ਵਿਵਸਥਾ ਨੂੰ ਬਹੁਤ ਚੰਗੀ ਤਰ੍ਹਾਂ ਸਮਝਦੇ ਸਨ ਅਤੇ ਧਰਮਾਂ ਦੇ ਸਰਬ ਉੱਚ ਹੋਣ ਦੇ ਭਰਮ ਤੋਂ ਭਲੀਭਾਂਤ ਜਾਣੂ ਸਨ। ਉਹ ਸਮਾਜਿਕ ਵਿਤਕਰਿਆਂ ਦੇ ਮਸਲਿਆਂ ਨਾਲ ਵੀ ਲਗਾਤਾਰ ਲੜਦੇ ਰਹੇ ਅਤੇ ਇਸ ਦੇ ਵਿਰੋਧ 'ਚ ਪ੍ਰਥਮੇ ਬਣ ਕੇ ਖੜਦੇ ਰਹੇ। ਉਹਨਾ 1928 ਵਿਚ ਇਕ ਆਰਟੀਕਲ ਲਿਖਿਆ ਸੀ, 'ਅਛੂਤ ਦਾ ਸਵਾਲ : ਸਮਾਜਿਕ ਇਨਕਲਾਬ ਲਈ ਉੱਠੋ।' ਇਹ ਆਰਟੀਕਲ ਅੱਜ ਦੇ ਪ੍ਰਸੰਗ ਵਿਚ ਵੀ ਓਨਾ ਹੀ ਮਹੱਤਵ ਰੱਖਦਾ ਹੈ ਅਤੇ ਅੱਜ ਵੀ ਉਸ ਪਿਛਾਖੜੀ ਸੋਚ 'ਤੇ ਪ੍ਰਸ਼ਨ ਚਿੰਨ੍ਹ ਲਗਾਉਂਦਾ। ਉਸ ਵੇਲੇ ਦੇ ਵਿਸ਼ਵੀ ਦਰਸ਼ਨ ਨਾਲ ਤੁਲਨਾ ਕਰਕੇ ਉਹਨਾ ਉਸ ਵੇਲੇ ਦੀ ਸਾਡੀ ਸਮਾਜਿਕ ਦਸ਼ਾ ਅਤੇ ਦਿਸ਼ਾ ਨੂੰ ਬਹੁਤ ਭੈੜਾ ਦੱਸਿਆ ਹੈ। ਅੱਜ ਵੀ ਦੇਸ਼ ਭਰ ਵਿਚ ਸਮਾਜਿਕ ਵਲਗਣਾਂ ਦੇ ਜਾਤੀ ਵਿਤਕਰੇ ਵੱਖ-ਵੱਖ ਰੂਪਾਂ ਵਿਚ ਸਾਡੇ ਸਾਹਮਣੇ ਹਾਦਸੇ ਵਾਂਗ ਵਾਪਰ ਜਾਂਦੇ ਹਨ ਅਤੇ ਅਸੀ ਦੁਰਘਟਨਾ ਸਮਝ ਕੇ ਭੁੱਲ ਵੀ ਜਾਂਦੇ ਹਾਂ ਜਾਂ ਆਪਣੇ ਆਪ ਨੂੰ ਕਾਇਰ ਵਾਂਗ ਮੌਤ ਦੇ ਹੱਥ ਆਤਮ ਸਮਰਪਣ ਕਰ ਜਾਂਦੇ ਹਾਂ। ਦੂਜੇ ਪਾਸੇ ਅਸੀਂ ਆਪਣੀ ਨਿਜਤਾ ਦੇ ਇਸ ਕਦਰ ਗੁਲਾਮ ਹੋ ਗਏ ਹਾਂ ਕਿ ਸਭ ਕੁਝ ਵੇਖ-ਸੁਣ ਕੇ ਵੀ ਇਹ ਸੋਚ ਕੇ ਕਿ ਇਹ ਕਿਹੜਾ ਆਪਣਾ ਸੀ ! ਚੁੱਪ ਰਹਿ ਜਾਂਦੇ ਹਾਂ।

ਪਿਛਲੇ ਦਿਨੀ ਭਾਰਤ ਦੇਸ਼ ਵਿਚ ਜੋ ਸੁਪਰੀਮ ਕੋਰਟ ਵਿਚ ਪ੍ਰਮੁੱਖ ਜੱਜ ਸਤਿਕਾਰਯੋਗ ਭੂਸ਼ਨ ਰਾਮ ਕ੍ਰਿਸ਼ਨ ਗਵਈ ਨਾਲ ਵਾਪਰਿਆ ਹੈ, ਉਹ ਬਹੁਤ ਮੰਦਭਾਗਾ ਹੈ। ਆਪਣੇ ਹੀ ਦੇਸ਼ ਦੇ ਸਰਵੋ-ਉੱਚ ਨਿਆਂਦੀਸ਼ ਵੱਲ ਜੁੱਤਾ ਸੁੱਟਣਾ ਸੱਚ-ਮੁੱਚ ਭਾਰਤੀ ਲੋਕਤੰਤਰ 'ਤੇ ਕਾਲਾ ਧੱਬਾ ਹੈ । ਸਰਕਾਰ ਦੇ ਤਿੰਨ ਅੰਗਾਂ ਵਿਚੋਂ ਦੋ ਅੰਗਾਂ ਦੀ ਅਪੰਗਤਾ ਦਾ ਨਮੂਨਾ ਹੈ। ਸਮਝਿਆ ਜਾ ਸਕਦਾ ਹੈ ਕਿ ਇਤਿਹਾਸਕਾਰ ਜਦੋਂ ਅੰਤਰ-ਰਾਸ਼ਟਰੀ ਪੱਧਰ 'ਤੇ ਇਸ ਹਰਕਤ ਨੂੰ ਅਤੇ ਭਾਰਤ ਦੇ ਕਈ ਅਸਾਵੇਂ ਫੈਸਲੇ ਆਂਕੇ ਜਾਣਗੇ ਤਾਂ ਦੁਨੀਆਂ ਦਾ ਸਭ ਤੋਂ ਵੱਡਾ ਅਤੇ ਮਜ਼ਬੂਤ ਲੋਕਤੰਤਰ ਮੂੰਹ ਲੁਕਾਉਂਦਾ ਫਿਰਦਾ ਹੋਵੇਗਾ। ਜਦੋਂ ਇਕ ਜੱਜ ਉਹ ਵੀ ਸੁਪਰੀਮ ਕੋਰਟ ਦੇ ਪ੍ਰਮੁੱਖ ਨਿਆਂਦੀਸ਼, ਜਿਨ੍ਹਾਂ ਦਾ ਪਿਛੋਕੜ ਪਰਿਵਾਰ ਬਾਬਾ ਸਾਹਿਬ ਅੰਬੇਡਕਰ ਨਾਲ ਅਜ਼ਾਦੀ ਦੀ ਲੜਾਈ ਅਤੇ ਜਾਤ-ਪਾਤ ਅਤੇ ਛੂਤ-ਛਾਤ ਦੀ ਵਿਵਸਥਾ ਦੇ ਖਿਲਾਫ ਉਸ ਸਮੇਂ ਵੀ ਲੜਾਈ ਲੜਿਆ ਸੀ। ਕਿਸੇ ਵੀ ਧਰਮ ਦਾ ਸਨਾਤਨ ਮਾਨਵਤਾ ਤੋਂ ਉਪਰ ਨਹੀਂ ਹੋ ਸਕਦਾ, ਭਾਵੇਂ ਜੱਜ ਸਾਹਿਬ ਨੇ ਕੋਈ ਨੋਟਿਸ ਨਾ ਲੈ ਕੇ ਛੱਡ ਦਿੱਤਾ ਹੈ, ਪਰ ਸਮੇਂ ਦੀ ਸਰਕਾਰ ਭਾਜਪਾ ਨੂੰ ਨੋਟਿਸ ਲੈਣਾ ਚਾਹੀਦਾ ਸੀ। ਨਿਆਂਇਕ ਵਿਵਸਥਾ ਦਾ ਸਰਬ ਉੱਚ ਰੁਤਬਾ ਹਰ ਸਮੇਂ ਬਰਕਰਾਰ ਰੱਖਣ ਦੀ ਲੋੜ ਹੈ, ਅਜਿਹੇ ਜਾਤ-ਪਾਤ ਦੇ ਮਸਲੇ 'ਤੇ ਸਰਕਾਰ ਨੂੰ ਚੁੱਪ ਨਹੀ ਰਹਿਣਾ ਚਾਹੀਦਾ।

ਹਰਿਆਣਾ ਦੇ ਆਈ ਪੀ ਐੱਸ ਅਫਸਰ ਵਾਈ.ਪੂਰਨ ਕੁਮਾਰ ਨੇ ਇਸ ਲਈ ਖੁਦਕਸ਼ੀ ਕੀਤੀ ਹੈ, ਦਲਿਤ ਹੋਣ ਕਰ ਕੇ ਉਸ ਦੇ ਸਹਿਕਰਮੀ ਅਤੇ ਉੱਚ ਅਧਿਕਾਰੀ ਉਸ ਨੂੰ ਹੀਣ ਦੱਸਣ ਦੀ ਕੋਸ਼ਿਸ਼ ਕਰਦੇ ਸਨ। ਸਿਆਣੇ ਕਹਿੰਦੇ ਹਨ ਕਿ ਮਰ ਰਿਹਾ ਬੰਦਾ ਕਦੇ ਝੂਠ ਨਹੀ ਬੋਲਦਾ। ਅਜਿਹਾ ਕਰਨਾ ਉਸ ਵਿਤਕਰਿਆਂ ਵਾਲੀ ਵਿਵਸਥਾ ਨੂੰ ਮੋੜਾ ਪਾਉਣ ਵਾਲੀ ਗੱਲ ਹੈ। ਦੂਜੇ ਪਾਸੇ ਉਸੇ ਵਿਭਾਗ ਦਾ ਏ. ਐੱਸ ਆਈ ਸੰਦੀਪ ਲਾਠਰ ਦਾ ਲਾਈਵ ਵੀਡਿਓ ਬਣਾ ਕੇ ਖੁਦਕੁਸ਼ੀ ਕਰਨਾ ਕਿਸੇ ਵੀ ਤਰਾਂ ਸਟਰੈੱਸ ਮੈਨੇਜਮੈਂਟ ਨਹੀ ਹੋ ਸਕਦਾ। ਜੇ ਉੱਚ ਰੁਤਬੇ ,ਉੱਚ ਸਿੱਖਿਆ ਪ੍ਰਾਪਤ ਲੋਕ ਸੰਵਿਧਾਨ ਦੀ ਧਰਮ-ਨਿਰਪੱਖਤਾ ਅਤੇ ਜਾਤੀਏ ਭੇਦ-ਭਾਵ ਦੀ ਸਹੁੰ ਚੁੱਕ ਕੇ ਵੀ ਅਜਿਹੇ ਵਿਹਾਰ ਨਾਲ ਵਿਵਸਥਾ ਚਲਾਉਂਦੇ ਹਨ ਤਾਂ ਸਾਡਾ ਵੱਡੀਆਂ-ਵੱਡੀਆਂ ਦੇਸੀ ਅਤੇ ਵਿਦੇਸ਼ੀ ਯੂਨੀਵਰਸਿਟੀਆਂ 'ਚ ਵੱਡੇ-ਵੱਡੇ ਤਗਮੇ ਅਤੇ ਡਿਗਰੀਆਂ ਪ੍ਰਾਪਤ ਕਰਨ ਦਾ ਕੋਈ ਲਾਭ ਨਹੀਂ ਅਤੇ ਜੇ ਅਜਿਹੇ ਵਤੀਰੇ ਵਾਲੇ ਲੋਕਾਂ ਦੇ ਖਿਲਾਫ ਅਵਾਜ਼ ਨਹੀ ਉਠਾਈ ਜਾਂਦੀ ਤਾਂ ਅਸੀਂ ਅਜਿਹੀ ਵਿਵਸਥਾ ਦੇ ਗੁਲਾਮ ਜਾਂ ਤਾਬਿਆਦਾਰ ਬਣਦੇ ਜਾ ਰਹੇ ਹਾਂ, ਜੋ ਜਾਤੀਏ ਭੇਦ-ਭਾਵ ਨੂੰ, ਊਚ-ਨੀਚ ਨੂੰ ਅਤੇ ਤਥਾਕਥਿਤ ਮਨੂਸਮਰਿਤੀ ਨੂੰ ਵਾਪਸੀ ਮੋੜਾ ਦੇ ਰਹੇ ਹਾਂ। ਬਾਬਾ ਸਾਹਿਬ ਵਾਂਗ ਅਜਿਹੀ ਵਿਵਸਥਾ ਨਾਲ ਲੜਨ ਦੀ ਲੋੜ ਹੈ, ਨਾ ਕਿ ਮਰਨ ਦੀਆਂ ਪੌੜੀਆਂ ਹਮੇਸ਼ਾ ਉਪਰੋਂ ਹੇਠਾਂ ਸਾਫ ਹੁੰਦੀਆਂ ਹਨ।

ਵੈਸੇ ਭਾਰਤ ਵਿਚ ਆਏ ਦਿਨ ਅਜਿਹੀਆਂ ਘਟਨਾਵਾਂ, ਜੋ ਜਾਤੀ ਵਿਤਕਰਿਆਂ ਨੂੰ ਦਰਸਾਂਉਂਦੀਆਂ ਹਨ ਅਤੇ ਸਾਡੇ ਕਨੂੰਨ ਵਿਵਸਥਾ ਦਾ ਮੂੰਹ ਚਿੜਾਉਂਦੀਆਂ ਹਨ, ਇਹ ਕਦੇ ਨਹੀ ਰੁਕਦੀਆਂ ਪਰ ਭਾਰਤੀ ਜਨਤਾ ਪਾਰਟੀ ਦੇ ਸ਼ਾਸਨ ਕਾਲ ਵਿਚ ਰਾਕੇਟ ਸਪੀਡ ਨਾਲ ਵਧੀਆ ਹਨ। ਅੰਦਰੂਨੀ ਸੱਥਾ 'ਚੋ ਅਵਾਜ਼ ਵੀ ਆਉਂਦੀ ਹੈ ਕਿ ਲੁਕਵੇਂ ਏਜੰਡੇ 'ਚ ਇਸ ਦਾ ਉਹਨਾਂ ਨੂੰ ਰਾਜਨੀਤਕ ਫਾਇਦਾ ਹੁੰਦਾ ਹੈ, ਪਰ ਇਹ ਤਿੰਨੋਂ ਦੁਰਘਟਨਾਵਾਂ ਸਰਕਾਰ ਦੇ ਤਿੰਨੋਂ ਅੰਗਾਂ ਨਿਆਂਪਾਲਿਕਾ, ਕਾਰਜ-ਪਾਲਿਕਾ ਅਤੇ ਵਿਧਾਨਪਾਲਿਕਾ ਨੂੰ ਵਿੰਨ੍ਹਦੀਆਂ ਜਾ ਰਹੀਆਂ ਹਨ। ਜੱਜ ਉਹ ਉਪਰਲੀ ਚੋਟੀ ਦਾ, ਅਫਸਰ ਉਹ ਮੱਧਮ ਚੋਟੀ ਦਾ ਅਤੇ ਇਕ ਉਹ ਆਮ ਵਿਅਕਤੀ ਜੋ ਆਪਣੀ ਵੋਟ ਨਾਲ ਸਰਕਾਰਾਂ ਖੜੀਆਂ ਕਰਦਾ ਹੈ। ਵੇਖਿਆ ਜਾਵੇ ਤਾਂ ਅਜਿਹੇ ਹਾਲਾਤ ਪੈਦਾ ਕਰਨ 'ਚ ਜੇ ਭਾਜਪਾ ਜ਼ਿੰਮੇਵਾਰ ਹੈ ਤਾਂ ਇਸ ਨੂੰ ਸਹਿਯੋਗ ਦੇਣ 'ਚ ਮੌਕਾਪ੍ਰਸਤੀ ਦੀ ਰਾਜਨੀਤੀ ਕਰਨ ਵਾਲੇ ਦਲਿਤਾਂ ਅਤੇ ਪੱਛੜੇ ਲੋਕਾਂ ਦੇ ਮਸੀਹੇ ਹੋਣ ਦਾ ਦਾਅਵਾ ਕਰਨ ਵਾਲੇ ਸਰਕਾਰ ਦੇ ਸਿੱਧੇ-ਅਸਿੱਧੇ ਸਹਿਯੋਗੀ ਮੁੱਖ ਮੰਤਰੀ ਨਿਤੀਸ਼ ਕੁਮਾਰ, ਮੁੱਖ ਮੰਤਰੀ ਐੱਨ. ਚੰਦਰ ਬਾਬੂ ਨਾਇਡੂ ਅਤੇ ਕਾਂਸ਼ੀ ਰਾਮ ਤੋਂ ਬਾਅਦ ਦਲਿਤਾਂ ਦੀ ਰਖਵਾਲੀ ਹੋਣ ਦਾ ਦਾਅਵਾ ਕਰਨ ਵਾਲੀ ਮਾਇਆਵਤੀ ਹਨ। ਮਾਇਆਵਤੀ ਨੇ ਆਪਣੀ ਮਹਾਂਰੈਲੀ ਵਿਚ ਇਹਨਾਂ ਘਟਨਾਵਾਂ ਬਾਰੇ ਸਿੱਧੇ ਇਕ ਸ਼ਬਦ ਨਹੀਂ ਬੋਲਿਆ। ਭਾਰਤ ਦੀ ਲੋਕਤੰਤਰੀ ਸੰਸਦੀ ਵਿਵਸਥਾ ਵਿਚ ਰਾਸ਼ਟਰਪਤੀ , ਉਪ-ਰਾਸ਼ਟਰਪਤੀ ਅਤੇ ਲੋਕ ਸਭਾ ਸਪੀਕਰ ਆਦਿ ਸੰਵਿਧਾਨ ਅਨੁਸਾਰ ਸਭ ਤੋਂ ਪ੍ਰਮੁੱਖ ਸੰਵਿਧਾਨਿਕ ਮਰਿਯਾਦਾ ਦੇ ਅਹੁਦੇ ਹਨ। ਇਹਨਾਂ 'ਤੇ ਬੈਠਣ ਵਾਲਾ ਵਿਅਕਤੀ ਬਹੁਤ ਸਿਆਣਾ, ਤਜਰਬੇਕਾਰ ਅਤੇ ਵਿਦਵਾਨ ਸਮਝਿਆ ਜਾਂਦਾ ਹੈ, ਜੋ ਪਾਰਟੀ ਰਾਜਨੀਤੀ ਹੀ ਨਹੀਂ, ਬਾਕੀ ਰਾਜਨੀਤੀ ਤੋਂ ਵੀ ਉੱਪਰ ਹੁੰਦਾ ਹੈ, ਪਰ ਵੇਖਣ ਵਿਚ ਆਇਆ ਹੈ ਕਿ ਕੁਝ ਸਾਲਾਂ ਤੋ ਮਾਣਯੋਗ ਰਾਸ਼ਟਰਪਤੀ ਆਪਣਾ ਅਹੁਦਾ ਬਿੱਲਕੁਲ ਹੀ ਚੁੱਪ ਰਹਿ ਕੇ ਨਿਭਾਅ ਰਹੇ ਹਨ।

ਵੈਸੇ ਚੁੱਪ ਤੋਂ ਯਾਦ ਆਇਆ ਕਿ ਸਾਡੇ ਮਾਣਯੋਗ ਪ੍ਰਧਾਨ ਮੰਤਰੀ ਨਰਿੰਦਰ ਮੋਦੀ 2014 ਤੋਂ ਸਭ ਦਾ ਸਾਥ, ਸਭ ਦਾ ਵਿਕਾਸ ਅਤੇ ਸਭ ਦਾ ਵਿਸ਼ਵਾਸ ਦੇ ਉਦੇਸ਼ ਨਾਲ ਆਏ ਦਿਨ ਆਪਣੇ ਭਾਸ਼ਣਾਂ ਦਾ ਆਪ ਹੀ ਰਿਕਾਰਡ ਤੋੜਦੇ ਰਹਿੰਦੇ ਹਨ। ਚੁਨਾਵੀ ਰੈਲੀਆਂ ਦਾ ਰਿਕਾਰਡ ਬਣਾਉਂਦੇ ਹਨ, ਵਿਦੇਸ਼ੀ ਦੌਰਿਆਂ ਦਾ ਰਿਕਾਰਡ ਬਣਾਉਂਦੇ ਹਨ, ਬਾਇਓਲੋਜੀ ਨਾ ਹੋਣ ਦਾ ਰਿਕਾਰਡ ਬਣਾਇਆ ਹੈ ਅਤੇ ਯਸਸਵੀ ਪ੍ਰਧਾਨ ਮੰਤਰੀ ਹੋਣ ਦਾ ਰਿਕਾਰਡ ਬਣਾ ਰਹੇ ਹਨ। ਪਤਾ ਨਹੀ ਕਿਉਂ ਅਜਿਹੇ ਸਮਾਜਿਕ ਅਸਮਾਨਤਾ ਵਾਲੇ ਮਸਲੇ 'ਤੇ ਵੀ ਚੁੱਪ ਰਹਿੰਦੇ ਹਨ। ਮਹਿਸੂਸ ਕੀਤਾ ਜਾ ਰਿਹਾ ਹੈ ਕਿ ਉਹ ਸਿਰਫ ਘੱਟ-ਗਿਣਤੀਆਂ ਮੁਸਲਿਮ ਅਤੇ ਈਸਾਈਆਂ ਨੂੰ ਡਰਾਉਣ, ਸਤਾਉਣ, ਦਬਕਾਉਣ ਅਤੇ ਭਜਾਉਣ ਵਾਲੇ ਮਸਲਿਆਂ 'ਤੇ ਤਾਂ ਚੁੱਪ ਰਹਿੰਦੇ ਹੀ ਸਨ, ਜਿਵੇਂ ਮਨੀਪੁਰ ਦੀਆਂ ਘਟਨਾਵਾਂ 'ਤੇ ਚੁੱਪੀ, ਉੜੀਸਾ ਅਤੇ ਉੱਤਰ ਭਾਰਤ ਦੇ ਕੁਝ ਰਾਜਾਂ 'ਚ ਈਸਾਈਆਂ ਨੂੰ ਡਰਾਉਣ, ਸਤਾਉਣ, ਦਬਕਾਉਣ ਅਤੇ ਭਜਾਉਣ ਆਦਿ 'ਤੇ ਚੁੱਪੀ, ਮੁਸਲਿਮ ਘੱਟ-ਗਿਣਤੀ ਨੂੰ ਵੇਖ ਨਾ ਸਖਾਉਣ ਵਾਲੇ ਲੋਕਾਂ 'ਤੇ ਚੁੱਪੀ, ਉਹਨਾਂ ਨੂੰ ਕੱਠਮੁੱਲੇ ਕਹਿਣ 'ਤੇ ਚੁੱਪੀ, ਅੱਤਵਾਦੀਆਂ ਦੀ ਭੈਣ ਕਹਿਣ 'ਤੇ ਚੁੱਪੀ, ਦੇਸ਼ ਕੇ ਗੱਦਾਰੋਂ ਕੋ ਗੋਲੀ ਮਾਰੋ ਸਾਲੋਂ ਕੋ ਕਹਿਣ 'ਤੇ ਚੁੱਪੀ । ਇਸ ਚੁੱਪੀ ਦੀ ਤਾਂ ਸਮਝ ਪੈਂਦੀ ਹੈ ਕਿ ਭਾਜਪਾ ਦਾ ਇਹ ਹਿੰਦੂ ਸੁੱਖ ਦੇ ਰਸ ਦਾ ਮਸਲਾ ਹੈ, ਪਰ ਅੰਤਰਾਸ਼ਟਰੀ ਮੰਚ 'ਤੇ ਅਮਰੀਕਾ ਦੇ ਰਾਸ਼ਟਰਪਤੀ ਮੋਦੀ ਮਾਈ ਫਰੈਂਡ ਕਹਿਣ ਵਾਲੇ ਡੋਨਾਲਡ ਟਰੰਪ ਵੱਲੋਂ ਕ੍ਰਮਵਾਰ ਅਤੇ ਲਗਾਤਾਰ ਭਾਰਤ ਨੂੰ ਬੇਇੱਜ਼ਤ ਕੀਤਾ ਗਿਆ ਹੈ, ਭਾਵੇਂ ਉਹ ਭਾਰਤੀਆਂ ਨੂੰ ਹੱਥਕੜੀਆਂ ਲਾ ਕੇ ਵਾਪਿਸ ਭੇਜਣਾ ਹੋਵੇ, ਭਾਰਤ-ਪਾਕਿਸਤਾਨ ਲੜਾਈ ਦਾ ਮਸਲਾ ਹੋਵੇ ਜਾਂ ਫਿਰ ਵਪਾਰ ਦੇ ਟੈਰਿਫ ਟੈਰਰ ਦਾ ਮਸਲਾ ਹੋਵੇ, ਸਾਹਿਬ ਚੁੱਪ ਹੀ ਚੱਲ ਰਹੇ ਹਨ।

ਵੇਖਿਆ ਜਾਵੇ ਤਾਂ ਅੰਗਰੇਜ਼ਾਂ ਨੇ ਪਾੜੋ ਅਤੇ ਰਾਜ ਕਰੋ ਨਹੀਂ, ਬਲਕਿ ਪਾਟਿਆਂ 'ਤੇ ਰਾਜ ਕੀਤਾ ਸੀ, ਪਰ ਜਦੋਂ ਲੋਕ ਇਕ-ਜੁੱਟ ਹੋ ਗਏ ਤਾਂ ਇਕ ਲੱਖ ਅੰਗਰੇਜ਼ਾਂ ਨੂੰ ਵਾਪਸੀ ਦੀਆਂ ਭਾਜੜਾਂ ਪੈ ਗਈਆਂ। ਅੱਜ ਵੀ ਸੰਵਿਧਾਨ ਦੇ ਹੁੰਦਿਆਂ ਸੁੰਦਿਆਂ ਅਜਿਹੀਆਂ ਕੋਝੀਆਂ ਨੀਤੀਆਂ ਨਾਲ ਪਾੜਨ ਦੀ ਕੋਸ਼ਿਸ ਕੀਤੀ ਜਾ ਰਹੀ ਹੈ। ਅਸਲ 'ਚ ਹਿੰਦੂ ਬਹੁਗਿਣਤੀ ਅਤੇ ਬਾਕੀ ਘੱਟ-ਗਿਣਤੀਆਂ ਨਾਲ ਹੀ ਅਨੇਕਤਾ 'ਚ ਏਕਤਾ ਵਾਲਾ ਭਾਰਤ ਬਣਦਾ ਹੈ। ਸਾਨੂੰ ਦੇਸ਼ ਹਿੱਤ ਲਈ ਆਪਣੀਆਂ ਧੌਣੀ 'ਚੋਂ ਧਰਮ ਦੀ ਪੁਰਾਣੀ ਵਿਵਸਥਾ ਵਾਲਾ ਕਿੱਲਾ ਕੱਢ ਕੇ ਸਭ ਦਾ ਸਾਥ, ਸਭ ਦਾ ਵਿਕਾਸ ਅਤੇ ਸਭ ਦਾ ਵਿਸ਼ਵਾਸ ਵਾਲੀ ਅਸਲ ਵਿਵਸਥਾ ਦੀ ਲੋੜ ਹੈ।

**# ਸੰਪਰਕ : 98782-61522**

# ਹਵਾ ਪ੍ਰਦੂਸ਼ਣ ਬਿਮਾਰੀਆਂ ਦਾ ਬੋਝ ਵਧਾ ਰਿਹੈ



ਵਿਜੈ ਗਰਗ

ਹੈੱਲਥ ਇਫੈਕਟਸ ਇੰਸਟੀਚਿਊਟ (ਐੱਚ ਆਈ) ਅਤੇ ਇੰਸਟੀਚਿਊਟ ਫਾਰ ਹੈਲਥ ਮੈਟ੍ਰਿਕਸ ਐਂਡ ਇਵੈਲੂਏਸ਼ਨ (ਆਈ ਐੱਸ ਐੱਮ ਈ) , ਸੰਯੁਕਤ ਰਾਜ ਅਮਰੀਕਾ ਦੁਆਰਾ ਜਾਰੀ ਸਟੇਟ ਆਫ਼ ਗਲੋਬਲ ਏਅਰ 2025 ਦੀ ਰਿਪੋਰਟ ਦੇ ਅਨੁਸਾਰ, 2023 ਵਿੱਚ ਭਾਰਤ ਵਿੱਚ ਹਵਾ ਪ੍ਰਦੂਸ਼ਣ ਨਾਲ ਸੰਬੰਧਤ ਬਿਮਾਰੀਆਂ ਕਾਰਨ 20 ਲੱਖ ਜਾਨਾਂ ਗਈਆਂ। ਇਹ 2000 ਵਿੱਚ ਹੋਈਆਂ 1.4 ਮਿਲੀਅਨ ਮੌਤਾਂ ਤੋਂ ਇੱਕ ਹੈਰਾਨ ਕਰਨ ਵਾਲਾ ਵਾਧਾ ਹੈ, ਜੋ ਕਿ 43 ਪ੍ਰਤੀਸ਼ਤ ਵਾਧਾ ਹੈ । ਇਨ੍ਹਾਂ ਵਿੱਚੋਂ 10 ਵਿੱਚੋਂ ਲਗਭਗ ਨੌਂ ਮੌਤਾਂ ਗੈਰ-ਸੰਚਾਰੀ ਬਿਮਾਰੀਆਂ ਐੱਨ ਸੀ ਡੀ) ਜਿਵੇਂ ਕਿ ਦਿਲ ਦੀ ਬਿਮਾਰੀ, ਫੇਫੜਿਆਂ ਦਾ ਕੈਂਸਰ, ਸ਼ੂਗਰ ਅਤੇ ਇੱਥੋਂ ਤੱਕ ਕਿ ਡਿਮੈਂਸ਼ੀਆ ਨਾਲ ਜੁੜੀਆਂ ਹੋਈਆਂ ਸਨ।

ਵਿਸ਼ਵ ਪੱਧਰ 'ਤੇ ਹਵਾ ਪ੍ਰਦੂਸ਼ਣ ਸਾਲਾਨਾ 80 ਲੱਖ ਮੌਤਾਂ ਲਈ ਜ਼ਿੰਮੇਵਾਰ ਹੈ। ਦੁਨੀਆ ਭਰ ਵਿੱਚ ਲਗਭਗ ਅੱਠ ਮੌਤਾਂ ਵਿੱਚੋਂ ਇੱਕ। ਇਨ੍ਹਾਂ ਵਿੱਚੋਂ ਅੱਧੀਆਂ ਤੋਂ ਵੱਧ ਮੌਤਾਂ (ਲਗਭਗ 4.9 ਮਿਲੀਅਨ) ਬਾਹਰੀ ਹਵਾ ਪ੍ਰਦੂਸ਼ਣ ਕਾਰਨ ਹੁੰਦੀਆਂ ਹਨ। 2.8 ਮਿਲੀਅਨ ਘਰੇਲੂ ਹਵਾ ਪ੍ਰਦੂਸ਼ਣ ਕਾਰਨ ਅਤੇ ਬਾਕੀ ਓਜ਼ੋਨ ਪ੍ਰਦੂਸ਼ਣ ਕਾਰਨ ਹੁੰਦੀਆਂ ਹਨ।

ਬਿਮਾਰੀਆਂ ਦਾ ਵਧਦਾ ਬੋਝ ਭਾਰਤ ਵਿੱਚ ਹਵਾ ਪ੍ਰਦੂਸ਼ਣ ਕਾਰਨ ਮੌਤ ਦਰ ਹੁਣ ਉੱਚ-ਆਮਦਨ ਵਾਲੇ ਦੇਸ਼ਾਂ ਨਾਲੋਂ 10 ਗੁਣਾ ਵੱਧ ਹੈ, ਜਿੱਥੇ ਪ੍ਰਤੀ 10,000 ਲੋਕਾਂ ਵਿੱਚ 186 ਮੌਤਾਂ ਹੁੰਦੀਆਂ ਹਨ, ਜਦੋਂ ਕਿ ਅਮੀਰ ਦੇਸ਼ਾਂ ਵਿੱਚ ਪ੍ਰਤੀ 1,00,000 ਵਿੱਚ 17 ਮੌਤਾਂ ਹੁੰਦੀਆਂ ਹਨ। ਮਹਾਰਾਸ਼ਟਰ, ਉੱਤਰ ਪ੍ਰਦੇਸ਼, ਰਾਜਸਥਾਨ, ਬਿਹਾਰ ਅਤੇ ਪੱਛਮੀ ਬੰਗਾਲ ਵਰਗੇ ਰਾਜਾਂ ਨੇ ਸਭ ਤੋਂ ਵੱਧ ਪ੍ਰਭਾਵ ਦਰਜ ਕੀਤੇ ਹਨ। ਹਰੇਕ ਰਾਜ ਨੇ 2023 ਵਿੱਚ 1,00,000 ਤੋਂ ਵੱਧ ਮੌਤਾਂ ਦੀ ਰਿਪੋਰਟ ਕੀਤੀ ਹੈ।ਇਹ ਰਿਪੋਰਟ ਹਵਾ ਪ੍ਰਦੂਸ਼ਣ ਕਾਰਨ ਹੋਣ ਵਾਲੀਆਂ ਐੱਨ ਸੀ ਡਜ਼ ਦੀਆਂ ਵਧਦੀਆਂ ਘਟਨਾਵਾਂ ਨੂੰ ਉਜਾਗਰ ਕਰਦੀ ਹੈ। 2023 ਵਿੱਚ ਭਾਰਤ ਵਿੱਚ ਹਵਾ ਪ੍ਰਦੂਸ਼ਣ ਕਾਰਨ ਹੋਈਆਂ 89 ਪ੍ਰਤੀਸ਼ਤ ਮੌਤਾਂ ਐੱਨ ਸੀ ਡੀਜ਼ ਕਾਰਨ ਹੋਈਆਂ, ਜਿਨ੍ਹਾਂ ਵਿੱਚ ਦਿਲ ਅਤੇ ਫੇਫੜਿਆਂ ਦੀ ਬਿਮਾਰੀ, ਫੇਫੜਿਆਂ ਦਾ ਕੈਂਸਰ, ਸ਼ੂਗਰ ਅਤੇ ਡਿਮੈਂਸ਼ੀਆ ਸ਼ਾਮਲ ਹਨ।ਰਿਪੋਰਟ ਦੇ ਅਨੁਸਾਰ ਹਵਾ ਪ੍ਰਦੂਸ਼ਣ 10 ਵਿੱਚੋਂ ਸੱਤ ਕ੍ਰੋਨਿਕ ਅਬਸਟਰਕਟਿਵ ਪਲਮਨਰੀ ਡਿਜ਼ੀਜ਼ (ਸੀ ਓ ਪੀ ਡੀ) ਮੌਤਾਂ, ਤਿੰਨ ਵਿੱਚੋਂ ਇੱਕ ਫੇਫੜਿਆਂ ਦੇ ਕੈਂਸਰ ਦੀ ਮੌਤ, ਚਾਰ ਵਿੱਚੋਂ ਇੱਕ ਤੋਂ ਵੱਧ ਦਿਲ ਦੀ ਬਿਮਾਰੀ ਦੀ ਮੌਤ ਅਤੇ ਪੰਜ ਵਿੱਚੋਂ ਲਗਭਗ ਇੱਕ ਸ਼ੂਗਰ ਦੀ ਮੌਤ ਲਈ ਜ਼ਿੰਮੇਵਾਰ ਹੈ।

ਹਾਲਾਂਕਿ, ਭਾਰਤ ਵਿੱਚ ਘਰੇਲੂ ਹਵਾ ਪ੍ਰਦੂਸ਼ਣ (ਖਾਣਾ ਪਕਾਉਣ ਲਈ ਠੋਸ ਬਾਲਣ ਦੀ ਵਰਤੋਂ ਕਾਰਨ) ਕਾਰਨ ਹੋਣ ਵਾਲੀਆਂ ਮੌਤਾਂ ਵਿੱਚ ਲਗਾਤਾਰ ਗਿਰਾਵਟ ਆਈ ਹੈ, ਪਰ ਆਲੇ-ਦੁਆਲੇ ਦੇ ਪੀ ਐੱਮ 2.5 ਅਤੇ ਓਜ਼ੋਨ ਦੋਵਾਂ ਕਾਰਨ ਹੋਣ ਵਾਲੀਆਂ ਮੌਤਾਂ ਵਿੱਚ ਕਾਫ਼ੀ ਵਾਧਾ ਹੋਇਆ ਹੈ। ਜੋਖਮ ਦੀ ਤੀਬਰਤਾ ਇਸ ਤੱਥ ਤੋਂ ਸਪੱਸ਼ਟ ਹੈ ਕਿ ਦੇਸ਼ ਦੀ 75 ਪ੍ਰਤੀਸ਼ਤ ਆਬਾਦੀ ਉਨ੍ਹਾਂ ਖੇਤਰਾਂ ਵਿੱਚ ਰਹਿੰਦੀ ਹੈ ਜਿੱਥੇ ਸਾਲਾਨਾ ਪੀ ਐੱਮ 2.5 ਐਕਸਪੋਜਰ ਡਬਲਿਊ ਯੂ ਐੱਚ ਓ ਦੇ ਹਵਾ ਗੁਣਵੱਤਾ ਅੰਤਰਿਮ ਟੀਚੇ ਤੋਂ ਵੱਧ ਹੈ।

**ਨਵਾਂ ਜ਼ਹਿਰੀਲਾ ਮੋਰਚਾ :** ਡਿਮੈਂਸ਼ੀਆ ਇਸ ਸਾਲ ਦੀ ਰਿਪੋਰਟ ਦਾ ਇੱਕ ਮੁੱਖ ਆਕਰਸ਼ਣ ਡਿਮੈਂਸ਼ੀਆ ਨੂੰ ਹਵਾ ਪ੍ਰਦੂਸ਼ਣ ਦੇ ਸਿਹਤ ਨੁਕਸਾਨ ਦੇ ਇੱਕ ਨਵੇਂ ਸੂਚਕ ਵਜੋਂ ਸ਼ਾਮਲ ਕਰਨਾ ਹੈ। 2023 ਵਿੱਚ ਹਵਾ ਪ੍ਰਦੂਸ਼ਣ ਨੇ ਦੁਨੀਆ ਭਰ ਵਿੱਚ 626,000 ਡਿਮੈਂਸ਼ੀਆ ਮੌਤਾਂ ਵਿੱਚ ਯੋਗਦਾਨ ਪਾਇਆ ਅਤੇ ਅੰਦਾਜ਼ਨ 40 ਮਿਲੀਅਨ ਸਿਹਤਮੰਦ ਸਾਲਾਂ ਦੀ ਜ਼ਿੰਦਗੀ ਗੁਆ ਦਿੱਤੀ। ਵਿਗਿਆਨੀਆਂ ਨੇ ਚੇਤਾਵਨੀ ਦਿੱਤੀ ਹੈ ਕਿ ਬਰੀਕ ਕਣਾਂ ਦੇ ਲੰਮੇ ਸਮੇਂ ਤੱਕ ਸੰਪਰਕ ਦਿਮਾਗ ਦੇ ਟਿਸ਼ੂ ਨੂੰ ਨੁਕਸਾਨ ਪਹੁੰਚਾ ਸਕਦਾ ਹੈ ਅਤੇ ਬੋਧਾਤਮਕ ਗਿਰਾਵਟ ਨੂੰ ਤੇਜ਼ ਕਰ ਸਕਦਾ ਹੈ।

ਭਾਰਤ ਵਿੱਚ, ਜਿੱਥੇ ਜੀਵਨ ਦੀ ਸੰਭਾਵਨਾ ਵਧ ਰਹੀ ਹੈ ਅਤੇ ਬਜ਼ੁਰਗਾਂ ਦੀ ਦੇਖਭਾਲ ਪ੍ਰਣਾਲੀ ਅਜੇ ਵੀ ਵਿਕਸਤ ਨਹੀਂ ਹੈ, ਇਹ ਖੋਜ ਇੱਕ ਮਹੱਤਵਪੂਰਨ ਚਿੰਤਾ ਦਾ ਵਿਸ਼ਾ ਹੈ। ਦੇਸ਼ ਵਿੱਚ ਪ੍ਰਦੂਸ਼ਣ ਨਾਲ ਜੁੜੀਆਂ ਡਿਮੈਂਸ਼ੀਆ ਨਾਲ ਸੰਬੰਧਤ ਮੌਤਾਂ, ਜੋ ਕਿ 2024 ਵਿੱਚ 54,000 ਤੋਂ ਵੱਧ ਸਨ, ਪਰਵਾਰਾਂ, ਸਿਹਤ ਸੰਭਾਲ ਪ੍ਰਣਾਲੀਆਂ ਅਤੇ ਦੇਖਭਾਲ ਕਰਨ ਵਾਲਿਆਂ ਲਈ ਵਧ ਰਹੇ ਖ਼ਤਰੇ ਨੂੰ ਦਰਸਾਉਂਦੀਆਂ ਹਨ । ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਔਰਤਾਂ ਬਹੁਤ ਜ਼ਿਆਦਾ ਪ੍ਰਭਾਵਤ ਹੁੰਦੀਆਂ ਹਨ, ਦੋਵੇਂ ਪ੍ਰਾਇਮਰੀ ਦੇਖਭਾਲ ਕਰਨ ਵਾਲਿਆਂ ਦੇ ਤੌਰ 'ਤੇ ਅਤੇ ਜਿਨ੍ਹਾਂ ਨੂੰ ਖੁਦ ਡਿਮੈਂਸ਼ੀਆ ਹੋਣ ਦਾ ਖ਼ਤਰਾ ਹੈ।2018 ਵਿੱਚ ਸੰਯੁਕਤ ਰਾਸ਼ਟਰ ਦੀ ਐੱਨ ਸੀ ਡੀਜ਼ ਦੀ ਉੱਚ-ਪੱਧਰੀ ਮੀਟਿੰਗ ਨੇ ਅਧਿਕਾਰਤ ਤੌਰ 'ਤੇ ਹਵਾ ਪ੍ਰਦੂਸ਼ਣ ਨੂੰ ਤੰਬਾਕੂ ਦੀ ਵਰਤੋਂ, ਗੈਰ-ਸਿਹਤਮੰਦ ਖੁਰਾਕ, ਸਰੀਰਕ ਗਤੀਵਿਧੀ ਦੀ ਘਾਟ ਅਤੇ ਹਾਨੀਕਾਰਕ ਸ਼ਰਾਬ ਦੀ ਖਪਤ ਦੇ ਨਾਲ-ਨਾਲ ਪੁਰਾਣੀਆਂ ਬਿਮਾਰੀਆਂ ਦੇ ਪੰਜ ਪ੍ਰਮੁੱਖ ਜੋਖਮ ਕਾਰਕਾਂ ਵਿੱਚੋਂ ਇੱਕ ਵਜੋਂ ਮਾਨਤਾ ਦਿੱਤੀ ਹੈ।

ਇਸ ਤੋਂ ਬਾਅਦ ਵਿਸ਼ਵ ਸਿਹਤ ਅਸੈਂਬਲੀ ਨੇ ਆਪਣੇ ਗਲੋਬਲ ਐੱਨ ਸੀ ਡੀ ਢਾਂਚੇ ਵਿੱਚ ਹਵਾ ਪ੍ਰਦੂਸ਼ਣ ਨੂੰ ਸ਼ਾਮਲ ਕੀਤਾ, ਜੋ ਸਿਹਤ ਅਤੇ ਵਾਤਾਵਰਣ ਵਿਚਕਾਰ ਲਾਂਘੇ ਨੂੰ ਹੱਲ ਕਰਨ ਲਈ ਸਰਕਾਰ ਵਿੱਚ ਇੱਕ ਮੋੜ ਸੀ । ਫਿਰ ਵੀ ਤਰੱਕੀ ਅਸਮਾਨ ਰਹੀ ਹੈ । ਭਾਰਤ ਸਮੇਤ ਜ਼ਿਆਦਾਤਰ ਐਲ ਐਮ ਆਈ ਸੀ, ਸੰਯੁਕਤ ਰਾਸ਼ਟਰ ਦੇ ਟਿਕਾਊ ਵਿਕਾਸ ਟੀਚੇ 3.4 ਨੂੰ ਪੂਰਾ ਕਰਨ ਦੀ ਸੰਭਾਵਨਾ ਨਹੀਂ ਰੱਖਦੇ, ਜਿਸ ਵਿੱਚ 2030 ਤੱਕ ਐੱਨ ਸੀ ਡੀ ਮੌਤਾਂ ਨੂੰ ਇੱਕ ਤਿਹਾਈ ਤੱਕ ਘਟਾਉਣ ਦੀ ਮੰਗ ਕੀਤੀ ਗਈ ਹੈ, ਬਿਨਾਂ ਮਜ਼ਬੂਤ ਅਤੇ ਨਿਰੰਤਰ ਹਵਾ ਪ੍ਰਦੂਸ਼ਣ ਨਿਯੰਤਰਣ ਯਤਨਾਂ ਦੇ।ਭਾਰਤ ਲਈ ਇਸ ਦਾ ਅਰਥ ਹੈ, ਸਾਫ਼ ਹਵਾ ਰਣਨੀਤੀਆਂ ਨੂੰ ਸਿੱਧੇ ਰਾਸ਼ਟਰੀ ਸਿਹਤ ਅਤੇ ਵਿਕਾਸ ਯੋਜਨਾਬੰਦੀ ਵਿੱਚ ਜੋੜਨਾ।

2025 ਦੀ ਰਿਪੋਰਟ ਦੇ ਨਤੀਜੇ ਹਵਾ ਪ੍ਰਦੂਸ਼ਣ ਕਾਰਨ ਇੱਕ 'ਚੁੱਪ ਮਹਾਂਮਾਰੀ' ਦਾ ਸੰਕੇਤ ਦਿੰਦੇ ਹਨ, ਜਦੋਂ ਕਿ ਛੂਤ ਦੀਆਂ ਬਿਮਾਰੀਆਂ ਕਦੇ ਭਾਰਤ ਦੇ ਸਿਹਤ ਏਜੰਡੇ 'ਤੇ ਹਾਵੀ ਹੁੰਦੀਆਂ ਸਨ, ਪਰ ਹੁਣ ਹਵਾ ਪ੍ਰਦੂਸ਼ਣ ਨਾਲ ਜੁੜੀਆਂ ਪੁਰਾਣੀਆਂ ਅਤੇ ਡੀਜਨਰੇਟਿਵ ਬਿਮਾਰੀਆਂ ਦੇਸ਼ ਦੀ ਭਲਾਈ ਲਈ ਸਭ ਤੋਂ ਵੱਡੀ ਅਤੇ ਸਭ ਤੋਂ ਸਥਾਈ ਧਮਕੀ ਨੂੰ ਦਰਸਾਉਂਦੀਆਂ ਹਨ। ਨਿਰਣਾਇਕ ਨੀਤੀਗਤ ਕਾਰਵਾਈ ਤੋਂ ਬਿਨਾਂ ਇਸ ਵਧ ਰਹੇ ਜਨਤਕ ਸਿਹਤ ਸੰਕਟ ਨੂੰ ਕਾਬੂ ਕਰਨਾ ਮੁਸ਼ਕਲ ਹੋਵੇਗਾ।

# ਬਿਜਲੀ ਸੋਧ ਬਿੱਲ-2025 ਨਿੱਜੀਕਰਨ ਲਈ ਰਾਹ ਖੋਲ੍ਹਦਾ

ਹਰਭਜਨ ਸਿੰਘ

ਕੇਂਦਰ ਸਰਕਾਰ ਦੇ ਬਿਜਲੀ ਮੰਤਰਾਲੇ ਵੱਲੋਂ ਬਿਜਲੀ ਸੋਧ ਬਿੱਲ ਦਾ ਖਰੜਾ 9 ਅਕਤੂਬਰ 2025 ਨੂੰ ਜਾਰੀ ਕੀਤਾ ਗਿਆ ਹੈ। ਇਸ ਖਰੜੇ ਉੱਪਰ ਬਿਜਲੀ ਨਾਲ ਸੰਬੰਧਤ ਧਿਰਾਂ ਤੋਂ ਇੱਕ ਮਹੀਨੇ ਦੇ ਅੰਦਰ ਸੁਝਾਅ ਮੰਗੇ ਗਏ ਹਨ। ਮੋਦੀ ਸਰਕਾਰ 2014 ਤੋਂ ਹੀ ਇਸ ਕਿਸਮ ਦਾ ਬਿਜਲੀ ਬਿੱਲ ਪਾਸ ਕਰਨ ਦੀ ਕੋਸ਼ਿਸ਼ ਕਰਦੀ ਰਹੀ ਹੈ, ਪਰ ਬਿਜਲੀ ਕਰਮਚਾਰੀਆਂ, ਕਿਸਾਨਾਂ ਅਤੇ ਆਮ ਲੋਕਾਂ ਦੀ ਜੱਦੋਜਹਿਦ ਨੇ ਸਰਕਾਰ ਨੂੰ ਬਿੱਲ ਪਾਸ ਕਰਨ ਤੋਂ ਰੋਕੀ ਰੱਖਿਆ ਹੈ। ਕਿਸਾਨੀ ਸੰਘਰਸ਼ ਦੌਰਾਨ 9 ਦਸੰਬਰ 2021 ਨੂੰ ਸਮਝੌਤੇ ਦੇ ਇੱਕ ਹਿੱਸੇ ਵਜੋਂ ਸਰਕਾਰ ਨੇ ਸੰਯੁਕਤ ਕਿਸਾਨ ਮੋਰਚੇ ਨੂੰ ਇੱਕ ਲਿਖਤੀ ਭਰੋਸਾ ਦਿੱਤਾ ਸੀ ਕਿ ਕਾਨੂੰਨ ਬਣਾਉਣ ਤੋਂ ਪਹਿਲਾਂ ਉਨ੍ਹਾਂ ਨਾਲ ਸਲਾਹ-ਮਸ਼ਵਰਾ ਕੀਤਾ ਜਾਵੇਗਾ, ਪਰ ਨਹੀਂ ਕੀਤਾ ਗਿਆ। ਬਿਜਲੀ ਸੰਵਿਧਾਨਕ ਤੌਰ 'ਤੇ ਸਮਵਰਤੀ ਸੂਚੀ (Concurent list) ਦਾ ਮੁੱਦਾ ਹੈ। ਇਸ ਸੂਚੀ ਅਨੁਸਾਰ ਕੇਂਦਰ ਅਤੇ ਰਾਜ ਸਰਕਾਰਾਂ ਨੇ ਆਪਸੀ ਸਲਾਹ-ਮਸ਼ਵਰੇ ਨਾਲ ਹੀ ਬਿਜਲੀ ਨੀਤੀ ਤਿਆਰ ਕਰਨੀ ਹੁੰਦੀ ਹੈ। ਬਿਜਲੀ ਸੋਧ ਬਿੱਲ 2025 ਦਾ ਖਰੜਾ ਜਾਰੀ ਕਰਨ ਤੋਂ ਪਹਿਲਾਂ ਰਾਜਾਂ ਨਾਲ ਵੀ ਸਲਾਹ-ਮਸ਼ਵਰਾ ਨਹੀਂ ਕੀਤਾ ਗਿਆ।

ਇਸ ਬਿੱਲ ਦਾ ਰਾਜਾਂ ਸਮੇਤ ਕਰਮਚਾਰੀਆਂ, ਕਿਸਾਨਾਂ ਅਤੇ ਆਮ ਲੋਕਾਂ ਵੱਲੋਂ ਵਿਰੋਧ ਹੋ ਰਿਹਾ ਹੈ, ਕਿਉਂਕਿ ਇਹ ਬਿੱਲ ਵੱਡੇ ਪੱਧਰ 'ਤੇ ਨਿੱਜੀਕਰਨ, ਵਪਾਰੀਕਰਨ ਅਤੇ ਕੇਂਦਰੀਕਰਨ ਦਾ ਰਾਹ ਖੋਲ੍ਹਦਾ ਹੈ। ਇਸ ਬਿੱਲ ਨਾਲ ਸਰਕਾਰੀ ਬਿਜਲੀ ਵੰਡ ਕੰਪਨੀਆਂ ਦੀ ਵਿੱਤੀ ਸਥਿਰਤਾ ਖਤਰੇ ਵਿੱਚ ਪੈ ਜਾਵੇਗੀ, ਉਹ ਵਿੱਤੀ ਜ਼ਰੂਰਤਾਂ ਅਤੇ ਆਪਣੇ ਉਦੇਸ਼ਾਂ ਨੂੰ ਪੂਰਾ ਕਰਨ ਦੀ ਸਥਾਈ ਸਮਰਥਾ ਨੂੰ ਗਵਾ ਲੈਣਗੀਆਂ। ਇਹ ਬਿੱਲ ਖਪਤਕਾਰਾਂ ਦੇ ਜਮਹੂਰੀ ਅਧਿਕਾਰਾਂ, ਭਾਰਤ ਦੇ ਸੰਘੀ ਢਾਂਚੇ ਅਤੇ ਲੱਖਾਂ ਬਿਜਲੀ ਕਰਮਚਾਰੀਆਂ ਦੀ ਰੋਜ਼ੀ-ਰੋਟੀ ਲਈ ਵੀ ਖਤਰਾ ਹੈ।

ਬਿਜਲੀ ਮੰਤਰਾਲੇ ਵੱਲੋਂ ਤਜਵੀਜ਼ਤ ਬਿੱਲ ਨਾਲ ਇੱਕ 'ਹੈਰਾਨੀਜਨਕ ਇਕਬਾਲਨਾਮਾ' ਵੀ ਇੱਕ ਨੋਟ ਦੇ ਰੂਪ ਵਿੱਚ ਦਰਜ ਕੀਤਾ ਗਿਆ ਹੈ, ਜਿਸ ਅਨੁਸਾਰ ਸਰਕਾਰ ਖੁਦ ਮੰਨਦੀ ਹੈ ਕਿ ਬਿਜਲੀ ਐਕਟ 2003 ਦੇ ਲਾਗੂ ਹੋਣ ਤੋਂ 22 ਸਾਲ ਬਾਅਦ ਵੀ ਇਸ ਕਾਨੂੰਨ ਤਹਿਤ ਵੱਡੇ ਢਾਂਚਾਗਤ ਸੁਧਾਰਾਂ ਦੇ ਬਾਵਜੂਦ ਬਿਜਲੀ ਦਾ ਵੰਡ ਖੇਤਰ ਹਾਲੇ ਵੀ ਗੰਭੀਰ ਵਿੱਤੀ ਸੰਕਟ ਦਾ ਸ਼ਿਕਾਰ ਹੈ। ਇਸ ਸਮੇਂ ਦੌਰਾਨ ਬਿਜਲੀ ਵੰਡ ਕੰਪਨੀਆਂ ਦਾ ਕੁੱਲ ਵਿੱਤੀ ਘਾਟਾ 26,000 ਕਰੋੜ ਤੋਂ ਵਧ ਕੇ 6.9 ਲੱਖ ਕਰੋੜ ਤੱਕ ਪਹੁੰਚ ਗਿਆ ਹੈ। ਇਸ ਤੋਂ ਪੂਰੀ ਤਰ੍ਹਾਂ ਸਪੱਸ਼ਟ ਹੁੰਦਾ ਹੈ ਕਿ ਨਵ-ਉਦਾਰਵਾਦੀ ਨੀਤੀਆਂ ਪੂਰੀ ਤਰ੍ਹਾਂ ਅਸਫਲ ਰਹੀਆਂ ਹਨ।

ਬਹੁ-ਲਾਇਸੰਸੀ ਪ੍ਰਣਾਲੀ ਦੇ ਚੋਰ ਦਰਵਾਜ਼ੇ ਰਾਹੀਂ ਬਿਜਲੀ ਅਦਾਰੇ ਦਾ ਨਿੱਜੀਕਰਨ ਧਾਰਾ (14,42,43) : ਬਿੱਲ ਦੀਆਂ ਇਨ੍ਹਾਂ ਧਾਰਵਾਂ ਅਨੁਸਾਰ ਇੱਕੋ ਇਲਾਕੇ ਵਿੱਚ ਭਾਵ ਇੱਕੋ ਸ਼ਹਿਰ, ਇੱਕੋ ਗਲੀ ਵਿੱਚ ਬਿਜਲੀ ਸਪਲਾਈ ਦੇਣ ਦਾ ਕੰਮ ਇੱਕ ਤੋਂ ਵੱਧ ਲਾਇਸੰਸੀ ਕਰ ਸਕਣਗੇ। ਇਸ ਵੇਲੇ ਸਰਕਾਰੀ ਵੰਡ ਕੰਪਨੀਆਂ ਹੀ ਬਿਜਲੀ ਸਪਲਾਈ ਦੇਣ ਦਾ ਕੰਮ ਕਰਨ ਲਈ ਅਧਿਕਾਰਤ ਹਨ। ਇਸ ਨੂੰ 'ਮੁਕਾਬਲੇ' ਅਤੇ 'ਖਪਤਕਾਰ ਚੋਣ' ਦੇ ਨਾਂਅ 'ਤੇ ਜਾਇਜ਼ ਠਹਿਰਾਇਆ ਜਾ ਰਿਹਾ ਹੈ। ਇਸ ਤਰ੍ਹਾਂ ਇਹ ਨੀਤੀ ਸਰਕਾਰੀ ਵੰਡ ਕੰਪਨੀਆਂ ਦੇ ਬਰਾਬਰ ਪ੍ਰਾਈਵੇਟ ਬਿਜਲੀ ਵੰਡ ਕੰਪਨੀਆਂ ਨੂੰ ਖੜ੍ਹਾ ਕਰਦੀ ਹੈ। ਇਹ ਸੋਧ ਬਿੱਲ ਬਿਜਲੀ ਲਾਇਸੰਸੀਆਂ ਭਾਵ ਵਪਾਰਕ ਕੰਪਨੀਆਂ ਨੂੰ ਆਪਣੀ ਮਰਜ਼ੀ ਦੇ ਖਪਤਕਾਰਾਂ ਨੂੰ ਬਿਜਲੀ ਦੇਣ ਦੀ ਆਗਿਆ ਦਿੰਦਾ ਹੈ। ਫਿਰ ਇਸ ਦਾ ਮੰਤਕੀ ਅਰਥ ਇਹ ਹੈ ਕਿ ਪ੍ਰਾਈਵੇਟ ਵਪਾਰਕ ਕੰਪਨੀਆਂ ਸਰਕਾਰੀ ਵੰਡ ਕੰਪਨੀਆਂ ਦੇ ਮੌਜੂਦਾ ਖਪਤਕਾਰਾਂ ਵਿੱਚੋਂ ਜ਼ਿਆਦਾ ਕਮਾਈ ਦੇਣ ਵਾਲੇ ਖਪਤਕਾਰਾਂ ਦੇ ਹਿੱਸੇ ਨੂੰ ਹੀ ਬਿਜਲੀ ਦੇਣ ਦੀ ਤਰਜੀਹ ਰੱਖਣਗੀਆਂ ਅਤੇ ਬਾਕੀ ਦੇ ਹਿੱਸੇ ਪੇਂਡੂ, ਖੇਤੀ ਅਤੇ ਸਮਾਜਿਕ, ਆਰਥਿਕ ਤੌਰ 'ਤੇ ਕਮਜ਼ੋਰ ਲੋਕਾਂ ਨੂੰ ਬਿਜਲੀ ਦੇਣ ਦੀ ਜ਼ਿੰਮੇਵਾਰੀ ਸਰਕਾਰੀ ਵੰਡ ਕੰਪਨੀਆਂ ਕੋਲ ਰਹੇਗੀ। ਪ੍ਰਾਈਵੇਟ ਲਾਇਸੰਸੀ ਬਿਜਲੀ ਢਾਂਚੇ ਦੀ ਵਰਤੋਂ ਮੁਫਤ ਵਿੱਚ ਕਰਨਗੇ, ਪਰ ਬਿਜਲੀ ਢਾਂਚੇ ਦੀ ਉਸਾਰੀ, ਮੁਰੰਮਤ ਦੇ ਖਰਚੇ ਸਰਕਾਰੀ ਵੰਡ ਕੰਪਨੀਆਂ ਕਰਨਗੀਆਂ।

**ਕਰਾਸ ਸਬਸਿਡੀ ਨੂੰ ਖਤਮ ਕਰਨ ਰਾਹੀਂ ਬਿਜਲੀ ਦਰਾਂ ਵਿੱਚ ਵਾਧਾ ਕਰਨਾ** (ਧਾਰਾ-61 ਜੀ) : ਬਿੱਲ ਦੀ ਧਾਰਾ 61-ਜੀ ਰਾਹੀਂ 5 ਸਾਲਾਂ ਅੰਦਰ ਕਰਾਸ ਸਬਸਿਡੀ ਨੂੰ ਖਤਮ ਕਰਨ ਦੀ ਤਜਵੀਜ਼ ਹੈ, ਜਿਸ ਰਾਹੀਂ ਖੇਤੀ ਅਤੇ ਘਰੇਲੂ ਖਪਤਕਾਰਾਂ ਨੂੰ ਸਸਤੀ ਬਿਜਲੀ ਮਿਲਦੀ ਹੈ। ਭਾਰੀ ਉਦਯੋਗ ਅਤੇ ਵੱਡੇ ਵਪਾਰਕ ਖਪਤਕਾਰ ਇਸ ਸਬਸਿਡੀ ਵਿੱਚ ਮੁਕਾਬਲਤਨ ਵੱਧ ਦਰਾਂ ਰਾਹੀਂ ਯੋਗਦਾਨ ਪਾਉਂਦੇ ਹਨ, ਜਿਸ ਨਾਲ ਖੇਤੀਬਾੜੀ, ਦਰਮਿਆਨੀ ਅਤੇ ਛੋਟੀ ਸਨਅਤ ਅਤੇ ਘੱਟ ਸਮਰੱਥਾ ਵਾਲੇ ਖਪਤਕਾਰਾਂ ਨੂੰ ਰਾਹਤ ਮਿਲਦੀ ਹੈ। ਕੁਝ ਸਿੱਧੀ ਰਿਐਤ ਸਰਕਾਰ ਵੱਲੋਂ ਵੀ ਮਿਲਦੀ ਹੈ। ਇਸ ਰਿਐਤ ਰਾਹੀਂ ਖੇਤੀ ਦੇਸ਼ ਦੀ ਖੁਰਾਕ ਸੁਰੱਖਿਆ ਵਿੱਚ ਆਪਣਾ ਅਹਿਮ ਯੋਗਦਾਨ ਪਾਉਣ ਦੇ ਸਮਰੱਥ ਹੋਈ ਹੈ। ਜੇਕਰ ਇਹ ਕਰਾਸ ਸਬਸਿਡੀ ਅਤੇ ਸਰਕਾਰੀ ਰਿਐਤ ਵਾਪਸ ਲਈ ਜਾਂਦੀ ਹੈ ਤਾਂ ਕਿਸਾਨ ਆਪਣੀਆਂ ਬਿਜਲੀ ਮੋਟਰਾਂ ਦੇ ਬਿੱਲ ਭਰਨ ਤੋਂ ਵੀ ਅਸਮਰੱਥ ਹੋ ਜਾਣਗੇ। ਗਰੀਬ ਖਪਤਕਾਰ ਵੀ ਰਿਐਤੀ ਬਿਜਲੀ ਤੋਂ ਬਿਨ੍ਹਾਂ ਬਿਜਲੀ ਵਰਤਣ ਦੇ ਸਮਰੱਥ ਨਹੀਂ ਹੋ ਸਕੇਗਾ।

ਧਾਰਾ 32(4) ਰੈਗੂਲੇਟਰੀ ਕਮਿਸ਼ਨਾਂ ਨੂੰ ਇਹ ਅਧਿਕਾਰ ਦਿੰਦੀ ਹੈ ਕਿ ਉਹ ਇੱਕ ਮੈਗਾਵਾਟ ਤੋਂ ਵੱਧ ਮੰਗ ਵਾਲੇ ਖਪਤਕਾਰਾਂ ਨੂੰ ਪ੍ਰਾਈਵੇਟ ਬਿਜਲੀ ਸਪਲਾਇਰ ਤੋਂ ਬਿਜਲੀ ਪ੍ਰਾਪਤ ਕਰਨ ਦੀ ਆਗਿਆ ਦੇਣ । ਇਸ ਤਜਵੀਜ਼ ਨਾਲ ਰੇਲਵੇ, ਮੈਟਰੋ ਰੇਲ, ਨਿਰਮਾਣ ਸਨਅਤੀ ਖਪਤਕਾਰ, ਵੱਡੇ ਕਾਰੋਬਾਰੀ ਖਪਤਕਾਰ ਪ੍ਰਾਈਵੇਟ ਲਾਇਸੰਸੀਆਂ ਕੋਲ ਚਲੇ ਜਾਣਗੇ। ਇਸ ਨਾਲ ਸਰਕਾਰੀ ਵੰਡ ਕੰਪਨੀਆਂ ਦੀ ਆਮਦਨ ਘਟੇਗੀ ਅਤੇ ਕਰਾਸ ਸਬਸਿਡੀ ਦਾ ਖੇਤਰ ਹੋਰ ਘਟ ਜਾਵੇਗਾ।

ਬਿਜਲੀ ਦਾ ਵਪਾਰੀਕਰਨ ਅਤੇ ਵਸਤੂਕਰਨ (ਧਾਰਾ 66) : ਇਹ ਬਿੱਲ ਬਿਜਲੀ ਨੂੰ ਜ਼ਰੂਰੀ ਸੇਵਾਵਾਂ ਦੀ ਬਜਾਏ ਵਪਾਰਕ ਵਸਤੂ, ਸੱਟਾ ਵਸਤੂ ਸਮਝਦਾ ਹੈ। ਇਸ ਸੋਧ ਬਿੱਲ ਰਾਹੀਂ ਵਪਾਰੀ ਅਤੇ ਪ੍ਰਾਈਵੇਟ ਕੰਪਨੀਆਂ ਨੂੰ ਭਵਿੱਖ ਦੀ ਕਿਸੇ ਮਿਤੀ ਲਈ ਪਹਿਲਾਂ ਹੀ ਨਿਰਧਾਰਤ ਕੀਮਤ ਉੱਪਰ ਬਿਜਲੀ ਖਰੀਦ-ਵੇਚ ਦੇ ਵਿੱਤੀ ਸਮਝੌਤੇ (Contact of Difference) ਕਰਨ ਦੀ ਆਗਿਆ ਹੋਵੇਗੀ। ਬਿਜਲੀ ਮੰਗ ਅਤੇ ਸਪਲਾਈ ਦੇ ਅਧਾਰ 'ਤੇ ਬਿਜਲੀ ਦੀ ਕੀਮਤ ਤਹਿ ਕਰਨ ਅਤੇ ਵਰਚੁਅਲ ਪਾਵਰ ਐਕਸਚੇਂਜ ਰਾਹੀਂ ਬਿਜਲੀ ਖਰੀਦ-ਵੇਚ ਦਾ ਕੰਮ ਪਹਿਲਾਂ ਹੀ ਆਨਲਾਈਨ ਇੰਡੀਅਨ ਐਨਰਜ਼ੀ ਐਕਸਚੇਂਜ ਅਤੇ ਪਾਵਰ ਐਕਸਚੇਂਜ ਇੰਡੀਆ ਲਿਮਟਿਡ ਕਰ ਰਹੀਆਂ ਹਨ। ਇਸ ਪ੍ਰਣਾਲੀ ਅਧੀਨ ਪਾਵਰ ਮੰਡੀ ਨੂੰ ਸਰਕਾਰ ਦੀ ਸਹਾਇਤਾ ਨਾਲ ਅਡਾਨੀ, ਅੰਬਾਨੀ, ਟਾਟਾ ਆਦਿ ਵਰਗੇ ਵੱਡੇ ਸਮੂਹ ਆਪਣੇ ਹਿੱਤਾਂ ਦੇ ਅਨੁਕੂਲ ਬਣਾਉਣ 'ਚ ਸਫਲ ਹੋ ਜਾਣਗੇ ਅਤੇ ਬਿਜਲੀ ਦੀ ਖਰੀਦ-ਵੇਚ ਵਿੱਚ ਉਤਰਾਅ-ਚੜ੍ਹਾਅ ਕਾਰਨ ਖਪਤਕਾਰਾਂ ਲਈ ਅਨਿਸਚਿਤਤਾ ਬਣ ਜਾਵੇਗੀ।

ਇਹ ਬਿੱਲ ਨਵਿਆਉਣਯੋਗ ਊਰਜਾ ਵੱਲ ਜਾਣ ਉੱਪਰ ਜ਼ਿਆਦਾ ਜ਼ੋਰ ਦਿੰਦਾ ਹੈ ਅਤੇ ਇਸ ਨੂੰ ਬਾਜ਼ਾਰ ਅਧਾਰਿਤ ਉਤਪਾਦ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਇਸ ਬਿੱਲ ਤਹਿਤ ਵੰਡ ਕੰਪਨੀਆਂ ਅਤੇ ਬਿਜਲੀ ਦੇ ਵੱਡੇ ਖਪਤਕਾਰਾਂ ਨੂੰ ਆਪਣੇ ਬਿਜਲੀ ਦਾ ਇੱਕ ਪੂਰਵ ਨਿਰਧਾਰਤ ਹਿੱਸਾ ਨਵਿਆਉਣਯੋਗ ਸਰੋਤਾਂ ਤੋਂ ਖਰੀਦਣਾ ਲਾਜ਼ਮੀ ਹੋਵੇਗਾ। ਨਵਿਆਉਣਯੋਗ ਊਰਜਾ ਦਾ ਵਧੇਰੇ ਕਾਰੋਬਾਰ ਅਡਾਨੀ ਕੋਲ ਹੈ। ਇਸ ਬਿੱਲ ਵਿੱਚ ਅਡਾਨੀ ਸਮੂਹ ਨੂੰ ਲਾਭ ਦੇਣ ਵਾਲੀ ਵਿਵਸਥਾ ਹੈ।

ਬਿਜਲੀ ਰੈਗੂਲੇਟਰੀ ਕਮਿਸ਼ਨ ਦੀ ਆਜ਼ਾਦ ਖੁਦਮੁਖਤਿਆਰੀ ਨੂੰ ਘਟਾਉਣਾ ਬਿਜਲੀ ਸਪਲਾਈ ਦੀ ਗੁਣਵੱਤਾ ਵਿੱਚ ਕਮੀ (ਧਾਰਾ 58, 64,126,127) : ਬਿਜਲੀ ਰੈਗੂਲੇਟਰੀ ਕਮਿਸ਼ਨ ਜਿਥੇ ਬਿਜਲੀ ਦੀਆਂ ਦਰਾਂ ਤਹਿ ਕਰਨ ਦਾ ਕੰਮ ਕਰਦੇ ਹਨ, ਉੱਥੇ ਖਪਤਕਾਰਾਂ ਨੂੰ ਪਾਏਦਾਰ ਅਤੇ ਸਹਿਣਯੋਗ ਦਰਾਂ 'ਤੇ ਬਿਜਲੀ ਦੇਣ ਅਤੇ ਰਾਜਾਂ ਅੰਦਰ ਬਿਜਲੀ ਦੀ ਮੰਗ ਅਤੇ ਸਪਲਾਈ ਦੇ ਅੰਤਰ ਨੂੰ ਦੂਰ ਕਰਨ ਲਈ ਬਿਜਲੀ ਦੇ ਪਸਾਰ ਨੂੰ ਯਕੀਨੀ ਬਣਾਉਣ ਲਈ ਕੰਮ ਕਰਦਾ ਹੈ, ਪਰ ਇਸ ਗੱਲ ਦੀਆਂ ਵੱਖ ਵੱਖ ਧਰਾਵਾਂ ਰਾਹੀਂ ਬਿਜਲੀ ਰੈਗੂਲੇਟਰੀ ਕਮਿਸ਼ਨ ਦੀਆਂ ਪਾਵਰਾਂ ਬਹੁਤ ਘਟਾਈਆਂ ਅਤੇ ਸੀਮਤ ਕੀਤੀਆਂ ਗਈਆਂ ਹਨ। ਬਿਜਲੀ ਸਪਲਾਈ ਦੀ ਗੁਣਵੱਤਾ ਸਿੱਧੇ ਤੌਰ 'ਤੇ ਬਿਜਲੀ ਵੰਡ ਕੰਪਨੀ ਦੀ ਵਿੱਤੀ ਹਾਲਤ ਨਾਲ ਜੁੜੀ ਹੁੰਦੀ ਹੈ।

**ਰਾਜਾਂ ਦੇ ਅਧਿਕਾਰਾਂ ਉੱਪਰ ਕਬਜ਼ਾ ਤੇ ਕੇਂਦਰੀਕਰਨ** (ਧਾਰਾ 86(ਈ) 90, 1566, 176 : ਧਾਰਾ 86 ਈ ਰਾਜਾਂ ਉੱਪਰ ਨਵਿਆਉਣਯੋਗ ਊਰਜਾ ਦੀ ਖਪਤ ਲਾਜ਼ਮੀ ਕਰਦਾ ਹੈ, ਭਾਵੇਂ ਰਾਜਾਂ ਕੋਲ ਉਚਿਤ ਢਾਚਾਂ, ਵਿੱਤੀ ਸਮਰੱਥਾ ਜਾਂ ਤਕਨਾਲੋਜੀ ਦੀ ਕਮੀ ਹੋਵੇ।

ਧਾਰਾ 90 ਅਧੀਨ ਕੇਂਦਰ ਸਰਕਾਰ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਦੇ ਮੈਂਬਰਾਂ ਨੂੰ 'ਜਾਣਬੁੱਝ ਕੇ ਉਲੰਘਣਾ' ਜਾਂ 'ਗੰਭੀਰ ਲਾਪਰਵਾਹੀ' ਵਰਗੇ ਅਸਪੱਸ਼ਟ ਕਾਰਨਾਂ ਦੇ ਅਧਾਰ 'ਤੇ ਹਟਾ ਸਕਦੀ ਹੈ। ਬਿੱਲ ਵਿੱਚ ਦਰਜ ਇਹ ਵਿਵਸਥਾ ਰੈਗੂਲੇਟਰੀ ਕਮਿਸ਼ਨ ਦੀ ਖੁਦਮੁਖਤਿਆਰੀ ਨੂੰ ਕਮਜ਼ੋਰ ਕਰੇਗੀ ਅਤੇ ਰਾਜ ਦੇ ਰੈਗੂਲੇਟਰੀ ਕਮਿਸ਼ਨਾਂ ਉੱਪਰ ਕੇਂਦਰੀ ਹਦਾਇਤਾਂ ਦੀ ਪਾਲਣਾ ਕਰਨ ਲਈ ਦਬਾਅ ਪਾਇਆ ਜਾਵੇਗਾ।

ਧਾਰਾ 166 (1ਏ) ਇੱਕ ਕੇਂਦਰੀ ਬਿਜਲੀ ਕੌਂਸਲ ਬਣਾਉਣ ਦੀ ਤਜਵੀਜ਼ ਕਰਦੀ ਹੈ, ਜਿਸ ਦਾ ਚੇਅਰਮੈਨ ਕੇਂਦਰੀ ਬਿਜਲੀ ਮੰਤਰੀ ਹੋਵੇਗਾ, ਕਨਵੀਨਰ ਕੇਂਦਰੀ ਬਿਜਲੀ ਸਕੱਤਰ ਹੋਵੇਗਾ ਅਤੇ ਰਾਜਾਂ ਦੇ ਬਿਜਲੀ ਮੰਤਰੀ ਇਸ ਦੇ ਮੈਂਬਰ ਹੋਣਗੇ। ਇਸ ਨਾਲ ਕੇਂਦਰ ਸਰਕਾਰ ਨੂੰ ਰਾਜਾਂ ਦੀ ਊਰਜਾ ਨੀਤੀ ਉੱਪਰ ਕੰਟਰੋਲ ਕਰਨ ਦਾ ਹੱਕ ਮਿਲ ਜਾਵੇਗਾ ਅਤੇ ਰਾਜ ਦਾ ਦਰਜਾ ਸਿਰਫ ਨੀਤੀ ਲਾਗੂ ਕਰਨ ਵਾਲੀ ਸੰਸਥਾ ਤੱਕ ਘਟ ਕੇ ਰਹਿ ਜਾਵੇਗਾ।

ਧਾਰਾ 176 ਰਾਹੀਂ ਕਾਨੂੰਨ ਦੀਆਂ ਧਾਰਾਵਾਂ ਨੂੰ ਲਾਗੂ ਕਰਨ ਦੇ (Carrying out the provisions) ਨਾਲ-ਨਾਲ ਕੇਂਦਰ ਸਰਕਾਰ ਨੂੰ ਇਸ ਕਾਨੂੰਨ ਦੇ ਉਦੇਸ਼ ਨੂੰ ਲਾਗੂ ਕਰਨ (Carrying out the purposes) ਲਈ ਅਸੀਮ ਨਿਯਮ ਬਣਾਉਣ ਦੇ ਅਧਿਕਾਰ ਦਿੱਤੇ ਗਏ ਹਨ।

ਇਹ ਸਾਰੀਆਂ ਸੋਧਾਂ ਭਾਰਤੀ ਸੰਵਿਧਾਨ ਦੇ ਸੰਘੀ ਸੁਭਾਅ ਉੱਪਰ ਹਮਲਾ ਕਰਦੀਆਂ ਹਨ ਅਤੇ ਕਾਰਪੋਰੇਟਾਂ ਨੂੰ ਬਿਜਲੀ ਖੇਤਰ ਉੱਪਰ ਕਬਜ਼ਾ ਕਰਵਾਉਣ ਅਤੇ ਵੱਧ ਤੋਂ ਵੱਧ ਮੁਨਾਫਾ ਕਮਾਉਣ ਦਾ ਹਥਿਆਰ ਦਿੰਦੀਆਂ ਹਨ। ਬਿਜਲੀ ਦੇ ਉਤਪਾਦਨ, ਸੰਚਾਰ ਅਤੇ ਵੰਡ ਖੇਤਰਾਂ ਵਿੱਚ ਕੰਮ ਕਰਨ ਵਾਲੇ ਲੱਖਾਂ ਕਰਮਚਾਰੀਆਂ ਦੀ ਨੌਕਰੀ ਦੀ ਸੁਰੱਖਿਆ ਖਤਰੇ ਵਿੱਚ ਪੈ ਜਾਵੇਗੀ। ਮਹਿੰਗੀ ਬਿਜਲੀ ਦਾ ਭਾਰ ਲੋਕ ਸਹਿ ਨਹੀਂ ਸਕਣਗੇ। ਇਨ੍ਹਾਂ ਕਾਰਨਾਂ ਕਰਕੇ ਇਹ ਬਿਜਲੀ ਸੋਧ ਬਿੱਲ 2025 ਤੁਰੰਤ ਵਾਪਸ ਲਿਆ ਜਾਵੇ ।

**# ਸੰਪਰਕ : 96460-01023**

# ਬੀ ਕੇ ਯੂ ਏਕਤਾ ਡਕੌਂਦਾ ਵੱਲੋਂ ਹੜ੍ਹ ਪੀੜਤਾਂ ਦੀ ਮਦਦ ਜਾਰੀ ਰਹੇਗੀ : ਮਨਜੀਤ ਧਨੇਰ

## ਦੂਜੀ ਖੇਪ ਵਜੋਂ 325 ਗੱਟੇ ਕਣਕ ਦਾ ਬੀਜ ਮਖੂ ਤੇ ਜ਼ੀਰਾ ਬਲਾਕ ਲਈ ਭੇਜਿਆ



**ਜਗਰਾਓਂ/ਲੁਧਿਆਣਾ (ਨਛੱਤਰ ਸੰਧੂ/ਰੈਕਟਰ ਕਥੂਰੀਆ)**-ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੀ ਆਗੂ ਟੀਮ ਸੂਬਾ ਆਗੂਆਂ ਮਨਜੀਤ ਧਨੇਰ, ਹਰਨੇਕ ਸਿੰਘ ਮਹਿਮਾ ਤੇ ਗੁਰਦੀਪ ਰਾਮਪੁਰਾ ਦੀ ਅਗਵਾਈ ਵਿੱਚ ਫਿਰੋਜ਼ਪੁਰ ਤੇ ਫਾਜ਼ਿਲਕਾ ਦੇ ਹੜ੍ਹ ਪੀੜਤਾਂ ਦੀ ਮੱਦਦ ਕਰ ਰਹੀ ਹੈ।ਅੱਜ ਹੜ੍ਹ ਪੀੜਤਾਂ ਕਿਸਾਨਾਂ ਲਈ ਲੋੜੀਂਦਾ ਬੀਜ ਲੈ ਕੇ ਫਿਰੋਜ਼ਪੁਰ ਜ਼ਿਲ੍ਹੇ ਦੇ ਬਲਾਕ ਜ਼ੀਰਾ ਦੇ ਪਿੰਡਾਂ ਫੱਤੇਵਾਲਾ, ਆਲੇ ਵਾਲ਼ਾ, ਸਭਰਾਅ, ਗੱਟਾ ਬਾਦਸ਼ਾਹ ਤੇ ਮਖੂ ਬਲਾਕ ਦੇ ਪਿੰਡਾਂ ਕਾਲੀ ਰੌਣੀ, ਜੱਲ੍ਹੇ ਵਾਲਾ, ਕਾਬਲ ਵਾਲਾ, ਮੰਨੂ ਮੱਛੀ, ਮਹਿਮੂਦ ਵਾਲਾ, ਭੋਪੇਵਾਲਾ ਆਦਿ ਦੀ ਅਗਵਾਈ ਵਿੱਚ ਚਾਲੇ ਪਾਏ।

ਇਸ ਸਮੇਂ ਸੰਖੇਪ ਸੰਬੋਧਨ ਵਿੱਚ ਆਗੂਆਂ ਨੇ ਆਖਿਆ ਕਿ ਹੜ੍ਹ ਪੀੜਤਾਂ ਲਈ ਕਣਕ ਦੇ ਬੀਜ ਲਈ 8 ਲੱਖ ਰੁਪਏ ਦੀ ਸਹਾਇਤਾ ਗੁਰਬਚਨ ਸਿੰਘ ਸੋਹੀ ਤੇ ਪ੍ਰੀਤਮ ਮਹਿੰਦਰ ਸਿੰਘ ਸੇਖੋਂ ਪ੍ਰੀਵਾਰ (ਅਮਰੀਕਾ) ਵੱਲੋਂ ਸਾਥੀ ਬਿੱਕਰ ਸਿੰਘ ਔਲਖ ਤੇ ਡਾ. ਜਸਬੀਰ ਸਿੰਘ ਔਲਖ ਦੀ ਪ੍ਰੇਰਣਾ ਸਦਕਾ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੀ ਠੀਕ ਅਗਵਾਈ ਉੱਪਰ ਭਰੋਸਾ ਕਰਦਿਆਂ ਭੇਜੀ ਹੈ।ਇਸ ਸਮੇਂ ਸੂਬਾ ਆਗੂਆਂ ਅਮਨਦੀਪ ਸਿੰਘ ਲਲਤੋਂ, ਗੁਰਦੇਵ ਸਿੰਘ ਮਾਂਗੇਵਾਲ, ਰਣਬੀਰ ਸਿੰਘ ਰੁੜਕਾ ਨੇ ਕਿਹਾ ਕਿ ਪੰਜਾਬ ਅੰਦਰ ਕੇਂਦਰ ਤੇ ਸੂਬਾ ਸਰਕਾਰ ਦੀ ਨਲਾਇਕੀ ਕਾਰਨ ਹੜ੍ਹਾਂ ਨੇ ਇਸ ਵਾਰ ਭਾਰੀ ਤਬਾਹੀ ਮਚਾਈ, ਜਿਸ ਨਾਲ ਫ਼ਸਲਾਂ, ਘਰ ਘਾਟ, ਪਸ਼ੂ ਤੇ ਹੋਰ ਘਰੇਲੂ ਸਾਮਾਨ ਰੁੜ੍ਹ ਗਿਆ ਜਾਂ ਖ਼ਰਾਬ ਹੋ ਗਿਆ।ਖੇਤਾਂ ਵਿੱਚ ਗਾਰ ਭਰ ਗਈ, ਪਸ਼ੂਆਂ ਮਰੇ ਤੇ ਖ਼ਰਾਬ ਫਸਲਾਂ ਕਾਰਨ ਬਿਮਾਰੀਆਂ ਫ਼ੈਲਣ ਦਾ ਗੰਭੀਰ ਖ਼ਤਰਾ ਪੈਦਾ ਹੋਇਆ।ਅਜਿਹੇ ਸਮੇਂ ਪੰਜਾਬੀਆਂ ਨੇ ਆਪਣੇ ਭਰਾਵਾਂ ਦੀ ਦਿਲ ਖੋਲ੍ਹ ਕੇ ਮੱਦਦ ਕੀਤੀ ਹੈ ਤੇ ਇਕੱਠੇ ਹੋ ਕੇ ਦਰਿਆਵਾਂ ਨੂੰ ਬੰਨ੍ਹ ਮਾਰੇ ਹਨ। ਹਰਿਆਣਾ, ਯੂ ਪੀ, ਰਾਜਸਥਾਨ, ਦਿੱਲੀ, ਉਤਰਾਖੰਡ ਤੇ ਮੱਧ ਪ੍ਰਦੇਸ਼ ਦੇ ਲੋਕ ਵੀ ਮੱਦਦ ਲਈ ਅੱਗੇ ਆਏ ਹਨ, ਪਰ ਇਸ ਵਾਰ ਨੁਕਸਾਨ ਬਹੁਤ ਜ਼ਿਆਦਾ ਹੈ।ਇਸ ਲਈ ਮਦਦ ਵੀ ਲੰਬੇ ਸਮੇਂ ਤੱਕ ਕਰਨੀ ਪਵੇਗੀ। ਖੇਤਾਂ ਵਿੱਚੋਂ ਗਾਰ ਕੱਢਣ, ਜ਼ਮੀਨ ਪੱਧਰੀ ਕਰਨ ਤੇ ਅਗਲੀ ਫ਼ਸਲ ਬੀਜਣ ਲਈ ਡੀਜ਼ਲ, ਖਾਦ ਤੇ ਬੀਜ ਹੋਰ ਲੋੜਾਂ ਲਈ ਨਕਦ ਰਾਸ਼ੀ ਦੀ ਵੀ ਲੋੜ ਹੈ।ਸਾਰੀਆਂ ਹੀ ਸੰਘਰਸ਼ਸ਼ੀਲ ਜਥੇਬੰਦੀਆਂ ਨੇ ਆਪੋ ਆਪਣੀ ਜ਼ਿੰਮੇਵਾਰੀ ਚੁੱਕੀ ਤੇ ਹੜ੍ਹ ਪੀੜਤਾਂ ਦੀ ਮਦਦ ਕਰਨ ਲਈ ਲੱਕ ਬੰਨ੍ਹ ਕੇ ਅੱਗੇ ਆਏ ਹਨ।ਇਸ ਸਮੇਂ ਆਗੂਆਂ ਨੇ ਕਿਹਾ ਕਿ ਹੜ੍ਹ ਕੁਦਰਤ ਦੀ ਕਰੋਪੀ ਨਹੀਂ ਸਗੋਂ ਸਰਕਾਰਾਂ ਦੇ ਮਾੜੇ ਪ੍ਰਬੰਧਾਂ ਕਾਰਨ ਆਏ ਹਨ। ਇਸ ਲਈ ਹੜ੍ਹਾਂ ਨੂੰ ਰੋਕਣ ਵਾਸਤੇ ਪੱਕੇ ਪ੍ਰਬੰਧ ਕਰਵਾਉਣ ਲਈ, ਲੋਕਾਂ ਦਾ ਮੁੜ ਵਸੇਬਾ ਤੇ ਮੁਆਵਜ਼ਾ ਵਗੈਰਾ ਦਿਵਾਉਣ ਲਈ ਸੰਘਰਸ਼ ਦੀ ਤਿਆਰੀ ਵੀ ਨਾਲੋਂ ਨਾਲ ਕਰਨ ਦੀ ਲੋੜ ਹੈ।ਹੜ੍ਹ ਪੀੜਤਾਂ ਕਿਸਾਨਾਂ ਲਈ ਕਣਕ ਦੇ ਬੀਜ ਤੇ ਖਾਦ ਦੀ ਵੰਡ ਦੀ ਦੂਜੀ ਖੇਪ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਜੰਗੀਰ ਸਿੰਘ ਖਹਿਰਾ, ਗੁਲਜਾਰ ਸਿੰਘ ਕੱਬਰਵੱਛਾ, ਜਤਿੰਦਰ ਸਿੰਘ ਕੜਮਾ ਦੀ ਦੇਖ ਰੇਖ ਹੇਠ ਜਲਦੀ ਹੀ ਵੰਡੀ ਜਾਵੇਗੀ।ਇਸ ਤੋਂ ਪਹਿਲਾਂ ਫਾਜ਼ਿਲਕਾ ਜ਼ਿਲ੍ਹੇ ਵਿੱਚ 250 ਏਕੜ ਮੱਕੀ ਤੇ ਫਿਰੋਜ਼ਪੁਰ ਜ਼ਿਲ੍ਹੇ ਵਿੱਚ 400 ਏਕੜ ਤੋਂ ਵੱਧ ਕਣਕ ਬੀਜਣ ਲਈ ਖਾਦ ਤੇ ਬੀਜ ਦੀ ਵੰਡ ਕੀਤੀ ਗਈ ਹੈ।

ਆਗੂਆਂ ਨੇ ਸੇਵਾ, ਸੰਘਰਸ਼, ਮੁਕਤੀ ਦੇ ਸੰਕਲਪ ਬਾਰੇ ਸਾਫ਼ ਕਰਦਿਆਂ ਕਿਹਾ ਕਿ ਚੇਤੰਨ ਜਥੇਬੰਦ ਲੋਕ ਹੀ ਆਪਣਿਆਂ 'ਤੇ ਪਈ ਭੀੜ ਸਮੇਂ ਕੰਮ ਆਏ ਹਨ।ਇਨ੍ਹਾਂ ਹੜ੍ਹਾਂ ਦੀ ਰੋਕਥਾਮ ਤੇ ਵੱਡੇ ਜਾਨੀ ਤੇ ਮਾਲੀ ਨੁਕਸਾਨ ਨੂੰ ਰੋਕਣ ਲਈ ਜਥੇਬੰਦਕ ਸੰਘਰਸ਼ ਹੀ ਅਜਿਹਾ ਹਥਿਆਰ ਹੈ, ਜੋ ਇਨ੍ਹਾਂ ਮੁਸ਼ਕਲਾਂ ਤੋਂ ਪੱਕੇ ਤੌਰ 'ਤੇ ਨਜਾਤ ਦਿਵਾ ਸਕਦਾ ਹੈ।ਇਸ ਸਮੇਂ ਨਕਸਵੀਰ ਔਲਖ, ਪ੍ਰਕਾਸ਼ ਦੀਪ ਔਲਖ, ਡਾ. ਗੁਨਵੀਰ ਮੰਡੀਕਲਾਂ, ਬਲਜਿੰਦਰ ਸਿੰਘ, ਦਿਆਲ ਸਿੰਘ, ਜੋਰਾ ਸਿੰਘ ਗਿੱਲ, ਕੁਲਵਿੰਦਰ ਸਿੰਘ, ਜਗਦੇਵ ਸਿੰਘ, ਮੁਨਸ਼ਾ ਸਿੰਘ, ਜਸਵਿੰਦਰ ਸਿੰਘ, ਭਜਨ ਸਿੰਘ ਤੇ ਮੁਖਤਿਆਰ ਸਿੰਘ ਆਦਿ ਆਗੂਆਂ ਦੀ ਅਗਵਾਈ ਵਿੱਚ ਕਣਕ ਦਾ ਬੀਜ ਦੋ ਟਰਾਲੀਆਂ ਵਿੱਚ ਭਰ ਕੇ ਰਵਾਨਾ ਕੀਤਾ

# ਸ਼ੈਲਰ ਮਾਲਕਾਂ ਵੱਲੋਂ ਕਿਸਾਨਾਂ ਦੀ ਲੁੱਟ ਤੇ ਡੀ ਏ ਪੀ ਖਾਦ ਦੀ ਘਾਟ ਖਿਲਾਫ ਰੋਸ ਪ੍ਰਦਰਸ਼ਨ



**ਲੁਧਿਆਣਾ/ਜਗਰਾਓਂ (ਰੈਕਟਰ ਕਥੂਰੀਆ/ਅਮਿਤ ਖੰਨਾ)**-ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਵੱਲੋਂ ਜਥੇਬੰਦੀ ਦਾ ਵਫ਼ਦ ਸਥਾਨਕ ਐੱਸ ਡੀ ਐੱਮ ਉਪਿੰਦਰਜੀਤ ਕੌਰ ਨੂੰ ਮਿਲਿਆ।ਵਫ਼ਦ ਨੇ ਜ਼ਿਲ੍ਹਾ ਪ੍ਰਧਾਨ ਜਗਤਾਰ ਸਿੰਘ ਦੇਹੜਕਾ ਦੀ ਅਗਵਾਈ 'ਚ ਲਿਖਤੀ ਮੰਗ ਪੱਤਰ ਰਾਹੀਂ ਮੰਗ ਕੀਤੀ ਕਿ ਜਗਰਾਓਂ ਇਲਾਕੇ ਦੇ ਬਹੁਤੇ ਸ਼ੈਲਰ ਮਾਲਕ ਜਾਣਬੁੱਝ ਕੇ ਝੋਨੇ ਦੀ ਨਮੀ ਦਾ ਬਹਾਨਾ ਲਾ ਕੇ ਕਿਸਾਨਾਂ ਤੋਂ ਹੋਰ ਵੱਧ ਬੋਰੀਆਂ ਦੀ ਮੰਗ ਕਰਦੇ ਹਨ।ਇਸ ਸਬੰਧੀ ਉਨ੍ਹਾਂ ਗੁਰੂ ਨਾਨਕ ਰਾਈਸ ਮਿੱਲ ਬਰਸਾਲ ਤੇ ਮਾਲਵਾ ਰਾਈਸ ਮਿੱਲ ਗੁਰੂ ਸਰ ਕਾਉਂਕੇ ਦੇ ਮਾਲਕਾਂ ਵੱਲੋਂ ਕੀਤੀ ਜਾ ਰਹੀ ਲੁੱਟ ਬਾਰੇ ਐੱਸ ਡੀ ਐੱਮ ਨੂੰ ਤੁਰੰਤ ਐਕਸ਼ਨ ਲੈਣ ਦੀ ਮੰਗ ਕੀਤੀ।ਉਨ੍ਹਾਂ ਇਸ ਲੁੱਟ 'ਚ ਖਰੀਦ ਏਜੰਸੀਆਂ ਦੀ ਮਿਲੀਭੁਗਤ ਦੀ ਵੀ ਸ਼ਿਕਾਇਤ ਕੀਤੀ। ਵਫ਼ਦ ਨੇ ਦੱਸਿਆ ਕਿ ਇਸ ਵਾਰ ਝੋਨੇ ਦੀ ਪੈਦਾਵਾਰ ਘਟਣ ਕਾਰਨ ਕਿਸਾਨ ਪਹਿਲਾਂ ਹੀ ਭਾਰੀ ਨੁਕਸਾਨ ਝੱਲ ਰਹੇ ਹਨ ਤੇ ਉਪਰੋਂ ਹੁਣ ਸ਼ੈਲਰ ਮਾਲਕ ਕਿਸਾਨਾਂ ਦੀ ਕੰਡ ਲਾਹ ਰਹੇ ਹਨ।ਉਨ੍ਹਾਂ ਕਿਹਾ ਕਿ ਸ਼ੈਲਰ ਮਾਲਕਾਂ ਵੱਲੋਂ ਬਾਜ਼ ਨਾ ਆਉਣ 'ਤੇ ਸਬੰਧਤ ਸ਼ੈਲਰਾਂ ਦਾ ਘਿਰਾਓ ਕੀਤਾ ਜਾਵੇਗਾ।ਇਸ ਸਮੇਂ ਵਫ਼ਦ ਨੇ ਸਹਿਕਾਰੀ ਸਭਾਵਾਂ ਤੇ ਬਜ਼ਾਰ ਵਿੱਚ ਡੀ ਏ ਪੀ ਦੀ ਘਾਟ ਕਾਰਨ ਕਿਸਾਨਾਂ ਦੀ ਕਣਕ ਦੀ ਬਿਜਾਈ ਪੱਛੜੀ ਰਹੀ ਹੈ।ਖਾਦ ਦੀ ਸਪਲਾਈ ਵਧਾਉਣ ਤੇ ਵਪਾਰੀਆਂ ਵੱਲੋਂ ਖਾਦ ਦੀ ਕਾਲਾ ਬਾਜ਼ਾਰੀ ਬੰਦ ਕਰਨ ਦੀ ਵੀ ਜ਼ੋਰਦਾਰ ਮੰਗ ਕੀਤੀ।ਇਸ ਸਮੇਂ ਬਲਬੀਰ ਸਿੰਘ ਅਗਵਾੜ ਲੋਪੋ, ਕਾ. ਸਰੂਪ ਸਿੰਘ ਭੰਮੀਪੁਰਾ, ਆਤਮਾ ਸਿੰਘ ਭੰਮੀਪੁਰਾ, ਗੁਰਜੀਤ ਸਿੰਘ ਜੰਡੀ ਆਦਿ ਹਾਜ਼ਰ ਸਨ।

# ਮੰਗਾਂ ਨੂੰ ਲੈ ਕੇ ਤਰਨ ਤਾਰਨ ਜ਼ਿਮਨੀ ਚੋਣ 'ਚ ਸਰਕਾਰ ਖਿਲਾਫ ਕੀਤਾ ਜਾਵੇਗਾ ਰੋਸ ਪ੍ਰਦਰਸ਼ਨ : ਗਿੱਲ

## ਕਿਲੋਮੀਟਰ ਸਕੀਮ ਬੱਸਾਂ ਪਾਉਣ ਖਿਲਾਫ ਸੜਕਾਂ ਨੂੰ ਕੀਤਾ ਜਾਵੇਗਾ ਬਲਾਕ : ਢਿੱਲੋਂ



**ਲੁਧਿਆਣਾ (ਰੈਕਟਰ ਕਥੂਰੀਆ)**-ਇਥੇ ਪੰਜਾਬ ਰੋਡਵੇਜ਼ ਪਨਬਸ/ਪੀ.ਆਰ.ਟੀ.ਸੀ ਕੰਟਰੈਕਟ ਵਰਕਰਜ ਯੂਨੀਅਨ ਪੰਜਾਬ 25/11 ਦੀ ਮੀਟਿੰਗ ਚੇਅਰਮੈਨ ਬਲਵਿੰਦਰ ਸਿੰਘ ਰਾਠ ਦੀ ਪ੍ਰਧਾਨਗੀ ਹੇਠ ਈਸੜੂ ਭਵਨ ਲੁਧਿਆਣਾ ਵਿਖੇ ਹੋਈ।ਮੀਟਿੰਗ ਵਿੱਚ ਸੂਬਾ ਪ੍ਰਧਾਨ ਰੇਸ਼ਮ ਸਿੰਘ ਗਿੱਲ ਨੇ ਮੀਟਿੰਗ ਦੇ ਵਿੱਚ ਸਰਕਾਰ ਵੱਲੋਂ ਦਿਨ ਪ੍ਰਤੀ ਨਿੱਜੀਕਰਨ ਦੇ ਕੁਹਾੜੇ ਨੂੰ ਰੋਕਣ ਸਮੇਤ ਆਊਟਸੋਰਸ ਤੇ ਕੰਟਰੈਕਟ 'ਤੇ ਕੰਮ ਕਰਦੇ ਕਰਮਚਾਰੀਆਂ ਦੀ ਹੋ ਰਹੀ ਲੁੱਟ ਬਾਰੇ ਦੱਸਦੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਲਗਭਗ 4 ਸਾਲ ਬੀਤ ਚੁੱਕੇ ਹਨ, ਜੋ ਸਰਕਾਰ ਬਣਨ ਤੋਂ ਪਹਿਲਾਂ ਕਹਿੰਦੇ ਸੀ ਕਿ ਮਾਨ ਸਰਕਾਰ ਦਾ ਹਰੀ ਸਿਆਹੀ ਵਾਲਾ ਪੈੱਨ ਆਉਂਦੇ ਸਾਰ ਹੀ ਇਹ ਪੈਣ ਕੱਚੇ ਕਰਮਚਾਰੀਆਂ ਨੂੰ ਪੱਕਾ ਕਰਨ ਦੀਆਂ ਫਾਇਲਾਂ 'ਤੇ ਚੱਲਣਗੇ, ਪਰ ਅੱਜ ਦੀ ਸਥਿਤੀ ਵਿੱਚ ਇਸ ਸਰਕਾਰ ਦੀਆਂ ਨੀਤੀਆਂ ਤੇ ਪਾਲਸੀਆਂ ਪੰਜਾਬ ਵਿੱਚ ਪਹਿਲਾਂ ਤੋਂ ਰਾਜ ਕਰਦੀਆਂ ਪਾਰਟੀਆਂ ਤੋਂ ਵੀ ਜ਼ਿਆਦਾ ਖਤਰਨਾਕ ਜਾਪਦੀਆਂ ਹਨ।ਯੂਨੀਅਨ ਦੀ 45-50 ਮੀਟਿੰਗ ਹੋਣ ਦੇ ਬਾਵਜੂਦ ਮੰਗਾਂ ਦਾ ਹੱਲ ਕਰਨ ਦੀ ਬਜਾਏ ਲਾਰੇ ਤੇ ਲਾਰੇ ਲਾਏ ਜਾ ਰਹੇ ਹਨ।ਸੂਬਾ ਸਕੱਤਰ ਸ਼ਮਸ਼ੇਰ ਸਿੰਘ ਜੁਆਇੰਟ ਸਕੱਤਰ ਜਗਤਾਰ ਸਿੰਘ ਨੇ ਬੋਲਦਿਆਂ ਕਿਹਾ ਕਿ ਸਰਕਾਰ ਵਾਰ-ਵਾਰ ਨਿੱਜੀਕਰਨ ਵੱਲ ਨੂੰ ਵੱਧ ਰਹੀ ਹੈ, ਜਦੋਂਕਿ ਸਰਕਾਰ ਵੱਲੋਂ ਕਿਲੋਮੀਟਰ ਸਕੀਮ ਬੱਸਾਂ ਪਾਉਣ ਤੋਂ ਪਹਿਲਾਂ ਯੂਨੀਅਨ ਸਮੇਤ ਕਮੇਟੀ ਗਠਿਤ ਕੀਤੀ ਗਈ ਸੀ। ਯੂਨੀਅਨ ਆਗੂ ਵੱਲੋਂ ਤਰਕ ਸਮੇਤ ਕਿਲੋਮੀਟਰ ਸਕੀਮ ਵੋਲਵੋ ਤੇ ਐੱਚ ਵੀ ਏ ਸੀ ਬੱਸਾਂ ਨੂੰ ਘਾਟੇ ਬੰਦ ਸਾਬਿਤ ਕੀਤਾ ਸੀ, ਪ੍ਰੰਤੂ ਅਧਿਕਾਰੀ ਵੱਲੋਂ ਕਿਲੋਮੀਟਰ ਸਕੀਮ ਨੂੰ ਫਾਇਦੇਮੰਦ ਦੱਸਿਆ ਜਾ ਰਿਹਾ ਸੀ। ਲੰਮੀ ਬਹਿਸ ਤੋਂ ਬਾਅਦ ਵੀ ਅਧਿਕਾਰੀ ਕਿਲੋਮੀਟਰ ਨੂੰ ਫਾਇਦੇਮੰਦ ਸਾਬਿਤ ਕਰਨ ਵਿੱਚ ਨਾਕਾਮ ਰਹੇ, ਪ੍ਰੰਤੂ ਫਿਰ ਵੀ ਸਰਕਾਰ ਕਾਰਪੋਰੇਟ ਨਾਲ ਆਪਣੀ ਨਿੱਜੀ ਸਾਂਝ ਵਧਾਉਣ ਦੇ ਚੱਕਰ ਵਿੱਚ ਵਿਭਾਗਾਂ ਦੇ ਨਿੱਜੀਕਰਨ ਵੱਲ ਨੂੰ ਵਧ ਰਹੀ ਹੈ। ਜੇਕਰ ਸਰਕਾਰ ਨੇ ਕਿਲੋਮੀਟਰ ਸਕੀਮ ਬੱਸਾਂ ਦਾ ਟੈਂਡਰ ਰੱਦ ਨਾ ਕੀਤਾ ਜਾਂ ਫਿਰ 31 ਅਕਤੂਬਰ ਨੂੰ ਜਾਂ ਭਵਿੱਖ ਵਿੱਚ ਟੈਂਡਰ ਖੋਲ੍ਹਣ ਦੀ ਕੋਸ਼ਿਸ਼ ਕੀਤੀ ਤਾਂ ਤੁਰੰਤ ਪੰਜਾਬ ਦੇ ਵੱਖ-ਵੱਖ ਥਾਵਾਂ 'ਤੇ ਰੋਡ ਬਲਾਕ ਕਰਕੇ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ।

ਸੂਬਾ ਸੀਨੀਅਰ ਮੀਤ ਪ੍ਰਧਾਨ ਹਰਕੇਸ਼ ਕੁਮਾਰ ਨੇ ਦੱਸਿਆ ਕਿ ਪਨਬਸ/ਪੀ.ਆਰ.ਟੀ.ਸੀ. ਇਹ ਦੋਵੇਂ ਵਿਭਾਗ ਖੁਦ ਮੁਖਤਿਆਰੀ ਅਦਾਰੇ ਹਨ, ਜਦੋਂ ਵੀ ਦੋਵੇਂ ਵਿਭਾਗ ਵਿੱਚ ਨਵੀਆਂ ਬੱਸਾਂ ਪਾਇਆ ਜਾਂਦੀਆਂ ਹਨ।ਵਿਭਾਗਾਂ ਵੱਲੋਂ ਬੈਂਕ ਤੋਂ ਕਰਜ਼ ਲੈ ਕੇ ਪਾਇਆ ਜਾਂਦੀਆਂ ਹਨ, ਉਨ੍ਹਾਂ ਬੱਸਾਂ ਦਾ ਕਰਜ਼ ਕਰਮਚਾਰੀ ਆਪਣੇ ਮਿਹਨਤ ਦੇ ਨਾਲ ਕਿਸ਼ਤਾਂ ਰਾਹੀਂ ਉਤਾਰਦੇ ਹਨ ਤੇ ਪੰਜਾਬ ਦੀ ਪਬਲਿਕ ਨੂੰ ਸਫ਼ਰ ਸਹੂਲਤ ਪ੍ਰਦਾਨ ਕਰਦੇ ਹਨ।ਜਦੋਂ ਵਿਭਾਗ ਨੇ ਪਰਮਿਟ ਸਮੇਤ ਸਾਰੇ ਟੈਕਸ ਵਿਭਾਗ ਨੇ ਭਰਨੇ ਹਨ ਅਤੇ ਵਿਭਾਗਾਂ ਨੇ ਡੀਜ਼ਲ ਤੇ ਸਟਾਫ ਪ੍ਰੋਵਾਇਡ ਕਰਵਾਉਣ ਹੈ ਫਿਰ ਪ੍ਰਾਈਵੇਟ ਸਿਸਟਮ ਦੇ ਰਹੀ ਕਿਲੋਮੀਟਰ ਸਕੀਮ ਬੱਸਾਂ (ਕਹਿ ਸਕਦੇ ਹਾਂ ਪ੍ਰਾਈਵੇਟ ਬੱਸਾਂ ਵਿਭਾਗਾਂ ਵਿੱਚ ਕਿਰਾਏ ਤੇ) ਪਾਉਣ ਦੀ ਕੋਈ ਤੁੱਕ ਨਹੀਂ ਬਣਦੀ। ਵਿਭਾਗਾਂ ਵਿੱਚ ਸਾਰਾ ਸਟਾਫ ਮੌਜੂਦ ਹੋਣ ਦੇ ਬਾਵਜੂਦ ਸਿਸਟਮ ਚਲਾਉਣ ਲਈ ਅਧਿਕਾਰੀ ਬੈਠੇ ਹਨ, ਫਿਰ 200-300 ਬੱਸਾਂ ਚਲਾਉਣ ਵਿੱਚ ਅਧਿਕਾਰੀ ਜਾਂ ਕਰਮਚਾਰੀਆਂ ਕਿਵੇਂ ਫੇਲ੍ਹ ਹੋ ਸਕਦੇ ਹਨ? ਜੇਕਰ ਸਰਕਾਰ ਤੇ ਮੈਨੇਜਮੈਂਟ ਨੇ ਕਰਮਚਾਰੀ ਪੱਕੇ ਤੇ ਨਿੱਜੀਕਰਨ ਬੰਦ ਨਾ ਕੀਤਾ ਤਾਂ ਤਰਨਤਾਰਨ ਚੋਣ ਵਿੱਚ ਸਖ਼ਤ ਵਿਰੋਧ ਕੀਤਾ ਜਾਵੇਗਾ ਤੇ ਨਾਲ ਹੀ ਚੇਅਰਮੈਨ ਪੀ.ਆਰ.ਟੀ.ਸੀ, ਟਰਾਂਸਪੋਰਟ ਮੰਤਰੀ ਪੰਜਾਬ, ਮੁੱਖ ਮੰਤਰੀ ਪੰਜਾਬ ਦੀ ਰਹਾਇਸ਼ 'ਤੇ ਧਰਨਾ ਦਿੱਤਾ ਜਾਵੇਗਾ ਅਤੇ ਤਿੱਖੇ ਸੰਘਰਸ਼ ਕੀਤੇ ਜਾਣਗੇ, ਜਿਸ ਦੀ ਜ਼ਿੰਮੇਵਾਰੀ ਸਰਕਾਰ ਤੇ ਮੈਨੇਜਮੈਂਟ ਦੀ ਹੋਵੇਗੀ।

## ਕਾਤਰਾਂ

### ਹੋਲੀ ਹਾਰਟ ਸਕੂਲ 'ਚ ਗੁਰਗੱਦੀ ਦਿਵਸ ਮਨਾਇਆ

**ਅਜੀਤਵਾਲ (ਨਛੱਤਰ ਸੰਧੂ)**-ਇਲਾਕੇ ਦੀ ਪ੍ਰਸਿੱਧ ਵਿੱਦਿਅਕ ਸੰਸਥਾ ਹੋਲੀ ਹਾਰਟ ਸਕੂਲ ਅਜੀਤਵਾਲ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਗੁਰਗੱਦੀ ਦਿਵਸ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ।ਇਸ ਪਵਿੱਤਰ ਮੌਕੇ ਸਕੂਲ ਦੇ ਪ੍ਰਾਂਗਣ ਵਿੱਚ ਨਾਮ ਸਿਮਰਨ ਤੇ ਕੀਰਤਨ ਸਮਾਗਮ ਕੀਤਾ ਗਿਆ, ਜਿਸ ਵਿੱਚ ਬੱਚਿਆਂ ਨੇ ਉਤਸ਼ਾਹ ਨਾਲ ਭਾਗ ਲਿਆ।ਅਧਿਆਪਕਾਂ ਨੇ ਬੱਚਿਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਤੇ ਸਿੱਖਿਆਵਾਂ ਬਾਰੇ ਜਾਣੂ ਕਰਵਾਇਆ ਅਤੇ ਜੀਵਨ ਵਿੱਚ ਸੱਚ, ਨਿਮਰਤਾ ਤੇ ਸੇਵਾ ਦੇ ਮਾਰਗ 'ਤੇ ਤੁਰਨ ਲਈ ਪ੍ਰੇਰਿਤ ਕੀਤਾ।ਸਕੂਲ ਦੇ ਪ੍ਰਿੰਸੀਪਲ ਸ਼ਾਕਸ਼ੀ ਗੁਲੇਰੀਆ ਨੇ ਇਸ ਦਿਹਾੜੇ ਦੀ ਮਹੱਤਤਾ 'ਤੇ ਚਾਨਣ ਪਾਇਆ ਤੇ ਗੁਰਬਾਣੀ ਅਨੁਸਾਰ ਚੱਲਣ ਦੀ ਅਪੀਲ ਕੀਤੀ।ਇਸ ਮੌਕੇ ਸਕੂਲ ਚੇਅਰਮੈਨ ਸੁਭਾਸ਼ ਪਲਤਾ, ਡਾਇਰੈਕਟਰ ਅਮਿਤ ਪਲਤਾ, ਸ੍ਰੈਆ ਪਲਤਾ ਤੇ ਸਕੂਲ ਪ੍ਰਿੰਸੀਪਲ ਸ਼ਾਕਸ਼ੀ ਗੁਲੇਰੀਆ ਨੇ ਦੱਸਿਆ ਕਿ ਇਹ ਸਮਾਗਮ ਬਹੁਤ ਹੀ ਸ਼ਰਧਾ ਭਾਵਨਾ ਤੇ ਆਧਿਆਤਮਿਕ ਮਾਹੌਲ ਵਿੱਚ ਸੰਪੰਨ ਹੋਇਆ।

### ਅੱਜ ਬਿਜਲੀ ਬੰਦ ਰਹੇਗੀ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਇੰਜ. ਮਨਦੀਪ ਸਿੰਘ ਢੋਟ ਐੱਸਡੀਓ ਸਬ ਡਵੀਜ਼ਨ ਕੈਂਟ ਨੰਬਰ 2 ਜਾਣਕਾਰੀ ਜਾਰੀ ਕਰਦਿਆਂ ਦੱਸਿਆ ਕਿ ਬਿਜਲੀ ਦੀਆਂ ਲਾਈਨਾਂ ਦੀ ਅਤਿ ਜ਼ਰੂਰੀ ਮੈਂਟੀਨੈਂਸ ਕਰਨ ਲਈ 28 ਅਕਤੂਬਰ ਮੰਗਲਵਾਰ ਨੂੰ ਇਲਾਕੇ ਦੀ ਬਿਜਲੀ ਸਪਲਾਈ ਬੰਦ ਰਹੇਗੀ। ਉਨ੍ਹਾਂ ਦੱਸਿਆ ਕਿ ਮੋਗਾ ਰੋਡ ਫੀਡਰ ਤੇ ਬੀਐੱਸਐੱਫ ਫੀਡਰ ਨਾਲ ਸਬੰਧਤ ਖੇਤਰਾਂ ਵਿੱਚ ਸਵੇਰੇ 10 ਵਜੇ ਤੋਂ ਸ਼ਾਮ 2 ਵਜੇ ਤੱਕ ਬਿਜਲੀ ਦੀ ਸਪਲਾਈ ਮੁਕੰਮਲ ਤੌਰ 'ਤੇ ਬੰਦ ਰੱਖੀ ਜਾਵੇਗੀ। ਐੱਸਡੀਓ ਢੋਟ ਨੇ ਲੋਕਾਂ ਨੂੰ ਬੇਨਤੀ ਕੀਤੀ ਹੈ ਕਿ ਉਹ ਇਸ ਸਮੇਂ ਦੌਰਾਨ ਆਪਣੀਆਂ ਜ਼ਰੂਰੀ ਲੋੜਾਂ ਦਾ ਪ੍ਰਬੰਧ ਪਹਿਲਾਂ ਹੀ ਕਰ ਲੈਣ।

### ਹਬੀਬ ਕੇ ਦੇ ਖੇਤਾਂ 'ਚੋਂ ਹੈਰੋਇਨ ਦਾ ਪੈਕੇਟ ਤੇ ਡਰੋਨ ਬਰਾਮਦ

**ਫਿਰੋਜ਼ਪੁਰ (ਅਸ਼ੋਕ ਸ਼ਰਮਾ, ਗੁਰਬਚਨ ਸਿੰਘ)**-ਬੀਐੱਸਐੱਫ ਦੇ ਜਵਾਨਾਂ ਨੂੰ ਸਰਹੱਦੀ ਪਿੰਡ ਹਬੀਬ ਕੇ ਦੇ ਖੇਤਾਂ ਵਿੱਚੋਂ ਇੱਕ ਪੈਕੇਟ ਹੈਰੋਇਨ, ਜਿਸ ਦਾ ਵਜਨ 500 ਗ੍ਰਾਮ ਤੇ ਇੱਕ ਡਰੋਨ ਬਰਾਮਦ ਹੋਇਆ ਹੈ। ਇਸ ਸਬੰਧੀ ਸਦਰ ਫਿਰੋਜ਼ਪੁਰ ਪੁਲਸ ਨੇ ਅਣਪਛਾਤੇ ਵਿਅਕਤੀ ਖਿਲਾਫ ਐੱਨਡੀਪੀਐੱਸ ਐਕਟ, ਏਅਰਕਰਾਫਟ ਐਕਟ (ਕਮਰਸ਼ੀਅਲ) ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਸੁਖਬੀਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਗਸ਼ਤ ਕਰਦੀ ਹੋਈ ਬਾਰੇ ਕੇ ਚੌਕ ਪੁੱਜੀ ਤਾਂ ਇੱਕ ਟੈਲੀਫੋਨ ਇੰਸਪੈਕਟਰ ਰਮੇਸ਼ ਸਿੰਘ ਮੀਨਾ ਕਮਾਂਡਰ 155 ਬਟਾਲੀਅਨ ਬੀਐੱਸਐੱਫ ਵੱਲੋਂ ਬੀਓਪੀ ਜਗਦੀਸ਼ ਮੌਸੂਲ ਹੋਇਆ ਕਿ ਹਬੀਬ ਕੇ ਦੇ ਖੇਤਾਂ ਵਿੱਚੋਂ ਇੱਕ ਪੈਕੇਟ ਹੈਰੋਇਨ ਤੇ ਇੱਕ ਡਰੋਨ ਮਿਲਿਆ ਹੈ। ਪੁਲਸ ਨੇ ਦੱਸਿਆ ਕਿ ਬਰਾਮਦ ਕੀਤੇ ਗਏ ਹੈਰੋਇਨ ਦੇ ਪੈਕੇਟ ਦਾ ਵਜਨ 500 ਗ੍ਰਾਮ ਹੋਇਆ। ਪੁਲਸ ਨੇ ਦੱਸਿਆ ਕਿ ਇਸ ਮਾਮਲੇ ਵਿੱਚ ਪੁਲਸ ਨੇ ਅਣਪਛਾਤੇ ਵਿਅਕਤੀ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

## ਮਾਮਲਾ ਮੰਡੀ ਪੰਜੇ ਕੇ ਦੀ ਸਰਪੰਚੀ ਦਾ

# ਬੈਲਟ ਪੇਪਰ ਸਮੇਤ ਰਿਕਾਰਡ ਹਾਈਕੋਰਟ ਵੱਲੋਂ ਤਲਬ

**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**

ਸਰਹੱਦੀ ਪਿੰਡ ਮੰਡੀ ਪੰਜੇ ਕੇ ਉਤਾੜ ਦੇ ਸਰਪੰਚ ਦੇ ਕੇਸ ਦੀ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਸੁਣਵਾਈ ਹੋਈ।ਦੋਹਾਂ ਧਿਰਾਂ ਦੇ ਸੀਨੀਅਰ ਵਕੀਲਾਂ ਦੀ ਬਹਿਸ ਤੋਂ ਬਾਅਦ ਹਾਈਕੋਰਟ ਨੇ ਡਿਪਟੀ ਕਮਿਸ਼ਨਰ ਫ਼ਿਰੋਜ਼ਪੁਰ ਨੂੰ ਦਿਸ਼ਾ-ਨਿਰਦੇਸ਼ ਜਾਰੀ ਕਰਕੇ ਸਾਰੇ ਬੈਲਟ ਪੇਪਰ ਸਮੇਤ ਸਾਰਾ ਰਿਕਾਰਡ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਸਾਹਮਣੇ ਪੇਸ਼ ਕਰਨ ਦੇ ਹੁਕਮ ਜਾਰੀ ਕੀਤੇ ਹਨ।

ਜ਼ਿਕਰਯੋਗ ਹੈ ਕਿ ਮੰਡੀ ਪੰਜੇ ਕੇ ਉਤਾੜ ਬਲਾਕ ਗੁਰੂਹਰਸਹਾਏ ਜ਼ਿਲ੍ਹਾ ਫ਼ਿਰੋਜ਼ਪੁਰ ਦੀ ਪੰਚਾਇਤ ਦੇ ਸਰਪੰਚੀ ਦੀ ਹੋਈ ਚੋਣ ਦੌਰਾਨ ਪੋਲਿੰਗ ਵਾਲੇ ਦਿਨ ਹੋਈ ਗਿਣਤੀ ਮੌਕੇ ਰਮੇਸ਼ ਕੁਮਾਰ ਨੂੰ ਪੰਜੇ ਕੇ ਉਤਾੜ ਦਾ ਜੇਤੂ ਸਰਪੰਚ ਐਲਾਨਿਆ ਗਿਆ ਸੀ।ਇਸ ਤੋਂ ਉਪਰੰਤ ਰਮੇਸ਼ ਕੁਮਾਰ ਦੇ ਮੁਕਾਬਲੇ ਸਰਪੰਚੀ ਦੀ ਚੋਣ ਲੜਨ ਵਾਲੇ ਉਮੀਦਵਾਰ ਲਵਿਸ਼ ਮੁਟਨੇਜਾ ਨੇ ਤਹਿਸੀਲ ਟ੍ਰਿਬਿਊਨਲ ਕਮ ਐਸ.ਡੀ.ਐਮ ਦੀ ਅਦਾਲਤ 'ਚ ਦਰਖਾਸਤ ਦੇ ਕੇ ਵੋਟਾਂ ਦੀ ਦੁਬਾਰਾ ਗਿਣਤੀ ਕਰਨ ਦੀ ਮੰਗ ਕੀਤੀ ਸੀ।ਦਰਖਾਸਤ ਦੇਣ ਤੋਂ ਬਾਅਦ ਹੋਈ ਗਿਣਤੀ ਵਿੱਚ ਲਵਿਸ਼ ਮੁਟਨੇਜਾ ਨੂੰ ਜੇਤੂ ਸਰਪੰਚ ਕਰਾਰ ਦਿੱਤਾ ਗਿਆ।

ਇਸ ਦੌਰਾਨ ਪੰਜਾਬ ਤੇ ਹਰਿਆਣਾ ਹਾਈਕੋਰਟ ਵਿੱਚ ਰਮੇਸ਼ ਕੁਮਾਰ ਵੱਲੋਂ ਐਸ ਡੀ ਐਮ ਵੱਲੋਂ ਕੀਤੇ ਗਏ ਫੈਸਲੇ ਨੂੰ ਚੁਣੌਤੀ ਦਿੰਦਿਆਂ ਦੁਬਾਰਾ ਹੋਈ ਗਿਣਤੀ ਨੂੰ ਗ਼ਲਤ ਕਰਨ ਦਾ ਦੋਸ਼ ਲਾਇਆ ਸੀ।ਮਾਨਯੋਗ ਪੰਜਾਬ ਹਰਿਆਣਾ ਹਾਈਕੋਰਟ ਨੇ ਇਸ ਸਬੰਧੀ ਸਿਵਲ ਜੱਜ ਗੁਰੂ ਹਰਸਹਾਏ ਦੀ ਅਦਾਲਤ ਵਿੱਚ ਬੈਲਟ ਪੇਪਰ ਦੇਣ ਦੇ ਹੁਕਮ ਜਾਰੀ ਕੀਤੇ ਸੀ।ਸਿਵਲ ਜੱਜ ਸੀਨੀਅਰ ਡਵੀਜ਼ਨ ਵੱਲੋਂ ਵੋਟਾਂ ਦੀ ਪੜਤਾਲ ਬਾਅਦ ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲ ਭੇਜੀ ਗਈ ਲਿਫਾਫਾ ਬੰਦ ਰਿਪੋਰਟ ਵਿੱਚ ਸਪਸ਼ਟ ਤੌਰ 'ਤੇ ਲਿਖਿਆ ਸੀ ਕਿ ਰੱਦ ਹੋਈਆਂ ਵੋਟਾਂ 'ਚੋਂ 75% ਵੋਟਾਂ ਡਬਲ ਸਟੈਂਪਿੰਗ ਕਰਕੇ ਰੱਦ ਹੋਈਆਂ ਹਨ।

ਇਸ ਦੌਰਾਨ ਪੰਜਾਬ ਤੇ ਹਰਿਆਣਾ ਹਾਈਕੋਰਟ ਵਿੱਚ ਚੱਲੀ ਸੁਣਵਾਈ ਦੌਰਾਨ ਦੋਨੋਂ ਧਿਰਾਂ ਦੇ ਵਕੀਲ ਇਸ ਗੱਲ 'ਤੇ ਜ਼ੋਰ ਦਿੰਦੇ ਆ ਰਹੇ ਸਨ ਕਿ ਦੂਜੀ ਧਿਰ ਨੇ ਬੈਲਟ ਪੇਪਰਾਂ ਨਾਲ ਛੇੜਛਾੜ ਕੀਤੀ ਹੋ ਸਕਦੀ ਹੈ।ਬਹਿਸ ਵਿੱਚ ਦੂਜੀ ਧਿਰ ਦਾ ਕਹਿਣਾ ਸੀ ਕਿ ਵੋਟਾਂ ਦੀ ਗਿਣਤੀ ਤੋਂ ਬਾਅਦ ਸਾਰੇ ਉਮੀਦਵਾਰਾਂ ਦੇ ਦਸਤਖ਼ਤ ਨਹੀਂ ਕਰਾਏ ਗਏ।ਇਸ ਦੌਰਾਨ ਪੰਚਾਇਤ ਐਕਟ ਦੀ ਕਾਪੀ ਵੀ ਇੱਕ ਧਿਰ ਵੱਲੋਂ ਪੇਸ਼ ਕਰਨ ਤੇ ਮਾਨਯੋਗ ਹਾਈਕੋਰਟ ਨੇ ਇਹ ਹੁਕਮ ਜਾਰੀ ਕੀਤੇ। ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਜਿਲ੍ਹਾ ਪ੍ਰਸ਼ਾਸਨ ਫ਼ਿਰੋਜ਼ਪੁਰ ਨੂੰ ਹੁਕਮ ਜਾਰੀ ਕੀਤੇ ਹਨ ਕਿ ਮੰਡੀ ਪੰਜੇ ਕੇ ਉਤਾੜ ਵਿੱਚ ਹੋਈ ਚੋਣ ਸਬੰਧੀ ਸਾਰਾ ਰਿਕਾਰਡ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਪੇਸ਼ ਕੀਤਾ ਜਾਵੇ।ਰਮੇਸ਼ ਕੁਮਾਰ ਧਿਰ ਨੇ ਅੱਜ ਇਸ ਗੱਲ ਤੇ ਜ਼ੋਰ ਦਿੱਤਾ ਕਿ ਗੁਰੂਹਰਸਹਾਏ ਅਦਾਲਤ ਨੇ ਵੋਟਾਂ ਰੱਦ ਹੋਣ ਦਾ ਕਾਰਨ ਡਬਲ ਸਟੈਂਪਿੰਗ ਨੂੰ ਕਰਾਰ ਦਿੱਤਾ ਹੈ, ਇਸ ਦੀ ਜਾਂਚ ਹੋਣੀ ਚਾਹੀਦੀ ਹੈ।ਅਗਲੀ ਸੁਣਵਾਈ ਸੱਤ ਨਵੰਬਰ ਨਿਰਧਾਰਤ ਕੀਤੀ ਗਈ।

# ਨਸ਼ਿਆਂ ਦੇ ਮੁਕੰਮਲ ਖਾਤਮੇ ਲਈ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਨੂੰ ਲੋਕ ਲਹਿਰ ਬਣਾਉਣ ਦੀ ਲੋੜ : ਮੀਤ ਹੇਅਰ



**ਮਾਨਸਾ (ਆਤਮਾ ਸਿੰਘ ਪਮਾਰ)**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨਸ਼ਿਆਂ ਦੇ ਖਾਤਮੇ ਲਈ ਸਿਰਤੋੜ ਯਤਨ ਕਰ ਰਹੀ ਹੈ, ਪਰ ਇਸ ਮੁਹਿੰਮ ਨੂੰ ਸਫ਼ਲ ਬਣਾਉਣ ਲਈ ਸਾਂਝੇ ਯਤਨ ਕਰਕੇ ਲੋਕ ਲਹਿਰ ਬਣਾਉਣ ਦੀ ਲੋੜ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਲੋਕ ਸਭਾ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ ਨੇ ਬੱਚਤ ਭਵਨ ਵਿਖੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਜ਼ਿਲ੍ਹਾ ਤਾਲਮੇਲ ਕਮੇਟੀ ਦੀ ਮੀਟਿੰਗ ਨੂੰ ਸੰਬੋਧਨ ਕਰਦਿਆ ਕੀਤਾ।ਮੀਟਿੰਗ 'ਚ ਮੁਹਿੰਮ ਦੇ ਕੋਆਰਡੀਨੇਟਰਜ਼ ਅਤੇ ਹੋਰ ਅਹੁਦੇਦਾਰ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

ਮੀਤ ਹੇਅਰ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਚਲਾਈ ਜਾ ਰਹੀ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਤਹਿਤ ਵੱਖ-ਵੱਖ ਕੋਆਰਡੀਨੇਟਰਜ਼ ਲਾਉਣ ਤੋਂ ਇਲਾਵਾ ਪਿੰਡ ਅਤੇ ਸ਼ਹਿਰ ਪੱਧਰ 'ਤੇ ਵਿਲੇਜ ਡਿਫੈਂਸ ਕਮੇਟੀਆਂ ਤੇ ਵਾਰਡ ਡਿਫੈਂਸ ਕਮੇਟੀਆਂ ਦੇ ਮੈਂਬਰ ਲਾਏ ਗਏ ਹਨ ਤਾਂ ਜੁ ਹਰ ਸਰਗਰਮ ਨਾਗਰਿਕ ਦੀ ਇਸ ਮੁਹਿੰਮ ਵਿਚ ਭਾਗੀਦਾਰੀ ਹੋ ਸਕੇ।ਉਨ੍ਹਾਂ ਸਾਰੇ ਅਹੁਦੇਦਾਰਾਂ ਨੂੰ ਬਿਨਾਂ ਪੱਖਪਾਤ ਤੇ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਇਸ ਮੁਹਿੰਮ ਲਈ ਕੰਮ ਕਰਨ ਦਾ ਸੱਦਾ ਦਿੱਤਾ।

ਉਨ੍ਹਾਂ ਕਿਹਾ ਕਿ ਮੈਡੀਕਲ ਸਟੋਰਾਂ 'ਤੇ ਮਿਲਦੇ ਕੁੱਝ ਕੈਪਸੂਲਾਂ ਨੂੰ ਨਸ਼ੇ ਵਜੋਂ ਵਰਤਣ ਦੇ ਮਾਮਲੇ ਵਿਚ ਐਨ ਡੀ ਪੀ ਐਸ ਤਹਿਤ ਕਾਰਵਾਈ ਅਧੀਨ ਲਿਆਉਣ ਦਾ ਮੁੱਦਾ ਉਹ ਸੰਸਦ ਵਿਚ ਚੁੱਕਣਗੇ, ਕਿਉਂਕਿ ਇਹ ਕੇਂਦਰ ਸਰਕਾਰ ਦੇ ਅਧਿਕਾਰ ਖੇਤਰ 'ਚ ਆਉਂਦਾ ਹੈ।

ਇਸ ਮੌਕੇ ਮੀਤ ਹੇਅਰ, ਡਿਪਟੀ ਕਮਿਸ਼ਨਰ ਨਵਜੋਤ ਕੌਰ ਅਤੇ ਐੱਸ ਐੱਸ ਪੀ ਭਾਗੀਰਥ ਮੀਨਾ ਵਲੋਂ ਮੁਹਿੰਮ ਦੇ ਕੋਆਰਡੀਨੇਟਰਾਂ ਨੂੰ ਪਛਾਣ ਪੱਤਰ ਅਤੇ ਬੁਕਲੈਟ ਵੀ ਸੌਂਪੇ ਗਏ।

ਨਸ਼ਾ ਮੁਕਤੀ ਮੋਰਚਾ ਦੇ ਮਾਲਵਾ ਵੈਸਟ ਦੇ ਕੋਆਰਡੀਨੇਟਰ ਚੁਸ਼ਪਿੰਦਰਬੀਰ ਚਹਿਲ ਨੇ ਦੱਸਿਆ ਕਿ ਪਿਛਲੇ ਸਮੇਂ ਮਾਨਸਾ ਜ਼ਿਲ੍ਹੇ ਵਿੱਚ ਸਫਲਤਾ ਨਾਲ ਨਸ਼ਾ ਮੁਕਤੀ ਯਾਤਰਾਵਾਂ ਪਿੰਡ-ਪਿੰਡ, ਵਾਰਡ-ਵਾਰਡ ਕੀਤੀਆਂ ਗਈਆਂ ਹਨ, ਜਿਸ ਵਿਚ ਸ਼ਾਮਲ ਹਰ ਅਫ਼ਸਰ, ਹਰ ਅਹੁਦੇਦਾਰ ਨੇ ਬਾਖ਼ੂਬੀ ਭੂਮਿਕਾ ਨਿਭਾਈ ਹੈ ਤੇ ਹੁਣ ਆਉਣ ਵਾਲੇ ਦਿਨਾਂ ਵਿਚ ਹਲਕਾ/ਸਬ-ਡਵੀਜ਼ਨ ਪੱਧਰ 'ਤੇ ਸਿਖਲਾਈ ਦਿੱਤੀ ਜਾਵੇਗੀ।

ਉਨ੍ਹਾਂ ਸੇਫ ਪੰਜਾਬ ਮੋਬਾਈਲ ਐਪ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ ਤੇ ਸਬ-ਡਿਵੀਜ਼ਨ ਪੱਧਰ 'ਤੇ ਸਿਖਲਾਈ ਲਈ ਐੱਸ ਓ ਪੀ, ਲੋੜੀਂਦੀ ਸਮੱਗਰੀ ਬਾਰੇ ਵੀ ਵਿਸਥਾਰ ਸਹਿਤ ਜਾਣਕਾਰੀ ਦਿੱਤੀ।

ਡਿਪਟੀ ਕਮਿਸ਼ਨਰ ਨਵਜੋਤ ਕੌਰ ਆਈ ਏ ਐੱਸ ਨੇ ਕਿਹਾ ਕਿ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੇ ਪਹਿਲੇ ਪੜਾਅ 'ਚ ਜ਼ਿਲ੍ਹਾ ਮਾਨਸਾ ਦੇ ਪਿੰਡਾਂ/ਸ਼ਹਿਰਾਂ ਵਿੱਚ ਨਸ਼ਾ ਮੁਕਤੀ ਯਾਤਰਾਵਾਂ ਕੀਤੀਆਂ ਗਈਆਂ ਹਨ।ਇਸ ਮੁਹਿੰਮ ਨੂੰ ਮਜ਼ਬੂਤ ਬਣਾਉਣ ਲਈ ਜ਼ਿਲ੍ਹਾ, ਬਲਾਕ ਤੇ ਹਲਕਾ ਪੱਧਰ 'ਤੇ ਕੋਆਰਡੀਨੇਟਰ ਲਾਏ ਗਏ।ਪਿੰਡਾਂ ਤੇ ਸ਼ਹਿਰਾਂ ਵਿੱਚ ਵੀਲੇਜ ਡਿਫੈਂਸ ਕਮੇਟੀਆਂ ਤੇ ਵਾਰਡ ਡਿਫੈਂਸ ਕਮੇਟੀ ਬਣਾਈਆਂ ਗਈਆਂ ਹਨ।

### ਜੂਆ ਖੇਡਣ ਤੋਂ ਰੋਕਣ 'ਤੇ ਕੁੱਟਮਾਰ, 7 ਨਾਮਜ਼ਦ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਮਮਦੋਟ ਵਿਖੇ ਦੀਵਾਲੀ ਵਾਲੇ ਦਿਨ ਵਾਲਮੀਕੀ ਮੰਦਰ ਵਿੱਚ ਜੂਆ ਖੇਡਣ ਤੋਂ ਰੋਕਣ 'ਤੇ ਇੱਕ ਵਿਅਕਤੀ ਦੀ ਕੁੱਟਮਾਰ ਕਰਨ ਦੇ ਦੋਸ਼ ਵਿੱਚ ਥਾਣਾ ਮਮਦੋਟ ਪੁਲਸ ਨੇ 7 ਵਿਅਕਤੀਆਂ ਖਿਲਾਫ ਮਾਮਲਾ ਦਰਜ ਕੀਤਾ ਹੈ।

ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਸੁਖਚੈਨ ਸਿੰਘ ਪੁੱਤਰ ਸੂਬਾ ਵਾਸੀ ਪਿੰਡ ਮਹਿਲ ਸਿੰਘ ਵਾਲਾ ਮਮਦੋਟ ਨੇ ਦੱਸਿਆ ਕਿ 22 ਅਕਤੂਬਰ 2025 ਦੀ ਰਾਤ ਕਰੀਬ 9.20 ਵਜੇ ਦੀਵਾਲੀ ਵਾਲੇ ਦਿਨ ਦੋਸ਼ੀਆਨ ਧਰੁਵ ਉਰਫ ਪਿੰਕੀ ਪੁੱਤਰ ਵਿਕਰਮ ਸਿੰਘ, ਮਹਾਂਵੀਰ ਪੁੱਤਰ ਮੰਗਲ, ਅਰਜਨ ਪੁੱਤਰ ਜੋਗਿੰਦਰ, ਰਾਮ ਪੁੱਤਰ ਬਿੰਦਰ, ਸੈਮਲ ਪੁੱਤਰ ਨਵਾਬ ਵਾਸੀਅਨ ਪਿੰਡ ਮਹਿਲ ਸਿੰਘ ਵਾਲਾ, ਲੱਖਾ ਪੁੱਤਰ ਜੁੰਮਾ ਤੇ ਮਹਿੰਦਰ ਪੁੱਤਰ ਜੁੰਮਾ ਵਾਸੀਅਨ ਪਿੰਡ ਮਹਿਲ ਸਿੰਘ ਵਾਲਾ ਵਾਲਮੀਕੀ ਮੰਦਿਰ 'ਚ ਜੂਆ ਖੇਡ ਰਹੇ ਸਨ, ਜਿਨ੍ਹਾਂ ਨੂੰ ਰੋਕਣ 'ਤੇ ਉਕਤ ਦੋਸ਼ੀਆਨ ਨੇ ਉਸ ਦੇ ਸੱਟਾਂ ਮਾਰੀਆਂ। ਸੁਖਚੈਨ ਸਿੰਘ ਨੇ ਦੱਸਿਆ ਕਿ ਉਸ ਦਾ ਇਲਾਜ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਫਰੀਦਕੋਟ ਵਿਖੇ ਚੱਲ ਰਿਹਾ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਗਹਿਣਾ ਰਾਮ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

# ਸਾਬਕਾ ਮੰਤਰੀ ਡਾ. ਮਾਲਤੀ ਥਾਪਰ ਨੇ ਆਪਣੀ ਮਲਕੀਅਤ ਵਾਲੇ ਨਰਸਿੰਗ ਕਾਲਜ 'ਤੇ ਕਬਜ਼ੇ ਦੇ ਲਾਏ ਦੋਸ਼

## ਪੁਲਸ ਵੱਲੋਂ ਤੁਰੰਤ ਕਾਰਵਾਈ ਨਾ ਕਰਦੇ ਹੋਏ ਦਿੱਤਾ ਦੋ ਦਿਨਾਂ ਦਾ ਸਮਾਂ



**ਮੋਗਾ (ਇਕਬਾਲ ਸਿੰਘ ਖਹਿਰਾ)**-ਪੰਜਾਬ ਦੇ ਸਾਬਕਾ ਕਾਂਗਰਸੀ ਮੰਤਰੀ ਤੇ ਸੀਨੀਅਰ ਮਹਿਲਾ ਆਗੂ ਡਾ. ਮਾਲਤੀ ਥਾਪਰ ਤੇ ਉਨ੍ਹਾਂ ਦੇ ਪਤੀ ਡਾ. ਪਵਨ ਥਾਪਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹੈਰਾਨੀਜਨਕ ਖੁਲਾਸੇ ਕੀਤੇ। ਉਨ੍ਹਾਂ ਦੋਸ਼ ਲਾਇਆ ਕਿ ਉਨ੍ਹਾਂ ਦੀ ਮਲਕੀਅਤ ਵਾਲੇ ਨਰਸਿੰਗ ਕਾਲਜ 'ਤੇ ਕਥਿਤ ਤੌਰ 'ਤੇ ਮੋਗਾ ਮੈਡੀਸਿਟੀ ਹਸਪਤਾਲ ਦੇ 4 ਪ੍ਰਬੰਧਕਾਂ ਤੇ ਮੁਲਾਜ਼ਮਾਂ ਵੱਲੋਂ ਕਬਜ਼ਾ ਕੀਤਾ ਜਾ ਰਿਹਾ ਹੈ ਅਤੇ ਇਥੇ ਹੀ ਬਸ ਨਹੀਂ ਇਸ ਸਬੰਧੀ ਉਨ੍ਹਾਂ ਲੰਘੀ 10 ਅਕਤੂਬਰ ਨੂੰ ਜ਼ਿਲ੍ਹਾ ਪੁਲਸ ਮੁਖੀ ਨੂੰ ਸ਼ਿਕਾਇਤ ਪੱਤਰ ਵੀ ਦਿੱਤਾ ਸੀ, ਜਿਸ ਦੀ ਹਾਲੇ ਤੱਕ ਕੋਈ ਕਾਰਵਾਈ ਨਹੀਂ ਹੋਈ ਅਤੇ ਜਦੋਂ ਉਹ ਇਸ ਵਰਤਾਰੇ ਨੂੰ ਰੋਕਣ ਲਈ ਗਏ ਤਾਂ ਹਸਪਤਾਲ ਦੇ ਮੁਲਾਜ਼ਮਾਂ ਨੇ ਉਨ੍ਹਾਂ ਨਾਲ ਮਾੜੀ ਸ਼ਬਦਾਵਲੀ ਦੀ ਵਰਤੋਂ ਹੀ ਨਹੀਂ ਕੀਤੀ, ਸਗੋਂ ਦੁਰਵਿਹਾਰ ਵੀ ਕੀਤਾ।ਉਨ੍ਹਾਂ ਕਿਹਾ ਕਿ ਇਸ ਸਬੰਧੀ ਮੇਰੇ ਵੱਲੋਂ ਤੁਰੰਤ ਪੁਲਸ ਅਧਿਕਾਰੀਆਂ ਨੂੰ ਸੂਚਿਤ ਕੀਤਾ ਗਿਆ ਤੇ ਮੌਕੇ 'ਤੇ ਪੁੱਜੇ ਪੁਲਸ ਅਧਿਕਾਰੀਆਂ ਸਾਡੇ ਨਾਲ ਹੋ ਰਹੀ ਵਧੀਕੀ ਬਾਰੇ ਤਾਂ ਕਿਹਾ, ਪਰ ਕੋਈ ਕਾਰਵਾਈ ਅਮਲ ਵਿੱਚ ਨਹੀਂ ਲਿਆਂਦੀ ਗਈ ਅਤੇ ਇਨ੍ਹਾਂ ਅਧਿਕਾਰੀਆਂ ਵੱਲੋਂ ਕਾਰਵਾਈ ਕਰਨ ਦੀ ਥਾਂ ਹਾਲੇ ਵੀ 2 ਦਿਨ ਦਾ ਸਮਾਂ ਲਿਆ ਹੈ।ਸਾਬਕਾ ਮੰਤਰੀ ਡਾ. ਮਾਲਤੀ ਥਾਪਰ ਤੇ ਉਨ੍ਹਾਂ ਦੇ ਪਤੀ ਡਾ. ਪਵਨ ਥਾਪਰ ਨੇ ਕਿਹਾ ਕਿ ਨਰਸਿੰਗ ਕਾਲਜ ਨਾਲ ਡਾ. ਸ਼ਾਂਤੀ ਦੇਵੀ ਹਸਪਤਾਲ ਨੂੰ ਉਨ੍ਹਾਂ 2019 ਵਿੱਚ 18 ਸਾਲਾਂ ਲਈ ਮੋਗਾ ਮੈਡੀਸਿਟੀ ਲਿਮਟਿਡ ਕੰਪਨੀ ਨੂੰ ਲੀਜ਼ 'ਤੇ ਦਿੱਤਾ ਸੀ ਅਤੇ ਉਦੋਂ ਜੋ ਇਕਰਾਰਨਾਮਾ ਹੋਇਆ ਸੀ, ਉਸ 'ਚ ਇਹ ਤੈਅ ਸੀ ਕਿ ਉਨ੍ਹਾਂ ਦੇ ਹਸਪਤਾਲ ਨੂੰ ਨਾ ਤਾਂ ਅੱਗੇ ਵੇਚਿਆ ਜਾ ਸਕਦਾ ਹੈ ਤੇ ਨਾ ਹੀ ਇਸ 'ਚ ਕੋਈ ਹੋਰ ਪਾਟਨਰ ਜਾਂ ਸ਼ਾਮਲ ਕੀਤਾ ਜਾ ਸਕਦਾ ਹੈ, ਪਰ ਮੈਡੀਸਿਟੀ ਦੇ ਪ੍ਰਬੰਧਕਾਂ ਨੇ ਹੁਣ ਇਸ ਨੂੰ ਅੱਗੇ ਵੇਚ ਦਿੱਤਾ ਹੈ ਅਤੇ ਸਾਡੀ ਨਾਲ ਦੀ ਜਗ੍ਹਾ, ਜਿਸ 'ਚ ਡਾ. ਸ਼ਾਮ ਲਾਲ ਥਾਪਰ ਨਰਸਿੰਗ ਹਸਪਤਾਲ ਚਲਦਾ ਹੈ, ਉਸ 'ਤੇ ਵੀ ਕਬਜ਼ਾ ਕੀਤਾ ਜਾ ਰਿਹਾ ਹੈ, ਜੋ ਕਿਸੇ ਵੀ ਤਰ੍ਹਾਂ ਠੀਕ ਨਹੀਂ ਹੈ।ਉਨ੍ਹਾਂ ਕਿਹਾ ਕਿ ਹਸਪਤਾਲ ਸਬੰਧੀ ਤਾਂ ਭਾਵੇਂ ਮਾਣਯੋਗ ਕੋਰਟ 'ਚ ਕੇਸ ਚਲਦਾ ਹੈ ਤੇ ਜੋ ਵੀ ਮਾਣਯੋਗ ਕੋਰਟ ਦਾ ਫੈਸਲਾ ਹੋਵੇਗਾ, ਉਹ ਠੀਕ ਹੋਵੇਗਾ, ਪਰ ਕਿਹੜੇ ਹਾਲਾਤਾਂ 'ਚ ਨਰਸਿੰਗ ਕਾਲਜ 'ਤੇ ਕਬਜ਼ਾ ਕੀਤਾ ਜਾ ਰਿਹਾ ਹੈ, ਇਸ ਸਬੰਧੀ ਉਹ ਇਨਸਾਫ਼ ਲੈ ਕੇ ਹਟਣਗੇ।ਦੂਜੇ ਪਾਸੇ ਡੀ. ਐੱਸ. ਪੀ. ਧਰਮਕੋਟ ਰਾਜੇਸ਼ ਠਾਕੁਰ ਤੇ ਥਾਣਾ ਮਹਿਣਾ ਦੇ ਪੁਲਸ ਅਧਿਕਾਰੀਆਂ ਵੱਲੋਂ ਮੌਕੇ 'ਤੇ ਪੁੱਜ ਕੇ ਮਾਮਲੇ ਦੀ ਪੜਤਾਲ ਕੀਤੀ ਗਈ।ਪੁਲਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਜਾਂਚ ਮੁਕੰਮਲ ਹੋਣ ਮਗਰੋਂ ਅਗਲੇਰੀ ਕਾਰਵਾਈ ਕੀਤੀ ਜਾਵੇਗੀ।ਉੱਥੇ ਹੀ ਡਾਕਟਰ ਮਾਲਤੀ ਥਾਪਰ ਵੱਲੋਂ ਦੋਸ਼ ਲਾਇਆ ਗਿਆ ਕਿ ਹਸਪਤਾਲ ਦੀ ਥਾਂ 'ਤੇ ਜੋ ਨਕਸ਼ੇ 'ਚ ਉਸ ਤੋਂ ਵੱਧ ਇਮਾਰਤ ਬਣਾਈ ਗਈ ਹੈ, ਜਿਸ ਸਬੰਧੀ ਨਗਰ ਨਿਗਮ ਮੋਗਾ ਨੂੰ ਸ਼ਿਕਾਇਤ ਪੱਤਰ ਦਿੱਤਾ ਹੈ, ਪਰ ਕੋਈ ਕਾਰਵਾਈ ਨਹੀਂ ਹੋ ਰਹੀ ਹੈ। ਜਦੋਂ ਇਸ ਮਾਮਲੇ ਸੰਬੰਧੀ ਮੋਗਾ ਮੈਡੀਸਿਟੀ ਹਸਪਤਾਲ ਦੇ ਮਾਲਕ ਤੇ ਪ੍ਰਬੰਧਕ ਡਾਕਟਰ ਅਜਮੇਰ ਕਾਲੜਾ ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਸਮੁੱਚੇ ਦੋਸ਼ਾਂ ਨੂੰ ਨਕਾਰਦੇ ਹੋਏ ਕਿਹਾ ਕਿ ਸਾਰੇ ਦੋਸ਼ ਬੇਬੁਨਿਆਦ ਹਨ ਤੇ ਇਸ ਸਬੰਧੀ ਪਹਿਲਾਂ ਹੀ ਮਾਣਯੋਗ ਕੋਰਟ 'ਚ ਕੇਸ ਚਲਦਾ ਹੈ।ਉਨ੍ਹਾਂ ਕਿਹਾ ਕਿ ਕੋਰਟ ਦੇ ਹੁਕਮਾਂ 'ਤੇ 31 ਮਈ 2024 ਤੱਕ ਲੀਜ਼ ਦਾ ਬਣਦਾ ਸਾਰਾ ਕਿਰਾਇਆ ਦਿੱਤਾ ਗਿਆ ਹੈ। ਜੋ ਹਸਪਤਾਲ 'ਚ ਕਬਜ਼ੇ ਦੇ ਦੋਸ਼ ਲਾਏ ਗਏ ਹਨ, ਉਨ੍ਹਾਂ 'ਚ ਕੋਈ ਸੱਚਾਈ ਨਹੀਂ, ਜਦੋਂਕਿ ਹਸਪਤਾਲ ਦਾ ਰੈਪ ਤੋੜਨ ਦੀ ਕੋਸ਼ਿਸ਼ ਕੀਤੀ ਗਈ ਹੈ, ਜਿਸ ਸਬੰਧੀ ਮੇਰੇ ਵੱਲੋਂ ਥਾਣਾ ਮਹਿਣਾ ਵਿਖੇ ਇੱਕ ਸ਼ਿਕਾਇਤ ਪੱਤਰ ਵੀ ਦਿੱਤਾ ਗਿਆ ਹੈ।ਉਨ੍ਹਾਂ ਕਿਹਾ ਕਿ ਮੈਡੀਸਿਟੀ ਹਸਪਤਾਲ ਚਲਾ ਰਹੀ ਕੰਪਨੀ ਨੇ ਹਸਪਤਾਲ ਨੂੰ ਵੇਚਿਆ ਨਹੀਂ, ਬਲਕਿ ਡਾਇਰੈਕਟਰ ਬਦਲੇ ਹਨ, ਜਿਸ ਸਬੰਧੀ ਅਧਿਕਾਰ ਮੇਰੇ ਪਾਸ ਹਨ। ਉਨ੍ਹਾਂ ਕਿਹਾ ਕਿ ਉਲਟਾ ਸਾਡੇ ਮਹਿਲਾ ਮੁਲਾਜ਼ਮਾਂ ਨਾਲ ਦੁਰਵਿਹਾਰ ਹੋਇਆ ਹੈ, ਜਿਸ ਦੀ ਸੂਚਨਾ ਉਨ੍ਹਾਂ ਵੱਲੋਂ ਪੁਲਸ ਨੂੰ ਦਿੱਤੀ ਗਈ ਹੈ।

# 16 ਦੀ ਸੂਬਾ ਪੱਧਰੀ ਰੈਲੀ ਦੇ ਪ੍ਰਬੰਧਾਂ ਸੰਬੰਧੀ ਅਹਿਮ ਮੀਟਿੰਗ

## ਮੁੱਖ ਮੰਤਰੀ ਦੇ ਧੂਰੀ ਸਥਿਤ ਦਫ਼ਤਰ ਰਾਹੀਂ ਦਿੱਤਾ ਰੈਲੀ ਦਾ ਨੋਟਿਸ



**ਧੂਰੀ (ਸੁਖਦੇਵ ਧੂਰੀ)**-ਪੰਜਾਬ ਦੇ ਮੁਲਾਜ਼ਮਾਂ, ਪੈਨਸ਼ਨਰਾਂ ਤੇ ਮਾਣਭੱਤਾ ਵਰਕਰਾਂ ਦੀਆਂ ਮੰਗਾਂ ਨੂੰ ਲਗਾਤਾਰ ਨਜ਼ਰਅੰਦਾਜ਼ ਕੀਤੇ ਜਾਣ ਦੇ ਰੋਸ ਵਜੋਂ 'ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ' ਵੱਲੋਂ 16 ਨਵੰਬਰ ਨੂੰ ਕੀਤੀ ਜਾ ਰਹੀ ਸੂਬਾ ਪੱਧਰੀ ਰੈਲੀ ਦੀਆਂ ਤਿਆਰੀਆਂ ਸੰਬੰਧੀ ਸਥਾਨਕ ਖੁਰਾਕ ਤੇ ਸਪਲਾਈਜ਼ ਦਫ਼ਤਰ ਧੂਰੀ ਵਿਖੇ ਸਾਂਝੇ ਫਰੰਟ ਦੇ ਕਨਵੀਨਰਾਂ ਰਣਜੀਤ ਸਿੰਘ ਰਾਣਵਾਂ, ਸਤੀਸ਼ ਰਾਣਾ, ਧਨਵੰਤ ਸਿੰਘ ਭੱਠਲ, ਰਾਜ ਕੁਮਾਰ ਅਰੋੜਾ, ਅਬਿਨਾਸ਼ ਸ਼ਰਮਾ, ਜਗਦੀਸ਼ ਸ਼ਰਮਾ, ਸੁਖਦੇਵ ਸ਼ਰਮਾ ਧੂਰੀ, ਸੁਖਦੇਵ ਸ਼ਰਮਾ (ਏਟਕ), ਗੁਚਰਨ ਸਿੰਘ ਅਕੋਈ, ਸੀਤਾ ਰਾਮ ਸ਼ਰਮਾ, ਰਜਿੰਦਰ ਅਕੋਈ, ਸੁਖਦੇਵ ਸਿੰਘ ਚੰਗਾਲੀਵਾਲਾ, ਬਿੱਕਰ ਸਿੰਘ ਸਿਬੀਆ, ਜਸਵਿੰਦਰ ਸਿੰਘ ਮੂਲੋਵਾਲ, ਰਾਣੋ ਖੇੜੀ ਜੱਟਾਂ ਸੂਬਾ ਪ੍ਰਧਾਨ ਆਸ਼ਾ ਵਰਕਰ ਤੇ ਫੈਸਿਲੀਟੇਟਰ ਯੂਨੀਅਨ, ਸੀਤਾ ਰਾਮ (ਬਿਜਲੀ) ਆਦਿ ਦੀ ਅਗਵਾਈ ਵਿੱਚ ਮੀਟਿੰਗ ਕੀਤੀ ਗਈ ਅਤੇ ਮੁੱਖ ਮੰਤਰੀ ਦੇ ਨਾਂਅ ਮੁੱਖ ਮੰਤਰੀ ਦਫਤਰ ਵੱਲੋਂ ਦਫਤਰ ਇੰਚਾਰਜ ਤੇ ਚੇਅਰਮੈਨ ਮਾਰਕੀਟ ਕਮੇਟੀ ਰਾਜਵੰਤ ਸਿੰਘ ਘੁੱਲੀ ਰਾਹੀਂ ਰੈਲੀ ਦਾ ਨੋਟਿਸ/ਮੰਗ ਪੱਤਰ ਭੇਜਿਆ ਗਿਆ।ਮੀਟਿੰਗ ਤੋਂ ਬਾਅਦ ਪ੍ਰੈੱਸ ਦੇ ਨਾਮ ਬਿਆਨ ਜਾਰੀ ਕਰਦਿਆਂ ਸਾਂਝੇ ਫਰੰਟ ਦੇ ਆਗੂਆਂ ਨੇ ਆਖਿਆ ਕਿ ਪੰਜਾਬ ਸਰਕਾਰ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਕੇਂਦਰ ਤੇ ਗਵਾਂਢੀ ਸੂਬਿਆਂ ਦੀਆਂ ਸਰਕਾਰਾਂ ਨਾਲੋਂ 16% ਮਹਿੰਗਾਈ ਭੱਤਾ ਘੱਟ ਦੇ ਰਹੀ ਹੈ।ਇਸੇ ਤਰ੍ਹਾਂ ਪੈਨਸ਼ਨਰਾਂ 'ਤੇ 2.59 ਦਾ ਗੁਣਾਂਕ ਲਾਗੂ ਕਰਨ, ਆਪਣੀ ਸਰਕਾਰ ਦੁਆਰਾ ਪੁਰਾਣੀ ਪੈਨਸ਼ਨ ਦੇਣ ਸੰਬੰਧੀ ਜਾਰੀ ਕੀਤੇ ਨੋਟੀਫਿਕੇਸ਼ਨ ਨੂੰ ਲਾਗੂ ਕਰਨ, ਮਾਣ ਭੱਤਾ ਵਰਕਰਾਂ 'ਤੇ ਘੱਟੋ-ਘੱਟ ਉਜ਼ਰਤਾਂ ਕਾਨੂੰਨ ਲਾਗੂ ਕਰਨ, ਕੱਚੇ, ਆਊਟਸੋਰਸ, ਇਨਲਿਸਟਡ ਤੇ ਵੱਖ-ਵੱਖ ਸੁਸਾਇਟੀਆਂ ਵਿੱਚ ਕੰਮ ਕਰਦੇ ਮੁਲਾਜ਼ਮਾਂ ਨੂੰ ਪੱਕਾ ਕਰਨ, ਮਹਿੰਗਾਈ ਭੱਤੇ ਤੇ ਛੇਵੇਂ ਤਨਖਾਹ ਕਮਿਸ਼ਨ ਤਹਿਤ ਬਣਦੇ ਬਕਾਏ ਜਾਰੀ ਕਰਨ ਸਮੇਤ ਸਾਂਝੇ ਫਰੰਟ ਦੀਆਂ ਹੋਰ ਮੰਗਾਂ ਪੂਰੀਆਂ ਕਰਨ ਤੋਂ ਲੱਗਭੱਗ ਇਨਕਾਰੀ ਹੋ ਚੁੱਕੀ ਹੈ, ਜਦੋਂਕਿ ਸੱਤਾ ਵਿੱਚ ਆਉਣ ਤੋਂ ਪਹਿਲਾਂ ਆਮ ਆਦਮੀ ਪਾਰਟੀ ਵੱਲੋਂ ਮੁਲਾਜ਼ਮਾਂ, ਪੈਨਸ਼ਨਰਾਂ ਤੇ ਮਾਣਭੱਤਾ ਵਰਕਰਾਂ ਨੂੰ ਅਨੇਕਾਂ ਕਿਸਮ ਦੀਆਂ ਗਰੰਟੀਆਂ ਦਿੱਤੀਆਂ ਗਈਆਂ ਸਨ।

ਸਾਂਝੇ ਫਰੰਟ ਦੇ ਆਗੂਆਂ ਨੇ ਆਖਿਆ ਕਿ 16 ਨਵੰਬਰ ਨੂੰ ਪੰਜਾਬ ਦੇ ਕੋਨੇ ਕੋਨੇ ਵਿੱਚੋਂ ਹਜ਼ਾਰਾਂ ਮੁਲਾਜ਼ਮ, ਪੈਨਸ਼ਨਰ ਤੇ ਮਾਣਭੱਤਾ ਵਰਕਰ ਮੁੱਖ ਮੰਤਰੀ ਦੇ ਹਲਕੇ ਧੂਰੀ ਵਿੱਚ ਕੀਤੀ ਜਾਣ ਵਾਲੀ ਰੈਲੀ ਵਿੱਚ ਪੁੱਜ ਕੇ ਪੰਜਾਬ ਸਰਕਾਰ ਦੀਆਂ ਨੀਤੀਆਂ ਦੀ ਪੋਲ ਖੋਲ੍ਹਣਗੇ।ਇਸ ਮੌਕੇ ਆਰ ਐੱਲ ਪਾਂਧੀ, ਹੰਸ ਰਾਜ ਦੀਦਾਰਗੜ੍ਹ, ਕੁਲਵੰਤ ਸਿੰਘ, ਸਰਬਜੀਤ ਸਿੰਘ, ਮਾਲਵਿੰਦਰ ਸਿੰਘ, ਬੱਬਨ ਪਾਲ ਸੰਗਰੂਰ, ਪਿਆਰਾ ਲਾਲ, ਜੈ ਦੇਵ ਸ਼ਰਮਾ ਆਦਿ ਆਗੂ ਹਾਜ਼ਰ ਸਨ।

# ਡਾ. ਸਰਬਜੀਤ ਕੌਰ ਬਰਾੜ ਦਾ ਪਲੇਠਾ ਗ਼ਜ਼ਲ/ਕਾਵਿ ਸੰਗ੍ਰਹਿ 'ਤੂੰ ਆਵੀਂ' ਲੋਕ ਅਰਪਣ



**ਮੋਗਾ (ਇਕਬਾਲ ਸਿੰਘ ਖਹਿਰਾ)**-ਸਿਰਜਣਾ ਤੇ ਸੰਵਾਦ ਸਾਹਿਤ ਸਭਾ ਮੋਗਾ ਵੱਲੋਂ ਸਰਬ ਕਲਾ ਭਰਪੂਰ ਸਮਾਜ ਸੇਵਾ ਸੁਸਾਇਟੀ ਪੰਜਾਬ ਦੇ ਸਹਿਯੋਗ ਨਾਲ ਡਾ. ਸਰਬਜੀਤ ਕੌਰ ਬਰਾੜ ਦੇ ਪਲੇਠੇ ਗ਼ਜ਼ਲ-ਕਾਵਿ-ਸੰਗ੍ਰਹਿ 'ਤੂੰ ਆਵੀਂ' ਦਾ ਲੋਕ ਅਰਪਣ ਸਮਾਗਮ ਯਾਦਗਾਰੀ ਹੋ ਨਿੱਬੜਿਆ।ਇਹ ਸਮਾਗਮ ਸੰਤੋਸ਼ ਸੇਠੀ ਹਾਲ ਸ਼ਹੀਦੀ ਪਾਰਕ ਮੋਗਾ ਵਿਖੇ ਅਰੰਭ ਹੋਇਆ ਅਤੇ ਦੇਰ ਸ਼ਾਮ ਤੱਕ ਪੂਰੇ ਸਲੀਕੇ ਤੇ ਅਨੁਸ਼ਾਸਨਬੱਧ ਢੰਗ ਨਾਲ ਨਿਰਵਿਘਨ ਚਲਦਾ ਰਿਹਾ।ਮੁੱਖ ਬੁਲਾਰੇ ਵਜੋਂ ਪ੍ਰੋ. ਨਿੰਦਰ ਘੁਗਿਆਣਵੀ ਨੇ 'ਤੂੰ ਆਵੀਂ' ਕਿਤਾਬ ਦੇ ਹਵਾਲੇ ਨਾਲ ਡਾ. ਸਰਬਜੀਤ ਕੌਰ ਬਰਾੜ ਨੂੰ ਹਿੰਮਤ, ਸਿਰੜ, ਸੰਜੀਦਗੀ ਤੇ ਸਿੱਦਕ ਨਾਲ ਲਿਖਦੇ ਰਹਿਣ ਲਈ ਆਸ਼ੀਰਵਾਦ ਦਿੱਤਾ।

ਕਹਾਣੀਕਾਰ ਜਸਵੀਰ ਰਾਣਾ ਨੇ ਕਿਹਾ ਕਿ 'ਤੂੰ ਆਵੀਂ' ਇੱਕ ਕਿਤਾਬ ਹੀ ਨਹੀਂ, ਸਗੋਂ ਇੱਕ ਸੰਪੂਰਣ ਥੈਰੇਪੀ ਹੈ, ਜੋ ਮਾਨਸਿਕ ਤੌਰ 'ਤੇ ਪਾਠਕਾਂ ਨੂੰ ਮਜ਼ਬੂਤ ਬਣਾਏਗੀ ਤੇ ਬੀਮਾਰੀਆਂ ਦਾ ਇਲਾਜ ਕਰੇਗੀ।ਮੁੱਖ ਮਹਿਮਾਨ ਜਸਟਿਸ ਮਹਿਤਾਬ ਸਿੰਘ ਗਿੱਲ ਐਕਟਿੰਗ ਚੀਫ ਜਸਟਿਸ ਪੰਜਾਬ ਤੇ ਹਰਿਆਣਾ ਹਾਈ ਕੋਰਟ (ਰਿਟਾ.) ਨੇ ਬਹੁਤ ਹੀ ਸਹਿਜ ਲਹਿਜੇ ਵਿੱਚ ਸੰਬੋਧਨ ਕਰਦਿਆਂ ਕਿਹਾ ਕਿ ਕਵੀ ਦੇ ਖ਼ਿਆਲ ਦਿਲੋਂ ਨਿਕਲਦੇ ਹਨ ਤੇ ਅੱਖਰਾਂ ਵਿੱਚ ਤਬਦੀਲ ਹੋ ਕੇ ਸਮਾਜ ਨੂੰ ਰਸਤਾ ਦਿਖਾਉਣ ਦਾ ਕੰਮ ਕਰਦੇ ਹਨ। ਉਨ੍ਹਾਂ ਕਿਹਾ ਕਿ ਕਵੀ ਬਹੁਤ ਹੀ ਡੂੰਘੇ ਵਿਚਾਰਾਂ ਵਾਲੇ ਹੁੰਦੇ ਹਨ।ਜੱਜ ਸਾਹਿਬ ਨੇ ਡਾਕਟਰ ਸਰਬਜੀਤ ਦੇ ਵੱਡ ਵਡੇਰੇ ਸ੍ਰ. ਦਲੀਪ ਸਿੰਘ ਬਾਰੇ ਦੱਸਿਆ ਕਿ ਉਨ੍ਹਾਂ ਵਰਗੇ ਨੇਕ ਤੇ ਸੂਝਵਾਨ ਇਨਸਾਨ ਸਦੀਆਂ ਬਾਅਦ ਹੀ ਪੈਦਾ ਹੁੰਦੇ ਹਨ।

ਮਾਲਵਿਕਾ ਸੂਦ ਸੱਚਰ ਹਲਕਾ ਇੰਚਾਰਜ ਕਾਂਗਰਸ ਨੇ ਆਪਣੇ ਭਾਸ਼ਣ ਦੌਰਾਨ ਵਧਾਈ ਦਿੰਦੇ ਹੋਏ ਕਿਹਾ ਕਿ ਇਸ ਸਮਾਗਮ ਦਾ ਹਿੱਸਾ ਬਣਨਾ ਉਨ੍ਹਾਂ ਲਈ ਫ਼ਖ਼ਰ ਵਾਲੀ ਗੱਲ ਹੈ।ਸਾਹਿਤਕਾਰ ਕੇ ਐੱਲ ਗਰਗ ਨੇ ਕਿਹਾ ਕਿ ਮੋਗਾ ਸ਼ਹਿਰ ਨੂੰ ਇੱਕ ਉੱਭਰਦੀ ਗ਼ਜ਼ਲਗੋ ਮਿਲ ਚੁੱਕੀ ਹੈ, ਜੋ ਬਹੁਤ ਹੀ ਮਾਣ ਵਾਲੀ ਗੱਲ ਹੈ।ਗੀਤਕਾਰ ਤੇ ਗਾਇਕ ਬਲਧੀਰ ਮਾਹਲਾ ਨੇ ਆਪਣੇ ਨਵੇਂ ਗੀਤ ਨਾਲ ਹਾਜ਼ਰੀ ਲਗਵਾਈ ਤੇ 'ਤੂੰ ਆਵੀਂ' ਲਈ ਸ਼ੁਭ-ਕਾਮਨਾਵਾਂ ਦਿੱਤੀਆਂ।ਡਾ. ਸੁਰਜੀਤ ਬਰਾੜ ਨੇ ਕਿਹਾ ਕਿ ਇਹ ਕਿਤਾਬ ਪਾਠਕਾਂ 'ਚ ਗਿਆਨ ਦੀ ਚਿਣਗ ਪੈਦਾ ਕਰੇਗੀ ਤੇ ਮਨੁੱਖ ਨੂੰ ਆਪਣਾ ਸਹੀ ਫਰਜ਼ ਨਿਭਾਉਣ ਲਈ ਪ੍ਰੇਰਿਤ ਕਰੇਗੀ। ਸਾਹਿਤਕਾਰ ਗੁਰਮੇਲ ਸਿੰਘ ਬੌਡੇ ਨੇ 'ਤੂੰ ਆਵੀਂ' ਕਿਤਾਬ ਦੀ ਤੁਲਨਾ ਮਸ਼ਹੂਰ ਲੇਖਕ ਸੋਹਣ ਸਿੰਘ ਸੀਤਲ ਤੇ ਕ੍ਰਾਂਤੀਕਾਰੀ ਕਵੀ ਸੰਤ ਰਾਮ ਉਦਾਸੀ ਦੀਆਂ ਲਿਖਤਾਂ ਨਾਲ ਕਰਦਿਆਂ ਕਿਹਾ ਕਿ ਹਰ ਰਚਨਾ ਸਮਾਜ ਨੂੰ ਜੀਵਨ ਜਾਚ ਸਿਖਾਉਣ ਦੀ ਹੈਸੀਅਤ ਰੱਖਦੀ ਹੈ।ਨਾਵਲਕਾਰ ਬਲਦੇਵ ਸਿੰਘ ਸੜਕਨਾਮਾ ਨੇ ਕਿਤਾਬ ਦੀਆਂ ਰਚਨਾਵਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਕਿਤਾਬ ਹਰ ਇੱਕ ਨੂੰ ਪੜ੍ਹਨੀ ਚਾਹੀਦੀ ਹੈ ਤੇ ਸ਼ਾਇਰਾ ਦੀ ਚੇਤੰਨ ਬੁੱਧੀ ਤੋਂ ਸੇਧ ਲੈਣੀ ਚਾਹੀਦੀ ਹੈ।ਕੈਪਟਨ ਜਸਵੰਤ ਸਿੰਘ ਪੰਡੋਰੀ ਅਧਿਆਪਕ ਤੇ ਗੁਰਕਮਲ ਸਿੰਘ ਨੇ ਤੂੰ ਆਵੀਂ ਗੀਤ ਨੂੰ ਬਹੁਤ ਹੀ ਮਧੁਰ ਸੰਗੀਤ ਵਿੱਚ ਗਾਇਨ ਕਰਕੇ ਸਰੋਤਿਆਂ ਨੂੰ ਝੂਮਣ ਲਾ ਦਿੱਤਾ।ਇਸ ਸਮਾਗਮ ਦੀ ਖਾਸੀਅਤ ਰਹੀ ਕਿ ਜਿੱਥੇ ਉੱਭਰਦੇ ਲੇਖਕ ਸਤਕਾਰ ਸਿੰਘ ਨੇ ਕਵਿਤਾ ਨਾਲ ਹਾਜ਼ਰੀ ਲਗਵਾ ਕੇ ਸਰੋਤਿਆਂ ਦਾ ਦਿਲ ਜਿੱਤਿਆ, ਉੱਥੇ ਹੀ 1965 ਭਾਰਤ ਪਾਕਿਸਤਾਨ ਯੁੱਧ ਦੇ ਜੰਗੀ ਯੋਧੇ ਨਾਇਕ ਦਰਸ਼ਨ ਸਿੰਘ ਨੇ ਡਾਕਟਰ ਸਰਬਜੀਤ ਨੂੰ ਸ਼ੁੱਭ-ਕਾਮਨਾਵਾਂ ਦਿੱਤੀਆਂ। ਡਾਕਟਰ ਸਰਬਜੀਤ ਕੌਰ ਬਰਾੜ ਨੇ ਹੱਥਾਂ ਦੇ ਅੱਟਣ ਤੇ ਪਗਡੰਡੀਆਂ ਕਵਿਤਾ ਨੂੰ ਤਰੰਨੁਮ ਵਿੱਚ ਪੇਸ਼ ਕਰਕੇ ਸਰੋਤਿਆਂ ਨੂੰ ਕੀਲ ਦਿੱਤਾ ਤੇ ਸਮਾਗਮ ਵਿੱਚ ਪਹੁੰਚਣ ਲਈ ਪਾਠਕਾਂ ਦਾ ਦਿਲੋਂ ਧੰਨਵਾਦ ਕੀਤਾ।

ਮੈਂ, ਬਲਵਿੰਦਰ ਸਿੰਘ ਪੁੱਤਰ ਹਰਜੀਤ ਸਿੰਘ ਵਾਸੀ ਪਿੰਡ ਸੋਹੀਆਂ, ਡਾਕ. ਕੁਰਾਲਾ ਕਲਾਂ, ਤਹਿ. ਟਾਂਡਾ, ਜ਼ਿਲ੍ਹਾ ਹੁਸ਼ਿਆਰਪੁਰ ਸੂਚਿਤ ਕਰਦਾ ਹਾਂ ਕਿ ਮੇਰਾ ਬੇਟਾ ਕਰਮਜੀਤ ਸਿੰਘ ਅਤੇ ਇਸ ਦੀ ਪਤਨੀ ਨਵਦੀਪ ਕੌਰ ਇਹ ਦੋਨੋਂ ਮੇਰੇ ਕਹਿਣੇ ਤੋਂ ਬਾਹਰ ਹਨ, ਜਿਸ ਕਰਕੇ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ, ਸੰਬੰਧ ਰੱਖਣ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਸਿਮਰਨਜੀਤ ਸਿੰਘ ਪੁੱਤਰ ਇੰਦਰਜੀਤ ਸਿੰਘ, ਵਾਸੀ ਵੇਰਕਾ ਫਤਹਿਗੜ੍ਹ ਸ਼ੁਕਰਚੱਕ, ਤਹਿਸੀਲ ਵਾ ਜ਼ਿਲ੍ਹਾ ਅੰਮ੍ਰਿਤਸਰ, ਪੰਜਾਬ-143501 ਬਿਆਨ ਕਰਦਾ ਹਾਂ ਕਿ ਮੇਰੀ ਭੈਣ ਹਰਪ੍ਰੀਤ ਕੌਰ, ਜੋ ਮੇਰੇ ਅਤੇ ਮੇਰੇ ਪਰਵਾਰ ਦੇ ਕਹਿਣੇ ਤੋਂ ਬਾਹਰ ਹੈ ਅਤੇ ਇਸ ਨੇ ਆਪਣੀ ਮਰਜ਼ੀ ਨਾਲ ਬਿਨਾਂ ਤਲਾਕ ਲਿਆਂ ਨਰਿੰਦਰ ਸਿੰਘ ਵਾਸੀ ਬਠਿੰਡਾ ਨਾਲ ਵਿਆਹ ਕਰਵਾ ਲਿਆ ਹੈ। ਮੈਂ ਅਤੇ ਮੇਰਾ ਪਰਵਾਰ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੇ ਹਾਂ। ਇਸ ਨਾਲ ਸਾਡਾ ਕੋਈ ਰਿਸ਼ਤਾ-ਨਾਤਾ ਨਹੀਂ ਹੈ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਅਸੀਂ, ਸਰਬਜੀਤ ਕੌਰ ਪਤਨੀ ਜਗੀਰ ਸਿੰਘ, ਗੁਰਬੀਰ ਸਿੰਘ ਲੜਕਾ, ਵਾਸੀ ਪਿੰਡ ਧੌਲ ਕਲਾਂ, ਜ਼ਿਲ੍ਹਾ ਅੰਮ੍ਰਿਤਸਰ ਦੇ ਵਸਨੀਕ ਹਾਂ। ਇਹ ਹੈ ਕਿ ਮੇਰਾ ਪਤੀ ਕੁਲਬੀ ਜਾਗੀਰ ਸਿੰਘ ਅਤੇ ਲੜਕਾ ਰਵਿੰਦਰ ਸਿੰਘ ਸਾਡੇ ਕਹਿਣੇ ਤੋਂ ਬਾਹਰ ਹਨ ਤੇ ਮੈਨੂੰ ਤੰਗ-ਪ੍ਰੇਸ਼ਾਨ ਕਰਦਿਆਂ ਲਿਵਿੰਗ ਰਿਲੇਸ਼ਨ ਵਿਚ ਹਨ। ਕਈ ਵਾਰ ਰਿਸ਼ਤੇਦਾਰ ਅਤੇ ਮੋਹਤਬਰਾਂ ਵੱਲੋਂ ਦੋਵਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ, ਪਰ ਸਾਡੀ ਕੋਈ ਵੀ ਗੱਲ ਨਹੀਂ ਮੰਨੀ। ਇਸ ਅਸੀਂ ਸਰਬਜੀਤ ਕੌਰ ਪਤਨੀ ਜਗੀਰ ਸਿੰਘ ਬੇਟਾ ਗੁਰਬੀਰ ਸਿੰਘ ਵੱਲੋਂ ਜਾਗੀਰ ਸਿੰਘ ਰਵਿੰਦਰ ਸਿੰਘ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਬਿਮਲਾ ਵਿਧਵਾ ਗਿਆਨ ਚੰਦ, ਵਾਸੀ ਮਕਾਨ ਨੰ: 427/11, ਟੈਗੋਰ ਨਗਰ, ਜ਼ਿਲ੍ਹਾ ਜਲੰਧਰ, ਪੰਜਾਬ-144002 ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਚੇਤਨ ਚੌਹਾਨ ਅਤੇ ਉਸ ਦੀ ਪਤਨੀ ਸੰਗੀਤਾ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਮੇਰੇ ਨਾਲ ਲੜਾਈ-ਝਗੜਾ ਕਰਦੇ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਸਵਰਨ ਸਿੰਘ ਪੁੱਤਰ ਦਲੀਪ ਸਿੰਘ, ਵਾਸੀ 3504/15, ਗਲੀ ਨੰ: 5, ਮਹਿਤਾ ਰੋਡ, ਅੰਮ੍ਰਿਤਸਰ, ਪੰਜਾਬ-143001 ਬਿਆਨ ਕਰਦਾ ਹਾਂ ਕਿ ਮੇਰਾ ਪੁੱਤਰ ਕੁਲਬੀਰ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ ਤੇ ਮੇਰੇ ਨਾਲ ਲੜਾਈ-ਝਗੜਾ ਕਰਦਾ ਹਾਂ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਮੇਰਾ ਤੇ ਮੇਰੇ ਪਰਵਾਰ ਦਾ ਇਸ ਨਾਲ ਕੋਈ ਤਲਕ-ਵਾਸਤਾ ਨਹੀਂ ਹੈ।

ਮੈਂ, ਪ੍ਰਕਾਸ਼ੋ ਪਤਨੀ ਗਿਰਧਾਰੀ ਲਾਲ, ਵਾਸੀ 363, ਰਣਜੀਤਪੁਰਾ, ਭੱਠਾ ਹਵੇਲੀ ਸ਼ਾਹ, ਛੇਹਰਟਾ, ਤਹਿਸੀਲ ਵਾ ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਗੋਪੀ ਮੇਰੇ ਕਹਿਣੇ ਤੋਂ ਬਾਹਰ ਹੈ ਤੇ ਆਪਣੀ ਮਨਮਰਜ਼ੀ ਕਰਦਾ ਹਾਂ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਮੇਰਾ ਤੇ ਮੇਰੇ ਪਰਵਾਰ ਦਾ ਇਸ ਨਾਲ ਕੋਈ ਤਲਕ-ਵਾਸਤਾ ਨਹੀਂ ਹੈ।

ਅਸੀਂ ਚਮਨ ਲਾਲ ਪੁੱਤਰ ਬਖਸ਼ੀ ਰਾਮ ਵਾ ਬਲਵੀਰ ਕੌਰ ਪਤਨੀ ਚਮਨ ਲਾਲ ਵਾਸੀਆਨ ਪਿੰਡ ਐਮਾ ਮੁਗਲਾ, ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ, ਪੰਜਾਬ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਸਤਨਾਮ ਸਿੰਘ ਅਤੇ ਸਾਡੀ ਨੂੰਹ ਰਜਨੀ ਦੋਵੇਂ ਸਾਡੇ ਕਹਿਣੇ ਤੋਂ ਬਾਹਰ ਹਨ। ਇਸ ਲਈ ਅਸੀਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਅਮਨਦੀਪ ਸਿੰਘ ਪੁੱਤਰ ਬਲਕਾਰ ਸਿੰਘ ਵਾਸੀ ਮਕਾਨ ਨੰਬਰ 56, ਘੋਗਾ, ਜ਼ਿਲ੍ਹਾ ਗੁਰਦਾਸਪੁਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਗੁਰਨੂਰ ਸਿੰਘ ਵਾ ਮੇਰੀ ਨੂੰਹ ਜੈਸਮੀਨ ਕੋਰ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜੀ ਕਰਦੇ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਜਾਂ ਮੇਰੇ ਪਰਿਵਾਰ ਦਾ ਇਨ੍ਹਾਂ ਨਾਲ ਕੋਈ ਤਲਕ ਵਾਸਤਾ ਨਹੀਂ ਰਿਹਾ। ਸੰਬੰਧਿਤ ਨੋਟ ਕਰਨ।

## ਆਮ ਸੂਚਨਾ

ਮੈਂ, ਮੁੰਨੀ ਦੇਵੀ ਪਤਨੀ ਸ਼੍ਰੀ ਅਜੈ ਕੁਮਾਰ ਵਾਸੀ ਗਲੀ ਨੰ: 1, ਕਬੀਰ ਵਿਹਾਰ, ਬਸਤੀ ਬਾਵਾ ਖੇਲ, ਜਲੰਧਰ, ਪੰਜਾਬ ਬਿਆਨ ਕਰਦੀ ਹਾਂ ਕਿ ਮੇਰਾ ਪਤੀ ਅਜੈ ਕੁਮਾਰ ਮੇਰੇ ਕਹਿਣੇ ਤੋਂ ਬਾਹਰ ਹੈ। ਅੱਜ ਤੋਂ ਬਾਅਦ ਮੇਰਾ ਵਾ ਮੇਰੇ ਸੋਹਰਾ ਵਾ ਮੇਰੇ ਪੇਕੇ ਪਰਿਵਾਰਿਕ ਮੈਂਬਰਾਂ ਦਾ ਮੇਰੇ ਪਤੀ ਅਜੈ ਕੁਮਾਰ ਨਾਲ ਕਿਸੇ ਕਿਸਮ ਦਾ ਕੋਈ ਤਲਕ ਵਾਸਤਾ ਵਾ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਮੇਰੇ ਪਤੀ ਅਜੈ ਕੁਮਾਰ ਨਾਲ ਕਿਸੇ ਵੀ ਕਿਸਮ ਦਾ ਲੈਣ ਦੇਣ ਕਰੇਗਾ, ਉਹ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਵਾ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

## ਨਾਂਅ ਦੀ ਬਦਲੀ

ਮੈਂ, ਵਿਸ਼ਾਲ ਕੁਮਾਰ ਰਾਮ ਪੁੱਤਰ ਦਿਨੇਸ਼ ਕੁਮਾਰ ਰਾਮ, ਵਾਸੀ 82 ਮੇਨ ਅਰਬਨ ਅਸਟੇਟ ਫੇਜ਼-1, ਗੋਲਡਨ ਐਵੀਨਿਊ ਫੇਜ਼-2, ਜਲੰਧਰ ਨੇ ਆਪਣਾ ਨਾਂਅ ਬਦਲ ਕੇ ਵਿਸ਼ਾਲ ਤੋਂ ਵਿਸ਼ਾਲ ਕੁਮਾਰ ਰਾਮ ਰੱਖ ਲਿਆ ਹੈ।

ਮੈਂ ਸ਼ਕਤੀ ਕੁਮਾਰ ਪੁੱਤਰ ਰਾਮਪਾਲ ਪਿੰਡ ਨਸੀਰਪੁਰ ਜਾਨੀਆਂ ਤਹਿਸੀਲ ਧਰਮਕੋਟ ਜਿਲਾਂ ਮੋਗਾ ਦਾ ਬਿਆਨ ਕਰਦਾ ਹਾਂ ਕਿ ਮੈਂ ਆਪਣਾ ਨਾਮ ਬਦਲ ਕੇ ਸ਼ਕਤੀਕੁਮਾਰ ਤੋ ਸ਼ਕਤੀ ਕੁਮਾਰ ਰੱਖ ਲਿਆ ਹੈ। ਸ਼ਕਤੀ ਮੇਰਾ ਨਾਮ ਹੈ ਤੇ ਕੁਮਾਰ ਮੇਰਾ ਸਰਨੇਮ ਹੈ। ਸਬੰਧਤ ਨੋਟ ਕਰਨ।

ਮੈਂ ਰਾਜਵਿੰਦਰ ਕੌਰ ਪਤਨੀ ਸ਼ਕਤੀ ਕੁਮਾਰ ਪਿੰਡ ਨਸੀਰਪੁਰ ਜਾਨੀਆਂ ਤਹਿਸੀਲ ਧਰਮਕੋਟ ਜਿਲਾਂ ਮੋਗਾ ਦੀ ਬਿਆਨ ਕਰਦੀ ਹਾਂ ਕਿ ਮੈਂ ਆਪਣਾ ਨਾਮ ਬਦਲ ਕੇ ਰਾਜਵਿੰਦਰਕੌਰ ਤੋ ਰਾਜਵਿੰਦਰ ਕੌਰ ਰੱਖ ਲਿਆ ਹੈ। ਰਾਜਵਿੰਦਰ ਮੇਰਾ ਨਾਮ ਹੈ ਤੇ ਕੌਰ ਮੇਰਾ ਸਰਨੇਮ ਹੈ। ਸਬੰਧਤ ਨੋਟ ਕਰਨ।

ਮੈਂ ਸ਼ਕਤੀ ਕੁਮਾਰ ਪੁੱਤਰ ਰਾਮਪਾਲ ਪਿੰਡ ਨਸੀਰਪੁਰ ਜਾਨੀਆਂ ਤਹਿਸੀਲ ਧਰਮਕੋਟ ਜਿਲਾਂ ਮੋਗਾ ਦਾ ਬਿਆਨ ਕਰਦਾ ਹਾਂ ਕਿ ਮੈਂ ਆਪਣੇ ਪੁੱਤਰ ਦਾ ਨਾਮ ਬਦਲ ਕੇ ਜੈਪਿੰਦਰਬਾਵਾ ਤੋ ਜੈਪਿੰਦਰ ਬਾਵਾ ਰੱਖ ਲਿਆ ਹੈ। ਜੈਪਿੰਦਰ ਮੇਰੇ ਪੁੱਤਰ ਦਾ ਨਾਮ ਹੈ ਤੇ ਬਾਵਾ ਮੇਰੇ ਪੁੱਤਰ ਦਾ ਸਰਨੇਮ ਹੈ। ਸਬੰਧਤ ਨੋਟ ਕਰਨ।

ਮੈਂ ਰਜਤ ਪੁੱਤਰ ਰਾਮ ਪਾਲ ਸਿੰਘ , ਵਾਸੀ ਪਿੰਡ ਨਾਰੰਗਪੁਰ , ਡਾਕਖਾਨਾ ਕਪੂਰ ਪਿੰਡ , ਆਦਮਪੁਰ , ਜਲੰਧਰ ਨੇ ਆਪਣਾ ਨਾਮ ਰਜਤ ਤੋਂ ਬਦਲ ਕੇ ਰਜਤ ਭਾਟੀਆ ਰੱਖ ਲਿਆ ਹੈ।

ਮੈਂ, ਪ੍ਰੀਤੀ ਪਤਨੀ ਮਨਜਿੰਦਰ ਸਿੰਘ ਵਾਸੀ ਪਿੰਡ ਫਤਿਹਪੁਰ, ਕੁਲਾਰ, ਡਾਕਖਾਨਾ ਕੁਲਾਰ, ਜ਼ਿਲ੍ਹਾ ਜਲੰਧਰ, ਪੰਜਾਬ ਨੇ ਆਪਣੀ ਲੜਕੀ ਦਾ ਨਾਮ ਜੈਸਮੀਨ ਤੋਂ ਬਦਲ ਕੇ ਜੈਸਮੀਨ ਕੌਰ ਰੱਖ ਲਿਆ ਹੈ। ਅੱਜ ਤੋਂ ਬਾਅਦ ਮੇਰੀ ਲੜਕੀ ਨੂੰ ਜੈਸਮੀਨ ਕੌਰ ਦੇ ਨਾਮ ਨਾਲ ਜਾਣਿਆ ਜਾਵੇ। (ਰਪੀਟ)

## PUBLIC NOTICE

I, Amardeep Singh S/o Kuldeep Singh, R/o Village Navi Kiri, PO. Bahadurpur Rajoa, Gurdaspur Pin - 143527, Punjab, India declare that my given name as Amardeep and my surname as Singh.

I, Mrs. Apurva W/o Sh. Kulbhushan Sharma R/o 13/91, Gali No. 3, Friends Colony, Majitha Road, Amritsar hereby declare that I have decided to disown and disinherit my son Ayushmaan Sharma from our all movable and immovable properties. I shall not be liable or responsible for their any acts and deeds. The persons dealing with them shall be doing so at their own risk and cost. Concerned Note.

I, Raghuraj Krishan Mohindru Director Fair Marks Pvt. Ltd. Fair Marks Building, ED- 312, Old Railway Road, Jalandhar hereby declare that resolution dt. 16.10.2025 is obtained fraudulently by the other Director namely Brij Lal Krishan Mahendru. The general public is informed and restrained from entering into agreement of transaction qua the property No. ED-312, Old Railway Road, Jalandhar with Brij Lal Krishan Mahendru on the basis of alleged resolution, Person dealing will himself be responsible for any such transaction. (12693)

I, Jagir Kaur W/o Kewal Singh R/o Village Nurpur, Tehsil Nakodar, Distt. Jalandhar, Punjab declare that my daughter Lovepreet Kaur wife of Nishan is out of my control. I disinherit her from my movable and immovable properties. I and my family shall not be held responsible for any of her acts deeds and things. All please note.

I, Nisha W/o Rajesh Kumar R/o H.No. 61, Gobind Nagar, Jalandhar, Punjab declare that my son Ishan Arora & his wife Sonali Arora are out of my control. I disinherit them from my movable and immovable properties. I and my family shall not be held responsible for any of their acts deeds and things. All please note.

I, Rajesh Kumar S/o Madan Lal R/o H.No. 61, Gobind Nagar, Jalandhar, Punjab declare that my son Ishan Arora & his wife Sonali Arora are out of my control. I disinherit them from my movable and immovable properties. I and my family shall not be held responsible for any of their acts deeds and things. All please note.

We Sanjeev Kumar Gulati S/o Late Sh. Ramesh Chander Gulati and Shivani W/o Sanjeev Kumar Gulati both resident of H.No. 219, Shiv Nagar, Sodal Road, Jalandhar declare that we have no concern/relation Gaurav Gaba S/o Mohinder Pal, Sheenu wife of Gaurav Gaba & Narinder Chug (Father of Sheenu) We and our family shall not be held responsible for any kind of their act, deed and things related to them. All concerned please note.

## ਆਮ ਸੂਚਨਾ

ਸ੍ਰੀ ਸਿਕੰਦਰ ਸਿੰਘ ਪੁੱਤਰ ਮਸਤਾਨ ਸਿੰਘ ਵਾਸੀ ਅਹਾਤਾ ਬਦਨ ਸਿੰਘ ਜਿਲ੍ਹਾ ਮੋਗਾ ਦੇ ਨਾਮ ਤੇ ਇੱਕ ਟਿਊਬਵੈਲ ਕੁਨੈਕਸ਼ਨ ਖਾਤਾ ਨੰ (AP 39/211) ਬੀ ਐਚ ਪੀ 10ਵਾਕਿਆ ਪਿੰਡ ਰਕਬਾ ਚੜਿੱਕ ਰੋਡ ਮੋਗਾ ਵਿੱਚ ਚੱਲ ਰਿਹਾ ਹੈ। ਹੁਣ ਇਸ ਕੁਨੈਕਸ਼ਨ ਦੀ ਨਾਮ ਦੀ ਬਦਲੀ ਕੰਚਨਪ੍ਰੀਤ ਕੌਰ ਗਿੱਲ ਪਤਨੀ ਰਣਜੀਤ ਸਿੰਘ ਧਾਲੀਵਾਲ ਵਾਸੀ ਬਸਤੀ ਗੋਬਿੰਦਗੜ੍ਹ ਮੋਗਾ ਵੱਲੋਂ ਆਪਣੇ ਨਾਮ ਤੇ ਕਰਵਾਉਣ ਲਈ ਦਰਖਾਸਤ ਦਿੱਤੀ ਹੈ। ਜੇਕਰ ਇਸ ਸਬੰਧੀ ਕਿਸੇ ਨੂੰ ਕੋਈ ਵੀ ਇਤਰਾਜ਼ ਹੋਵੇ ਤਾਂ 15 ਦਿਨਾਂ ਦੇ ਅੰਦਰ-ਅੰਦਰ ਪੀ ਐਸ ਪੀ ਸੀ ਐਲ ਉਪ ਮੰਡਲ ਅਫਸਰ ਸਬ ਅਰਬਨ ਮੋਗਾ ਨੂੰ ਪੇਸ਼ ਕਰ ਸਕਦਾ ਹੈ ਨਾ ਇਤਰਾਜ ਹੋਣ ਤੇ ਪੰਦਰਾਂ ਦਿਨਾਂ ਬਾਅਦ ਕੁਨੈਕਸ਼ਨ ਉਸ ਨਾਮ ਉਪਰ ਤਬਦੀਲ ਕਰ ਦਿੱਤਾ ਜਾਵੇਗਾ ਅਤੇ ਬਾਅਦ ਵਿੱਚ ਕੋਈ ਇਤਰਾਜ਼ ਨਹੀਂ ਸੁਣਿਆ ਜਾਵੇਗਾ।

ਸ੍ਰੀ ਸਮਿੰਦਰ ਸਿੰਘ ਪੁੱਤਰ ਸੂਬਾ ਸਿੰਘ ਦੇ ਨਾਂਅ 'ਤੇ ਇਸ ਦਫ਼ਤਰ ਵਿਚ ਇਕ ਟਿਊਬਵੈੱਲ ਕੁਨੈਕਸ਼ਨ ਖਾਤਾ ਨੰ: ਏ ਪੀ 11-1299 ਬੀ. ਐੱਚ. ਪੀ. 20 ਵਾਕਿਆ ਪਿੰਡ ਡਰੋਲੀ ਭਾਈ (ਮੋਗਾ) ਵਿਖੇ ਚੱਲ ਰਿਹਾ ਹੈ। ਹੁਣ ਇਸ ਕੁਨੈਕਸ਼ਨ ਦੀ ਨਾਂਅ ਤਬਦੀਲੀ ਲਈ ਸ੍ਰੀ ਤਾਰਾ ਸਿੰਘ ਪੁੱਤਰ ਗੁਰਨਾਮ ਸਿੰਘ, ਪਿੰਡ ਡਰੋਲੀ ਭਾਈ, (ਮੋਗਾ) ਵੱਲੋਂ ਆਪਣੇ ਨਾਂਅ 'ਤੇ ਕਰਾਉਣ ਲਈ ਦਰਖਾਸਤ ਦਿੱਤੀ ਹੈ। ਜੇਕਰ ਇਸ ਸੰਬੰਧੀ ਕਿਸੇ ਨੂੰ ਵੀ ਕੋਈ ਇਤਰਾਜ਼ ਹੋਵੇ ਤਾਂ 15 ਦਿਨਾਂ ਦੇ ਅੰਦਰ-ਅੰਦਰ ਪੀ ਐੱਸ ਪੀ ਸੀ ਐੱਲ ਉਪ-ਮੰਡਲ ਡਗਰੂ (ਮੋਗਾ) ਨੂੰ ਪੇਸ਼ ਕਰ ਸਕਦਾ ਹੈ। ਨਾ ਇਤਰਾਜ਼ ਹੋਣ 'ਤੇ 15 ਦਿਨਾਂ ਬਾਅਦ ਕੁਨੈਕਸ਼ਨ ਉਸ ਨਾਂਅ ਉੱਪਰ ਤਬਦੀਲ ਕਰ ਦਿੱਤਾ ਜਾਵੇਗਾ ਅਤੇ ਇਸ ਤੋਂ ਬਾਅਦ ਕੋਈ ਇਤਰਾਜ਼ ਨਹੀਂ ਸੁਣਿਆ ਜਾਵੇਗਾ।

ਮੋਟਰ ਕੁਨੈਕਸ਼ਨ ਖਾਤਾ ਨੰਬਰ ਏ.ਪੀ 32/184 ਜੋ ਕਿ ਪਿੰਡ ਰੰਘੜਿਆਲ ਵਿਖੇ ਜਸਪਾਲ ਸਿੰਘ ਪੁੱਤਰ ਸੁਖਦੇਵ ਸਿੰਘ ਵਾਸੀ ਰੰਘੜਿਆਲ ਦੇ ਨਾਮ ਤੇ ਚਲਦਾ ਹੈ। ਇਸ ਕੁਨੈਕਸ਼ਨ ਨੂੰ ਹੁਣ ਗੁਰਪ੍ਰੀਤ ਕੌਰ ਪਤਨੀ ਕੁਲਦੀਪ ਸਿੰਘ ਵਾਸੀ ਦਸਮੇਸ਼ ਨਗਰ ਪਟਿਆਲਾ ਆਪਣੇ ਨਾਮ ਕਰਵਾਉਣਾ ਚਾਹੁੰਦੀ ਹੈ। ਇਸ ਸਬੰਧੀ ਜੇਕਰ ਕਿਸੇ ਵਿਅਕਤੀ ਨੂੰ ਇਤਰਾਜ ਹੋਵੇ ਤਾਂ ਉਹ 15 ਦਿਨਾਂ ਦੇ ਅੰਦਰ-ਅੰਦਰ ਪੀ.ਐਸ.ਪੀ.ਸੀ.ਐੱਲ. ਦਫਤਰ ਬਰੇਟਾ ਵਿਖੇ ਸੰਪਰਕ ਕਰ ਸਕਦਾ ਹੈ।

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

## ਨਿਲਾਮੀ

ਹਰ ਆਮ ਵਿਅਕਤੀ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਗ੍ਰਾਮ ਪੰਚਾਇਤ ਪਿੰਡ ਨੰਦਾਚੌਰ ਬਲਾਕ-1 ਹੁਸ਼ਿਆਰਪੁਰ, ਜ਼ਿਲ੍ਹਾ ਹੁਸ਼ਿਆਰਪੁਰ ਦੇ 12 ਏਕੜ ਮੱਛੀ ਫਾਰਮ ਦੀ ਨਿਲਾਮੀ 10 ਸਾਲਾ ਠੇਕੇ 'ਤੇ ਦੇਣ ਲਈ 03.11.2025 ਦਿਨ ਸੋਮਵਾਰ, ਟਾਈਮ 01.00 ਵਜੇ ਕਮਿਊਨਿਟੀ ਸੈਂਟਰ ਨੰਦਾਚੌਰ ਵਿਖੇ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਬਲਾਕ-1 ਹੁਸ਼ਿਆਰਪੁਰ ਦੀ ਹਾਜ਼ਰੀ ਵਿਚ ਨਿਲਾਮੀ ਕੀਤੀ ਜਾਵੇਗੀ ਅਤੇ ਸ਼ਰਤਾਂ ਮੌਕੇ 'ਤੇ ਦੱਸੀਆਂ ਜਾਣਗੀਆਂ।

ਵੱਲੋਂ : ਗ੍ਰਾਮ ਪੰਚਾਇਤ ਨੰਦਾਚੌਰ
ਬਲਾਕ-1, ਹੁਸ਼ਿਆਰਪੁਰ, ਜ਼ਿਲ੍ਹਾ ਹੁਸ਼ਿਆਰਪੁਰ।

## ਵਾਹੀਯੋਗ ਜ਼ਮੀਨ ਦੀ ਬੋਲੀ ਸੰਬੰਧੀ

ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਨਗਰ ਪੰਚਾਇਤ ਮਮਦੋਟ ਵੱਲੋਂ ਸਾਲ 2025-26 ਲਈ 1 ਪਲਾਟ ਦੀ ਵਾਹੀਯੋਗ ਜ਼ਮੀਨ ਦੀ ਬੋਲੀ ਮਿਤੀ 11/11/2025 ਨੂੰ ਸਵੇਰੇ 12:00 ਵਜੇ ਦਫਤਰ ਨਗਰ ਪੰਚਾਇਤ ਮਮਦੋਟ ਵਿਖੇ ਕਰਵਾਈ ਜਾਵੇਗੀ। ਇਸ ਜ਼ਮੀਨ ਦਾ ਠੇਕਾ ਇੱਕ ਸਾਲ 2025-26 (ਮਿਤੀ-15.11.2025 ਤੋਂ 14.11.2026) ਦਾ ਹੋਵੇਗਾ। ਰਿਜ਼ਰਵ ਕੀਮਤ ਅਤੇ ਬਾਕੀ ਦੀਆਂ ਸ਼ਰਤਾਂ ਮੌਕੇ 'ਤੇ ਜਾਂ ਕਿਸੇ ਕੰਮ ਵਾਲੇ ਦਿਨ ਦਫਤਰ ਨਗਰ ਪੰਚਾਇਤ, ਮਮਦੋਟ ਵਿਖੇ ਵੇਖੀਆਂ ਜਾ ਸਕਦੀਆਂ ਹਨ।

| | |
|---|---|
| ਸਹੀ/- ਪ੍ਰਧਾਨ | ਸਹੀ/- |
| ਕਾਰਜ ਸਾਧਕ ਅਫਸਰ, | ਕਾਰਜ ਸਾਧਕ ਅਫਸਰ, |
| ਨਗਰ ਪੰਚਾਇਤ, ਮਮਦੋਟ। | ਨਗਰ ਪੰਚਾਇਤ, ਮਮਦੋਟ |

## asREC (India) Limited CORRIGENDUM

ਸ਼ਾਖਾ ਦਫ਼ਤਰ-402, ਚੌਥੀ ਮੰਜ਼ਲ, ਐਪਰਾ ਟਾਵਰ, ਐਸ.ਸੀ.ਓ. -130-131-132, ਫਿਰੋਜ਼ ਗਾਂਧੀ ਮਾਰਕਿਟ ਲੁਧਿਆਣਾ, ਪੰਜਾਬ-141001

22.10.2025 ਨੂੰ ਪ੍ਰਕਾਸ਼ਿਤ ਈ-ਨਿਲਾਮੀ ਵਿਕਰੀ ਨੋਟਿਸ ਦੀ ਨਿਰੰਤਰਤਾ ਵਿੱਚ, "ਸੁਰੱਖਿਅਤ ਸੰਪਤੀਆਂ ਦਾ ਵੇਰਵਾ" ਸਿਰਲੇਖ ਦੇ ਵਿਰੁੱਧ, ਜਾਇਦਾਦ ਦੇ ਦੱਖਣੀ ਪਾਸੇ ਨੂੰ ਦੱਖਣ - ਸੜਕ 100' ਦੀ ਬਜਾਏ ਦੱਖਣ - 115' (100' ਸੜਕ ਪਾਸੇ) ਵਜੋਂ ਪੜ੍ਹਿਆ ਜਾਵੇ। ਹੋਰ ਵੇਰਵੇ/ਨਿਯਮ ਅਤੇ ਸ਼ਰਤਾਂ ਉਹੀ ਰਹਿਣਗੀਆਂ।

ਅਧਿਕਾਰਤ ਅਧਿਕਾਰੀ
In the capacity as Trustee of ASREC-PS10/2017-18 Trust

ਮਿਤੀ: 28.10.2025, ਸਥਾਨ: ਲੁਧਿਆਣਾ

## COURT NOTICE

In the Court of
Ms. Parminder Pindu
Judicial Magistrate - Ist Class -12 Patiala
CNR No.:- PBPT03-005062-2024
Next Date:-18-12-2025
M/S Alpine Poultries
Vs.
M/S Balaji Traders Ratia

Detail of offence:-
Notice To:
M/S Balaji Traders Ratia
Through Its Partners Vipin Kumar S/O Vijay Kumar And Shivani W/O Vipin Kumar, R/O H.no 164, Shakti Nagar, Tohana Road, Ward No. 7, Ratia, Fatehabad Haryana.

In above titled case, the accused could not be served. It is ordered that accused should appear in person or through counsel on 18-12-2025 at 10.00 a.m.

For details logon to https://highcourtchd.gov.in/?mod=district_notice&district=patiala

Judicial Magistrate-Ist Class -12 Patiala
Dated, this day of 23-10-2025

## COURT NOTICE

In the Court of
Ms. Parminder Pindu
Judicial Magistrate Ist Class - 12, Patiala
CNR No. :- PBPT03-003629-2024
Next Date:-04-12-2025
Nirbhai Singh Vs. Deepak Kumar

Detail of offence:-
Notice To:
Deepak Kumar S/o Krishan Chand
R/O Quarter No. 120, Power Colony No. 1, Near Model Town, Patiala, 78888-96219

In above titled case, the accused could not be served. It is ordered that accused should appear in person or through counsel on 04-12-2025 at 10.00 a.m.

For details logon to https://highcourtchd.gov.in/?mod=district_notice&district=patiala

Judicial Magistrate, Ist Class - 12 Patiala
Dated, this day of 24-10-2025

## ਉਤਰ ਰੇਲਵੇ

### ਈ-ਨਿਵਿਦਾ ਸੂਚਨਾ

**ਨਿਵਿਦਾ ਸੂਚਨਾ ਨੰ. 433-ਸਿਗ-ਟੀ-51-25-26 ਮਿਤੀ 27/10/2025**
**ਨਿਵਿਦਾ ਬੰਦ ਹੋਣ ਦੀ ਮਿਤੀ/ਸਮਾਂ: ਨੂੰ 17.11.2025 15:00 ਵਜੇ**

ਸੀਨੀਅਰ ਮੰਡਲ ਸੰਕੇਤ ਅਤੇ ਦੂਰਸੰਚਾਰ ਇੰਜੀਨੀਅਰ, ਉਤਰ ਰੇਲਵੇ, ਫਿਰੋਜਪੁਰ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਟੈਂਡਰ ਨੰ. 433-ਸਿਗ/ਟੀ-51/25-26 ਈ ਟੈਂਡਰਿੰਗ ਦੇ ਮਾਧਿਅਮ ਨਾਲ ਮਿਤੀ 17.11.2025 ਨੂੰ 15:00 ਵਜੇ ਤਕ ਵੈਬਸਾਈਟ https://www.ireps.gov.in'ਤੇ ਟੈਂਡਰਾਂ ਦੀ ਮੰਗ ਕੀਤੀ ਜਾਂਦੀ ਹੈ। ਟੈਂਡਰਕਰਤਾ ਆਪਣੇ ਟੈਂਡਰ ਅਸਲੀ/ਸੰਸ਼ੋਧਿਤ ਤੈਅ ਕੀਤੇ ਗਏ ਸਮੇਂ ਅਤੇ ਮਿਤੀ ਤਕ ਜਰੂਰ ਜਮ੍ਹਾ ਕਰਾਉਣ ਇਸ ਟੈਂਡਰ ਦੇ ਤਹਿਤ ਮੈਨੂੰਅਲ ਟੈਂਡਰ ਵਰਜਿਤ ਹੈ ਅਤੇ ਜੇਕਰ ਕੋਈ ਮੈਨੂੰਅਲ ਟੈਂਡਰ ਪ੍ਰਾਪਤ ਹੋਵੇਗੀ ਤਾਂ ਉਹ ਮਾਨਯ ਨਹੀਂ ਹੋਵੇਗੀ।

ਠੇਕੇਦਾਰਾਂ ਦੁਆਰਾ ਟੈਂਡਰ ਡਾਕੂਮੈਂਟ ਦੀ ਕੀਮਤ ਅਤੇ ਬਿਆਨਾ ਰਾਸ਼ੀ ਜੋ ਕਿ ਇਸ ਟੈਂਡਰ ਦੇ ਲਈ ਮਾਨਯ ਹੈ ਉਹ ਕੇਵਲ ਆਈਆਰਈਪੀਐਸ ਪੋਰਟਲ ਜਿਵੇਂ ਕਿ ਨੈਟ ਬੈਂਕਿੰਗ, ਡੈਬਿਟ ਕਾਰਡ, ਕਰੈਡਿਟ ਕਾਰਡ ਆਦਿ ਦੁਆਰਾ ਸਵੀਕ੍ਰਿਤ ਕੀਤੀ ਜਾਵੇਗੀ ਇਸ ਦੇ ਇਲਾਵਾ ਡਿਮਾਂਡ ਡ੍ਰਾਫਟ, ਬੈਂਕਰ ਚੈਕ, ਡਿਪੋਜਿਟ ਰਸੀਦ, ਐਫਡੀਆਰ ਆਦਿ ਦੇ ਮਾਧਿਅਮ ਦੁਆਰਾ ਜਮ੍ਹਾ ਕਰਵਾਈ ਗਈ ਰਾਸ਼ੀ ਮਾਨਯ ਨਹੀਂ ਹੋਵੇਗੀ।

ਐਨ.ਆਈ.ਟੀ.

| | | | |
|---|---|---|---|
| ਕੰਮ ਦਾ ਨਾਮ | ਨਾਰਦਰਨ ਰੇਲਵੇ ਦੇ ਫਿਰੋਜਪੁਰ ਡਵੀਜਨ ਵਿਚ E-ਰੂਟ ਉਤੇ 20000 ਤੋਂ ਜਿਆਦਾ TVU ਵਾਲੇ 18 LC ਗੇਟਸ ਦਾ ਇੰਟਰਲਾਕਿੰਗ ਦਾ ਪ੍ਰਾਵਧਾਨ'' ਫਿਰੋਜਪੁਰ ਡਵੀਜਨ ਵਿਚ ਕੰਡੀਸ਼ਨਲ ਬੇਸਿਸ ਉਤੇ। | | |
| ਟੈਂਡਰ ਬੰਦ ਕਰਨ ਦੀ ਮਿਤੀ ਅਤੇ ਸਮਾਂ | 17/11/2025 15:00 | ਟੈਂਡਰ ਦੀ ਅਪਲੋਡ ਕਰਨ ਦੀ ਮਿਤੀ ਅਤੇ ਸਮਾਂ | 25/10/2025 22:14 |
| ਅੰਦਾਜਨ ਕੀਮਤ | 10002943.41 | ਬਿਡਿੰਗ ਸ਼ੁਰੂ ਦੀ ਮਿਤੀ ਆਈਆਰਈਪੀਐਸ | 03/11/2025 |
| ਬਿਆਨਾ ਰਾਸ਼ੀ (ਰੁ) | 200000.00 | ਕੰਮ ਪੂਰਾ ਕਰਨ ਦਾ ਸਮਾਂ | 6 ਮਹੀਨੇ |

ਨੋਟ: ਨਿਵਿਦਾਕਰਤਾ ਰੈਗੂਲਰ ਤੌਰ ਤੇ ਵੈਬਸਾਈਟ ਦੇ ਸੰਪਰਕ ਵਿਚ ਰਹਿ ਕੇ ਨਿਵਿਦਾ ਸੰਸ਼ੋਧਨਾਂ, ਸ਼ੁਧੀਪੱਤਰ ਆਦਿ ਦੇ ਬਾਰੇ ਵਿਚ ਖੁਦ ਨੂੰ ਅਪਡੇਟ ਰਖਣ। 3331/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## AXIS BANK

Retail Assets Center : AXIS Bank Ltd., 3rd Floor, SCO 367-368, Above Akash Institute, Sector 34A, Chandigarh -160022., **Corporate Office :** 3rd Floor, Block-B, Bombay Dyeing Mills Compound, Pandurang Budhakar Marg, Worli, Mumbai-400 025., **Registered Office :** 'Trishul', 3rd floor, Opposite Samartheswar Temple, Law Garden, Ellisbridge, Ahmedabad-380006.

### ਸਰਫੇਸੀ ਐਕਟ 2002 ਤਹਿਤ ਕਬਜ਼ਾ ਨੋਟਿਸ

ਜਦੋਂ ਕਿ ਨਿਮਨਹਸਤਾਖਰੀ ਨੇ ਐਕਸਿਸ ਬੈਂਕ ਲਿ. ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਉਰਿਟਾਈਜੇਸ਼ਨ, ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐਸੇਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ ਐਕਟ 2002 ਅਤੇ ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਏ ਕਰਜ਼ਦਾਰਾਂ ਨੂੰ ਨੋਟਿਸ 'ਚ ਦਰਸਾਈ ਰਕਮ 'ਤੇ ਉਕਤ ਨੋਟਿਸ ਮਿਲਣ ਦੀ ਮਿਤੀ ਤੋਂ 60 ਦਿਨਾਂ ਅੰਦਰ ਜਮ੍ਹਾਂ ਕਰਾਉਣ ਲਈ ਡਿਮਾਂਡ ਨੋਟਿਸ ਜਾਰੀ ਕੀਤਾ ਸੀ।

ਕਰਜ਼ਦਾਰ ਰਕਮ ਦੀ ਅਦਾਇਗੀ ਕਰਨ 'ਚ ਨਾਕਾਮ ਰਹੇ ਹਨ। ਇਸ ਦੁਆਰਾ ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਨੋਟਿਸ ਜਾਰੀ ਕੀਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਉਨ੍ਹਾਂ ਨੂੰ ਦਰਸਾਏ ਰੂਲ ਦੇ ਨਿਯਮ 8 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 (4) ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਿਆਂ ਵਰਨਣ ਜਾਇਦਾਦ ਦਾ ਹੇਠਾਂ ਦਰਸਾਈਆਂ ਮਿਤੀਆਂ ਨੂੰ ਕਬਜ਼ਾ ਲੈ ਲਿਆ ਹੈ।

ਕਰਜ਼ਦਾਰਾਂ ਨੂੰ ਖਾਸ ਤੌਰ 'ਤੇ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਜਾਇਦਾਦ ਸੰਬੰਧੀ ਕਿਸੇ ਤਰ੍ਹਾਂ ਦਾ ਲੈਣ-ਦੇਣ 'ਤੇ ਰਕਮ ਅਤੇ ਉਸ ਉਪਰ ਵਿਆਜ ਐਕਸਿਸ ਬੈਂਕ ਲਿ. ਦੀ ਦੇਣਦਾਰੀ ਦਾ ਵਿਸ਼ਾ ਹੋਵੇਗੀ।

| ਲੜੀ ਨੰ. | ਕਰਜ਼ਦਾਰ/ਸਹਿ-ਕਰਜ਼ਦਾਰ ਦਾ ਨਾਂਅ ਤੇ ਪਤਾ | ਰਹਿਣ ਕੀਤੀ ਜਾਇਦਾਦ ਦਾ ਵੇਰਵਾ | ਡਿਮਾਂਡ ਨੋਟਿਸ ਦੀ ਮਿਤੀ | ਕਬਜ਼ੇ ਦੀ ਮਿਤੀ | ਡਿਮਾਂਡ ਨੋਟਿਸ 'ਚ ਰਕਮ (ਰੁਪਏ) |
|---|---|---|---|---|---|
| 1. | (1) ਮੈਸਰਜ਼ ਰਾਮ ਆਸਰਾ ਆਰਮੀ ਸਟੋਰ ਰਾਹੀਂ ਇਸ ਦੇ ਮਾਲਕ ਸ੍ਰੀ ਰਾਕੇਸ਼ ਕੁਮਾਰ, ਮਕਾਨ ਨੰ. 806, ਗਲੀ ਨੰ. 3, ਬਸਤੀ ਜੋਧੇਵਾਲ, ਲੁਧਿਆਣਾ-141001 (2) ਸ੍ਰੀ ਰਾਕੇਸ਼ ਕੁਮਾਰ ਪੁੱਤਰ ਸਵ: ਸ੍ਰੀ ਰਾਮ ਆਸਰਾ (ਮਾਲਕ/ਗਰੰਟਰ) ਮਕਾਨ ਨੰ. 806, ਗਲੀ ਨੰ. 3, ਬਸਤੀ ਜੋਧੇਵਾਲ, ਲੁਧਿਆਣਾ-141007 (3) ਸ੍ਰੀ ਮੁਕੇਸ਼ ਕੁਮਾਰ ਪੁੱਤਰ ਸਵ: ਸ੍ਰੀ ਰਾਮ ਆਸਰਾ (ਗਰੰਟਰ) ਮਕਾਨ ਨੰ. 806, ਗਲੀ ਨੰ. 2/3, ਬਸਤੀ ਜੋਧੇਵਾਲ, ਲੁਧਿਆਣਾ-141007 | ਤਬਾਦਲਾ ਬੈਨਾਮਾ ਨੰ. 5480 ਮਿਤੀ 14-06-2017 ਅਨੁਸਾਰ 1/2 ਹਿੱਸਾ ਰਾਕੇਸ਼ ਕੁਮਾਰ ਦੇ ਨਾਂਅ ਰਜਿਸਟਰਡ ਅਤੇ ਤਬਾਦਲਾ ਬੈਨਾਮਾ ਨੰ. 5481 ਮਿਤੀ 14-06-2017 ਅਨੁਸਾਰ 1/2 ਹਿੱਸਾ ਮੁਕੇਸ਼ ਕੁਮਾਰ ਦੇ ਨਾਂਅ ਰਜਿਸਟਰਡ ਰਿਹਾਇਸ਼ੀ ਮਕਾਨ, ਐੱਮ ਸੀ ਨੰ. **XXV-G-6/596** ਕੁੱਲ ਖੇਤਰ 100 ਵਰਗ ਗਜ਼, ਖਸਰਾ ਨੰ. 1137/913/799/674/344, ਖੱਤਾ ਨੰ. 25/26, ਜਮ੍ਹਾਂਬੰਦੀ ਸਾਲ 1970-71, ਹੁਣ ਜਮ੍ਹਾਂਬੰਦੀ ਸਾਲ 2010-2011 ਖੱਤਾ ਨੰ. 60/60, ਹੱਦਬਸਤ ਨੰ. 77, ਬਸਤੀ ਜੋਧੇਵਾਲ ਵਿਖੇ ਸਥਿਤ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ ਨਾਲ ਸੰਬੰਧਤ ਸਭ ਕੁਝ। ਹੱਦਾਂ : ਪੂਰਬ : ਗਲੀ ਬਾਹੀ 20 ਫੁੱਟ, ਉੱਤਰ : ਗੁਆਂਢ ਬਾਹੀ 45 ਫੁੱਟ, ਪੱਛਮ : ਗੁਆਂਢ ਬਾਹੀ 20 ਫੁੱਟ, ਦੱਖਣ : ਗੁਆਂਢ ਬਾਹੀ 45 ਫੁੱਟ। | 06 ਫਰਵਰੀ 2025 | 23 ਅਕਤੂਬਰ 2025 ਲੁਧਿਆਣਾ, ਪੰਜਾਬ ਵਿਖੇ | ਰੁਪਏ 15,24,147/- (ਪੰਦਰਾਂ ਲੱਖ ਚੌਵੀ ਹਜ਼ਾਰ ਇੱਕ ਸੌ ਸੰਤਾਲੀ ਰੁਪਏ ਕੇਵਲ) |
| 2. | (1) ਮੈਸਰਜ਼ ਕੇ ਐੱਸ ਫੈਸ਼ਨ ਰਾਹੀਂ ਇਸ ਦੇ ਮਾਲਕ ਸ੍ਰੀ ਟੇਕ ਚੰਦ, ਗਲੀ ਨੰ. 3, 493, ਨੂਰਵਾਲਾ ਰੋਡ, ਨਿਊ ਅਨੰਦਪੁਰੀ, ਲੁਧਿਆਣਾ-141001 (2) ਸ੍ਰੀ ਟੇਕ ਚੰਦ ਪੁੱਤਰ ਸ੍ਰੀ ਸਾਧੂ ਰਾਮ (ਮਾਲਕ) ਮਕਾਨ ਨੰ. 493, ਗਲੀ ਨੰ. 3, ਨਿਊ ਅਨੰਦਪੁਰੀ, ਕਾਲੀ ਸੜਕ, ਲੁਧਿਆਣਾ-141001 (3) ਸ੍ਰੀ ਰਵੀ ਕੁਮਾਰ ਪੁੱਤਰ ਸ੍ਰੀ ਟੇਕ ਚੰਦ (ਗਰੰਟਰ) ਮਕਾਨ ਨੰ. 493, ਨਿਊ ਅਨੰਦਪੁਰੀ, ਕਾਲੀ ਸੜਕ, ਲੁਧਿਆਣਾ-141001 | ਬੈਨਾਮਾ ਨੰ. 4662 ਮਿਤੀ 8-12-2010 ਅਨੁਸਾਰ ਸ੍ਰੀ ਟੇਕ ਚੰਦ ਦੇ ਨਾਂਅ ਰਜਿਸਟਰਡ ਜਾਇਦਾਦ ਪਲਾਟ ਨੰ. 493, ਜਿਸ 'ਤੇ ਉਸਾਰੀ ਸਾਰੀ ਇਮਾਰਤ ਅਤੇ ਢਾਂਚਾ ਰਕਬਾ 100 ਵਰਗ ਗਜ਼, ਖੱਤਾ ਨੰ. 394/409, ਖਸਰਾ ਨੰ. 1258/5, ਜਮ੍ਹਾਂਬੰਦੀ ਸਾਲ 2006-2007 ਹੱਦਬਸਤ ਨੰ. 78, ਤਰਫ ਸੇਖਵਾਲ ਵਿਖੇ ਸਥਿਤ, ਅਨੰਦਪੁਰੀ ਕਾਲੋਨੀ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ ਨਾਲ ਸੰਬੰਧਤ ਸਭ ਕੁਝ। ਹੱਦਾਂ : ਪੂਰਬ : ਗੁਆਂਢ ਬਾਹੀ 50'-00", ਪੱਛਮ : ਗੁਆਂਢ ਬਾਹੀ 50'-0", ਉੱਤਰ : ਗਲੀ 20' ਚੌੜੀ ਬਾਹੀ 18'-0", ਦੱਖਣ : ਗੁਆਂਢ ਬਾਹੀ 18'-0" | 11 ਫਰਵਰੀ 2025 | 23 ਅਕਤੂਬਰ 2025 ਲੁਧਿਆਣਾ, ਪੰਜਾਬ ਵਿਖੇ | ਰੁਪਏ 1,084,627/- (ਦਸ ਲੱਖ ਚੁਰਾਸੀ ਹਜ਼ਾਰ ਛੇ ਸੌ ਸਤਾਈ ਰੁਪਏ ਕੇਵਲ) |
| 3. | (1) ਐੱਸ ਪੀ ਆਇਲ ਮਿੱਲ ਰਾਹੀਂ ਇਸ ਦੇ ਮਾਲਕ ਸ੍ਰੀਮਤੀ ਏਕਤਾ ਸੂਦਨ ਪਤਨੀ ਸ੍ਰੀ ਪੁਨੀਤ ਸੂਦਨ ਵਾਸੀ ਮੈਸਰਜ਼ ਐੱਸ ਪੀ ਮਿਲਜ਼, ਸਾਹਮਣੇ ਯੂ ਕੇ ਪੈਲੇਸ, ਜੀ ਟੀ ਰੋਡ, ਬੂਲੇਪੁਰ, ਖੰਨਾ, ਲੁਧਿਆਣਾ, ਪੰਜਾਬ-141401 (2) ਸ੍ਰੀਮਤੀ ਏਕਤਾ ਸੂਦਨ ਪਤਨੀ ਸ੍ਰੀ ਪੁਨੀਤ ਸੂਦਨ ਵਾਸੀ ਮੈਸਰਜ਼ ਐੱਸ ਪੀ ਮਿੱਲਜ਼, ਸਾਹਮਣੇ ਯੂ ਕੇ ਪੈਲੇਸ, ਜੀ ਟੀ ਰੋਡ, ਬੂਲੇਪੁਰ ਖੰਨਾ, ਲੁਧਿਆਣਾ, ਪੰਜਾਬ-141401, ਦੂਜਾ ਪਤਾ : ਸ੍ਰੀਮਤੀ ਏਕਤਾ ਸੂਦਨ ਪਤਨੀ ਸ੍ਰੀ ਪੁਨੀਤ ਸੂਦਨ, ਗਲੀ ਨੰ. 2, ਪੀਰ ਖਾਨਾ ਰੋਡ, ਖੰਨਾ, ਲੁਧਿਆਣਾ, ਪੰਜਾਬ-141401 | (I) ਜਾਇਦਾਦ ਜ਼ਮੀਨ 0 ਕਨਾਲ 3-1/2 ਮਰਲੇ, ਜੋ ਕਿ 3-1/2/70 ਹਿੱਸਾ ਜ਼ਮੀਨ ਰਕਬਾ 3 ਕਨਾਲ 10 ਮਰਲੇ, ਖੇਵਟ ਨੰ. 1842 ਖਤੌਨੀ ਨੰ. 2478, ਖਸਰਾ ਨੰ. 2752 (3-10) ਨਾਲ ਸੰਬੰਧਤ ਸਭ ਕੁਝ। (II) ਜਾਇਦਾਦ ਜ਼ਮੀਨ ਰਕਬਾ 0 ਕਨਾਲ 5 ਮਰਲੇ, ਜੋ ਕਿ 5/158 ਹਿੱਸਾ ਜ਼ਮੀਨ 7 ਕਨਾਲ 18 ਮਰਲੇ, ਖੇਵਟ ਨੰ. 1844, ਖਤੌਨੀ ਨੰ. 2480, ਖਸਰਾ ਨੰ. 2755 (7-18) ਕਿੱਤੇ 1 ਜਮ੍ਹਾਂਬੰਦੀ ਸਾਲ 2011-12, ਪਿੰਡ ਖੰਨਾ ਵਿਖੇ ਸਥਿਤ ਹੱਦਬਸਤ ਨੰ. 223, ਤਹਿਸੀਲ ਖੰਨਾ, ਜ਼ਿਲ੍ਹਾ ਲੁਧਿਆਣਾ, ਪੰਜਾਬ ਨਾਲ ਸੰਬੰਧਤ ਸਭ ਕੁਝ। ਤਬਾਦਲਾ ਬੈਨਾਮਾ ਨੰ. 2022-23/107/1/1759 ਮਿਤੀ 14-09-2022 ਅਨੁਸਾਰ ਸ੍ਰੀਮਤੀ ਏਕਤਾ ਸੂਦਨ ਪਤਨੀ ਪੁਨੀਤ ਸੂਦਨ ਦੇ ਨਾਂਅ ਰਜਿਸਟਰਡ। ਹੱਦਾਂ ਸਾਈਟ ਅਨੁਸਾਰ : ਪੂਰਬ : ਸੱਤਪਾਲ 50'-9", ਪੱਛਮ : ਹੰਸਰਾਜ 52'-3", ਉੱਤਰ : ਓਮ ਪ੍ਰਕਾਸ਼ 43'-9", ਦੱਖਣ : ਗਲੀ 20' ਚੌੜੀ 43'-9" | 12 ਜੁਲਾਈ 2025 | 23 ਅਕਤੂਬਰ 2025 ਖੰਨਾ, ਪੰਜਾਬ ਵਿਖੇ | ਰੁਪਏ 99,58,680/- (ਨੜਿਨਵੇਂ ਲੱਖ ਅਠਵੰਜਾ ਹਜ਼ਾਰ ਛੇ ਸੌ ਅੱਸੀ ਰੁਪਏ ਕੇਵਲ) |

ਮਿਤੀ : 23-10-2025 ਅਧਿਕਾਰਤ ਅਫਸਰ, ਐਕਸਿਸ ਬੈਂਕ ਲਿਮਟਿਡ

## ਉਤਰ ਰੇਲਵੇ

### ਈ-ਨਿਵਿਦਾ ਸੂਚਨਾ

ਨਿਵਿਦਾ ਸੂਚਨਾ ਸੰਖਿਆ :— 770-W/01/WA/JAT/2025-44-2025-26-DRM-JAT, 45-2025-26-DRM-JAT, 46-2025-26-DRM-JAT, 48-2025-26-DRM-JAT & 50-2025-26-DRM-JAT(to be opened on 14.11.2025)

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਕੰਮ ਕਰਦੇ ਹੋਏ ਹੇਠਾਂ ਦਿਤੇ ਗਏ ਟਾਈਟਲ ਵਾਲੀਆਂ ਨਿਵਿਦਾਵਾਂ ਦੇ ਵਿਰੁਧ ਖੁਲ੍ਹੀਆਂ ਨਿਵਿਦਾਵਾਂ (ਈ-ਨਿਵਿਦਾਵਾਂ) ਮੰਗ ਕਰਦੇ ਹਨ ਅਤੇ www.ireps.gov.in 'ਤੇ ਉਪਲਬਧ ਹਨ ਜਿਨ੍ਹਾਂ ਦੀ ਅੰਤਮ ਮਿਤੀ 14.11.2025 ਨੂੰ 15:00 ਵਜੇ ਤਕ ਹੈ। ਬੋਲੀਦਾਤਾ ਆਪਣੀ ਮੂਲ/ਸੰਸ਼ੋਧਿਤ ਟੈਂਡਰ ਮਿਤੀ ਅਤੇ ਸਮੇਂ ਤਕ ਜਮ੍ਹਾ ਕਰ ਸਕਦੇ ਹਨ। ਇਨਾਂ ਟੈਂਡਰਾਂ ਦੇ ਲਈ ਮੈਨੂੰਅਲ ਪ੍ਰਸਤਾਵ ਮਾਨਯ ਨਹੀਂ ਹੈ ਅਤੇ ਐਸੇ ਕਿਸੇ ਵੀ ਮੈਨੂੰਅਲ ਆਫਰ ਨੂੰ ਅਣਦੇਖਾ ਕਰ ਦਿਤਾ ਜਾਵੇਗਾ। ਠੇਕੇਦਾਰ ਨੂੰ ਇਸ ਨਿਵਿਦਾ ਦੇ ਵਿਰੁਧ ਨਿਵਿਦਾ ਦਸਤਾਵੇਜ ਲਾਗਤ ਅਤੇ ਬਿਆਨਾ ਰਾਸ਼ੀ ਦਾ ਭੁਗਤਾਨ ਕੇਵਲ ਆਈਆਰਈਪੀਐਸ ਪੋਰਟਲ ਤੇ ਉਪਲਬਧ ਭੁਗਤਾਨ ਵਿਧੀਆਂ ਜਿਵੇਂ ਨੈਟ ਬੈਂਕਿੰਗ, ਡੇਬਿਟ ਕਾਰਡ, ਕਰੈਡਿਟ ਕਾਰਡ ਆਦਿ ਦੇ ਮਾਧਿਅਮ ਨਾਲ ਕਰਨ ਦੀ ਇਜਾਜਤ ਹੈ।

| ਲ. ਨੰ. | ਨਿਵਿਦਾ ਸੰਖਿਆ | ਨਿਵਿਦਾ ਦਾ ਵੇਰਵਾ | |
|---|---|---|---|
| 1 | 44-2025-26-DRM-JAT | ਸਹਾਇਕ ਮੰਡਲ ਇੰਜੀਨੀਅਰ ਜੰਮੂ ਤਵੀ ਦੇ ਤਹਿਤ KTHU ਅਤੇ BDHY ਸਟੇਸ਼ਨ ਉਤੇ ਬੋਰ ਦੇ ਨਾਲ, ਪੁਰਾਣੇ ਛੱਡੇ ਹੋਏ ਸਟੀਲ ਓਵਰਹੇਡ ਪਾਣੀ ਸਟੋਰੇਜ ਟੈਂਕ ਦੇ ਸਥਾਨ ਤੇ 02 ਨੰਬਰ 100 ਕੇਐਲ ਆਰਸੀਸੀ ਓਐਚ ਪਾਣੀ ਟੈਂਕ ਦਾ ਪ੍ਰਾਵਧਾਨ ਅਤੇ ਸਹਾਇਕ ਮੰਡਲ ਇੰਜੀਨੀਅਰ ਪਾਲਮਪੁਰ ਦੇ ਤਹਿਤ JWLS ਸਟੇਸ਼ਨ ਦੇ ਨਾਲ, ਪੁਰਾਣੇ ਛੱਡੇ ਹੋਏ ਸਟੀਲ ਓਵਰਹੇਡ ਪਾਣੀ ਸਟੋਰੇਜ ਟੈਂਕ ਦੀ ਥਾਂ ਤੇ 01 ਨੰਬਰ 100 ਕੇਐਲ ਆਰਸੀਸੀ ਓਐਚ ਪਾਣੀ ਟੈਂਕ ਦਾ ਪ੍ਰਾਵਧਾਨ। | |
| | ਵਿਗਿਆਪਨ ਮੁੱਲ (ਰੁ.) | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
| | 15597017.47 | 60 ਦਿਨ | 06 ਮਹੀਨੇ |
| 2 | 45-2025-26-DRM-JAT | ਸਹਾਇਕ ਮੰਡਲ ਇੰਜੀਨੀਅਰ ਪਠਾਨਕੋਟ ਦੇ ਅਧਿਕਾਰ ਖੇਤਰ ਵਿਚ (BPRS-MDPB,PTK-BAT ਨੂੰ ਛੱਡ ਕੇ) ਅਤੇ ਸਹਾਇਕ ਮੰਡਲ ਇੰਜੀਨੀਅਰ ਜੰਮੂ ਤਵੀ ਦੇ ਅਧਿਕਾਰ ਖੇਤਰ ਵਿਚ (MDPB-JAT) ਵਿਚ ਵਖ-ਵਖ ਟ੍ਰਨ ਆਊਟਸ, ਇਸ ਦੇ ਘਟਕਾਂ ਅਤੇ ਇਸ ਦੀ ਸਬੰਧ ਗਤੀਵਿਧੀਆਂ ਦਾ ਨਵੀਕਰਨ। | |
| | ਵਿਗਿਆਪਨ ਮੁੱਲ (ਰੁ.) | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
| | 40039650.26 | 60 ਦਿਨ | 12 ਮਹੀਨੇ |
| 3 | 46-2025-26-DRM-JAT | ਸਹਾਇਕ ਮੰਡਲ ਇੰਜੀਨੀਅਰ ਜੰਮੂ ਤਵੀ ਦੇ ਤਹਿਤ ਸੀਨੀਅਰ ਅਨੁਭਾਗ ਇੰਜੀਨੀਅਰ ਕਠੂਆ ਦੇ ਸੈਕਸ਼ਨ ਵਿਚ ਵਖ-ਵਖ ਟ੍ਰੈਕ ਰਖਰਖਾਅ ਕੰਮਾਂ ਦੇ ਲਈ ਵਖ-ਵਖ ਪੀ.ਵੇ. ਜੋਨ ਕੰਮ | |
| | ਵਿਗਿਆਪਨ ਮੁੱਲ (ਰੁ.) | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
| | 8999107.77 | 60 ਦਿਨ | 12 ਮਹੀਨੇ |
| 4 | 48-2025-26-DRM-JAT | ਸਹਾਇਕ ਮੰਡਲ ਇੰਜੀਨੀਅਰ / ਰੇਲ ਪਥ / ਨੈਰੋ ਗੇਜ ਦੇ ਸੈਕਸ਼ਨ ਵਿਚ ਸੇਸ ਮੁਰੰਮਤ, ਪੁਲ ਦੇ ਜਲਮਾਰਗ ਦੀ ਸਫਾਈ, ਸਾਈਡ ਡ੍ਰੇਨ ਕੈਚ ਵਾਟਰ ਡ੍ਰੇਨ ਆਦਿ ਦੀ ਸਫਾਈ | |
| | ਵਿਗਿਆਪਨ ਮੁੱਲ (ਰੁ.) | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
| | 3999894.66 | 60 ਦਿਨ | 06 ਮਹੀਨੇ |
| 5 | 50-2025-26-DRM-JAT | ਸਹਾਇਕ ਮੰਡਲ ਇੰਜੀਨੀਅਰ ਪਾਲਮਪੁਰ ਦੇ ਤਹਿਤ PTK-JDNX ਸੈਕਸ਼ਨ ਵਿਚ ਜੰਗਲ ਦੀ ਸਫਾਈ (ਡੀਵੀਡਿੰਗ) ਅਤੇ ਬੈਲਾਸਟ ਦੀ ਬਾਕਸਿੰਗ ਦਾ ਕੰਮ। | |
| | ਵਿਗਿਆਪਨ ਮੁੱਲ (ਰੁ.) | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
| | 4469602.90 | 60 ਦਿਨ | 06 ਮਹੀਨੇ |

ਨੋਟ : 1. ਠੇਕੇਦਾਰਾਂ ਨੂੰ ਸਲਾਹ ਦਿਤੀ ਜਾਂਦੀ ਹੈ ਕਿ ਉਹ ਬੋਲੀਆਂ ਪੇਸ਼ ਕਰਨ ਤੋਂ ਪਹਿਲਾਂ ਇਸ ਨਿਵਿਦਾ ਦੇ ਵਿਰੁਧ ਜਾਰੀ ਕਿਸੇ ਵੀ ਸ਼ੁਧੀ ਪੱਤਰ ਦੇ ਲਈ ਆਈਆਰਈਪੀਐਸ ਵੈਬਸਾਈਟ ਵੇਖਣ। 2. ਜੇਕਰ ਹਿੰਦੀ ਇਸ਼ਤਿਹਾਰ ਵਿਚ ਕੋਈ ਗਲਤੀ ਪਾਈ ਜਾਂਦੀ ਹੈ ਤਾਂ ਅੰਗ੍ਰੇਜੀ ਇਸ਼ਤਿਹਾਰ ਮਾਨਯ ਹੋਵੇਗਾ। 3329/25

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## COURT NOTICE

(U/o 5 Rule 20 CPC)
In the Court of Gurkirat Singh
Civil Judge (Junior Division) Amritsar
CNR No. PBAS02-004717-2024 Next Date:- 07-11-2025
Baldev Raj S/O Sh. Piara Lal R/O H. No. D-7/280, Ravi Das Mohalla, Main Gali Kot Khalsa, Tehsil and Distt. Amritsar
Vs.
(1) Sitara Singh S/o Ajit Singh R/o Village Khaira Tehsi Attari, Distt. Amritsar.....etc.
Cs For Damanges

Publication Issued To:
(5) PRO T.V., A Web Channel, Having office at Property No. 990, Sector 82, J.L.P.L, Industrial Area, Sahibzada Ajit Singh Nagar, (Mohali) Punjab-140308, Through Its Principal Officer.

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 07-11-2025 at 10:00 a.m.

For details logon to https://highcourtchd.gov.in/?trs district_notice&district=Amritsar

Dated, this day of 24-10-2025 Civil Judge (Junior Division) Amritsar

## ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸਹਾਇਕ ਕੁਲੈਕਟਰ ਦਰਜਾ ਪਹਿਲਾ (ਤਹਿਸੀਲਦਾਰ) ਸਮਾਣਾ, ਪਟਿਆਲਾ

| | | |
|---|---|---|
| ਮਿਸਲ ਨੰ.37/ ਆਰ-1 | ਰਜੂਆ - 07.07.2021 08.08.2024 | ਫੈਸਲਾ - ਪੈਂਡਿੰਗ |
| ਅਨੁਵਾਨ ਕੇਸ - ਸੁਖਦੀਪ ਸਿੰਘ | ਬਨਾਮ | ਮਨਿੰਦਰ ਸਿੰਘ ਵਗੈਰਾ |
| ਵਾਕਾ ਰਕਬਾ - ਚੌਂਹਠ | ਕਿਸਮ - ਤਕਸੀਮ ਅਰਾਜੀ | |

ਇਸ ਨੋਟਿਸ ਰਾਹੀਂ ਹੇਠ ਦਰਜ ਧਿਰਾਂ ਅਤੇ ਆਮ ਪਬਲਿਕ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਪਰੋਕਤ ਅਨੁਵਾਨ ਕੇਸ ਨਿਮਨ ਹਸਤਾਖਰ ਦੀ ਅਦਾਲਤ ਵਿੱਚ ਮਿਤੀ 21-11-2025 ਨੂੰ ਸੁਣਵਾਈ ਲਈ ਲੱਗਾ ਹੋਇਆ ਹੈ। ਉਕਤ ਅਨੁਵਾਨ ਕੇਸ ਸੰਬੰਧੀ ਜੇਕਰ ਹੇਠ ਦਰਜ ਕਿਸੇ ਵੀ ਧਿਰ ਜਾਂ ਆਮ ਪਬਲਿਕ ਨੂੰ ਉਕਤ ਅਨੁਵਾਨ ਕੇਸ ਸੰਬੰਧੀ ਕੋਈ ਇਤਰਾਜ਼ ਹੈ, ਤਾਂ ਉਹ ਮਿਤੀ ਮੁਕੱਰਰ ਮਿਤੀ ਨੂੰ ਖੁਦ ਜਾਂ ਆਪਣੇ ਵਕੀਲ ਰਾਹੀਂ ਹਾਜ਼ਰ ਅਦਾਲਤ ਹੋ ਕੇ ਆਪਣਾ ਇਤਰਾਜ਼ ਪੇਸ਼ ਕਰ ਸਕਦਾ ਹੈ। ਇਸ ਤੋਂ ਇਲਾਵਾ ਜੇਕਰ ਕਿਸੇ ਮਸੂਲ ਦੀ ਮੌਤ ਹੋ ਚੁੱਕੀ ਹੋਵੇ ਤਾਂ ਉਸ ਦੇ ਵਾਰਸ ਵੀ ਕੇਸ ਦੀ ਪੈਰਵੀ ਕਰ ਸਕਦੇ ਹਨ। ਮਿਤੀ ਮੁਕੱਰਰ ਤੱਕ ਕੋਈ ਵੀ ਇਤਰਾਜ਼ ਨਾ ਆਉਣ ਦੀ ਸੂਰਤ ਵਿੱਚ ਕੇਸ ਦਾ ਨਿਯਮਾਂ ਅਨੁਸਾਰ ਕੇਸ ਵਿੱਚ ਅਗਲੇਰੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਧਿਰਾਂ :- ਮਸੂਲ ਨੰਬਰ 1) ਮਨਿੰਦਰ ਸਿੰਘ ਪੁੱਤਰ ਗੁਰਚਰਨ ਸਿੰਘ 2) ਪਰਮਿੰਦਰ ਸਿੰਘ ਪੁੱਤਰ ਭਗਵਾਨ ਸਿੰਘ 3) ਸੁਖਵਿੰਦਰ ਸਿੰਘ ਪੁੱਤਰ ਪਰਮਿੰਦਰ ਸਿੰਘ 8) ਬਿੰਦੂ ਜਿੰਦਲ ਪਤਨੀ ਵਿਨੋਦ ਜਿੰਦਲ ਖੇਵਟਦਾਰ ਪਿੰਡ ਚੌਂਹਠ, ਤਹਿਸੀਲ ਸਮਾਣਾ, ਜ਼ਿਲ੍ਹਾ ਪਟਿਆਲਾ।

ਅੱਜ ਇਹ ਇਸ਼ਤਿਹਾਰ ਮੇਰੇ ਦਸਤਖਤ ਅਤੇ ਮੋਹਰ ਨਾਲ ਜਾਰੀ ਕੀਤਾ ਗਿਆ ਹੈ।

ਨੰਬਰ 455/ਰੀਡਰ-1 ਮਿਤੀ : 29/08/2025 ਸਹੀ/- ਸਹਾਇਕ ਕੁਲੈਕਟਰ ਦਰਜਾ ਪਹਿਲਾ (ਤਹਿਸੀਲਦਾਰ), ਸਮਾਣਾ।

## PUBLIC NOTICE

It is hereby notified to the General Public that my client Sh. Rann Vijay Singh (Aadhar Card No. 5486 0044 0725) S/o Late Sh. Harwinder Pal Singh R/o Village Ramuwal, Mehatpur, Tehsil Nakodar, Distt. Jalandhar has revoked the General Power of Attorney dated 27.04.2021 bearing Document No. 2021-22/14/4/39 registered in the office of the Joint Sub Registrar, Dera Bassi executed in favour of Sh. Jasbir Singh Toor (Aadhar Card No.3648 3450 9916) s/o Sh. Sarwan Singh R/o H. No.60, Rajinder Nagar, Near Congress Bhawan, Jalandhar vide Deed of Revocation dated 23.10.2025 duly registered in the Office of Joint Sub Registrar, Dera Bassi as Document No.2025-26/14/4/676. The said Sh. Jasbir Singh Toor is not authorized to do any act, deed or thing on behalf of or in the name of my client henceforth in respect of Land measuring 4 Kanals 3 Marlas comprised in Khasra No.42//11/2(4-3) situated at Village Ramuwal, H. B. No.323, Tehsil Nakodar (Mehatpur), Distt. Jalandhar owned by my client and anybody dealing with the said Sh. Jasbir Singh Toor on behalf of my client in respect of the aforesaid land owned by my client shall be doing so at his/her own risk and peril and my client shall not be held liable for the same in any manner.

Inderjit Singh Bhatia, Advocate,
169-L, Model Town, Jalandhar-144003.
Mobile: 98140-63019
Email: isbhatia@rediffmail.com

## COURT NOTICE

(U/o 5 Rule 20 CPC)
In the Court of
Sh. Anupam Gupta
Civil Judge (Junior Division) -I, Barnala
MAYA
Vs.
GENERAL PUBLIC
CS/1263/2025
CNR No. PBBR02-001960-2025
Next Date:- 27-11-2025

Publication Issued To :
General Public

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 27-11-2025 at 10:00 a.m.

For details logon to https://highcourtchd.gov.in/?mod=district_notice&district=barnala

Civil Judge (Junior Division)-I Barnala
Dated, this day of 23-10-2025

## COURT NOTICE

(U/o 5 Rule 20 CPC)
In the Court of Sh. Varun Nagpal
Additional District and Sessions Judge -4, Patiala
CNR No. PBPT01-007890-2019
Next Date: 12-11-2025
Punjab State Grain Procurement Corporation Ltd.
Vs.
M/S Hemmant Rice Mills,

Publication Issued To:
M/S Hemant Rice Mills Through Its Prop. Tara Chand (Through His Lrs)
1. Promila (Widow)
2. Anuradha (Daughter)
3. Preety @ Bharti (Daughter)
All R/O Cinema Road, LIC Building, Nabha Road, Patiala

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 12-11-2025 at 10:00 a.m.

For details logon to https://highcourtchd.gov.in/?mod=district_notice&district=patiala

Additional District and Sessions Judge -4, Patiala
Dated, this day of 06-10-2025

## COURT NOTICE

(U/o 5 Rule 20 CPC)
In the Court of
Ms. Aman Sharma
Matrimonial Cases Special Courts Ajnala
CNR No. PBASF2-000083-2023
Next Date:- 14-11-2025
Parampal Singh
Vs.
Sandeep Kaur

Publication Issued To:
Sandeep Kaur
Spouse: Parampal Singh
D/O Jagtar Singh at Present Village Nabipur, Tehsil Patti District Tarntaran

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 14-11-2025 at 10:00 a.m.

For details logon to https://highcourtchd.gov.in/?trs=district_notice&district=Amritsar

Matrimonial Cases Special Courts Ajnala
Dated, this day of 17-09-2025

28 Oct Page 8.qxd 10/27/2025 10:37 PM Page 1



# ਯੂ ਐੱਫ ਸੀ ਪਾਵਰ ਸਲੈਪ 'ਚ ਭਾਰਤ ਦਾ ਝੰਡਾ ਲਹਿਰਾਇਆ

## ਜੁਝਾਰ ਸਿੰਘ ਟਾਈਗਰ ਪਹਿਲੇ ਭਾਰਤੀ ਤੇ ਪੰਜਾਬੀ ਸਿੱਖ ਐਥਲੀਟ ਬਣੇ

**ਸ੍ਰੀ ਚਮਕੌਰ ਸਾਹਿਬ (ਅਮਰਜੀਤ ਸਿੰਘ ਕਲਸੀ)**- ਭਾਰਤ ਦੇ ਜੁਝਾਰ ਸਿੰਘ ਟਾਈਗਰ ਨੇ ਦੁਨੀਆ ਦੇ ਸਭ ਤੋਂ ਤੇਜ਼ੀ ਨਾਲ ਵਧ ਰਹੇ ਅਤੇ ਸਭ ਤੋਂ ਮਹਿੰਗੇ ਖੇਡ ਪ੍ਰੋਗਰਾਮ ਯੂ ਐੱਫ ਸੀ (ਅਲਟੀਮੇਟ ਫਾਈਟਿੰਗ ਚੈਂਪੀਅਨਸ਼ਿਪ) ਦੇ ਪਾਵਰ ਸਲੈਪ ਪ੍ਰਮੋਸ਼ਨ ਵਿੱਚ ਇਤਿਹਾਸ ਰਚ ਦਿੱਤਾ ਹੈ।ਜੁਝਾਰ ਸਿੰਘ ਟਾਈਗਰ ਇਸ ਪ੍ਰੋਗਰਾਮ ਵਿੱਚ ਹਿੱਸਾ ਲੈਣ ਵਾਲੇ ਪਹਿਲੇ ਭਾਰਤੀ ਅਤੇ ਪੰਜਾਬੀ ਸਿੱਖ ਐਥਲੀਟ ਬਣੇ ਅਤੇ ਭਾਰਤ ਦੀ ਪਹਿਲੀ ਜਿੱਤ ਪ੍ਰਾਪਤ ਕੀਤੀ। ਇਹ ਮੁਕਾਬਲਾ ਸੰਯੁਕਤ ਰਾਜ ਅਮਰੀਕਾ ਵਿੱਚ ਆਯੋਜਿਤ ਕੀਤਾ ਜਾਂਦਾ ਹੈ ਅਤੇ ਪਹਿਲਾ ਮੁਕਾਬਲਾ ਅਬੂ ਧਾਬੀ ਵਿੱਚ ਖੇਡਿਆ ਗਿਆ ਸੀ। ਉਨ੍ਹਾਂ ਦੇ ਪ੍ਰਭਾਵਸ਼ਾਲੀ ਪ੍ਰਦਰਸ਼ਨ ਨੇ ਉਨ੍ਹਾਂ ਨੂੰ ਬਹੁਤ ਅੰਤਰਰਾਸ਼ਟਰੀ ਮਾਨਤਾ ਦਿੱਤੀ ਹੈ ਅਤੇ ਦੇਸ਼ ਦਾ ਮਾਣ ਵਧਾਇਆ ਹੈ। ਉਨ੍ਹਾਂ ਦੀ ਸ਼ਾਨਦਾਰ ਪ੍ਰਾਪਤੀ ਨੂੰ ਯਾਦ ਕਰਨ ਲਈ



ਜੀਨੀਅਸ ਇੰਟਰਨੈਸ਼ਨਲ ਪਬਲਿਕ ਸਕੂਲ ਵਿਖੇ ਇੱਕ ਵਿਸ਼ੇਸ਼ ਸਮਾਰੋਹ ਆਯੋਜਿਤ ਕੀਤਾ ਗਿਆ, ਜਿੱਥੇ ਸਕੂਲ ਪ੍ਰਬੰਧਨ ਸੂਬਾ ਭੁਪਿੰਦਰ ਸਿੰਘ ਨੇ ਜੁਝਾਰ ਸਿੰਘ ਨੂੰ ਸਨਮਾਨਤ ਕੀਤਾ।ਸ. ਜੁਝਾਰ ਸਿੰਘ ਟਾਈਗਰ ਜੀਨੀਅਸ ਸਕੂਲ ਵਿੱਚ ਇੱਕ ਅਧਿਆਪਕ ਅਤੇ ਕੋਚ ਹਨ।ਸਾਰੇ ਵਿਦਿਆਰਥੀਆਂ ਨੇ ਉਨ੍ਹਾਂ ਨੂੰ ਜਿੱਤ ਦੀ ਤਾੜੀ ਨਾਲ ਸਲਾਮੀ ਦਿੱਤੀ। ਸਕੂਲ ਪ੍ਰਬੰਧਨ ਸੂਬਾ ਭੁਪਿੰਦਰ ਸਿੰਘ ਅਤੇ ਸ਼੍ਰੀਮਤੀ ਗੁਣਵੰਤ ਕੌਰ ਨੇ ਜੁਝਾਰ ਸਿੰਘ ਨੂੰ ਵਧਾਈ ਦਿੱਤੀ ਅਤੇ ਆਸ਼ੀਰਵਾਦ ਦਿੱਤਾ। ਸਕੂਲ ਮੈਨੇਜਰ ਸ਼੍ਰੀ ਭਗਵਾਨ ਸਿੰਘ ਵੀ ਮੌਜੂਦ ਸਨ ਅਤੇ ਉਨ੍ਹਾਂ ਨੇ ਆਪਣੀਆਂ ਦਿਲੋਂ ਸ਼ੁਭਕਾਮਨਾਵਾਂ ਦਿੱਤੀਆਂ। ਸਕੂਲ ਡਾਇਰੈਕਟਰ ਗੁਰਪ੍ਰੀਤ ਮਾਥੁਰ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ, 'ਇਹ ਸਾਡੇ ਲਈ ਮਾਣ ਵਾਲੀ ਗੱਲ ਹੈ ਕਿ ਜੁਝਾਰ ਸਿੰਘ ਟਾਈਗਰ ਵਿਸ਼ਵ ਚੈਂਪੀਅਨ ਬਣ ਗਿਆ ਹੈ ਅਤੇ ਹੁਣ ਉਹ ਸਾਡੇ ਸਕੂਲ ਦੇ ਬੱਚਿਆਂ ਨੂੰ ਉਸੇ ਦਿਸ਼ਾ ਵਿੱਚ ਤਿਆਰ ਕਰ ਰਿਹਾ ਹੈ ਤਾਂ ਜੋ ਉਹ ਵੀ ਆਪਣੇ ਸਕੂਲ ਅਤੇ ਮਾਪਿਆਂ ਦਾ ਨਾਮ ਰੌਸ਼ਨ ਕਰ ਸਕਣ।'

# ਜ਼ਿਲ੍ਹਾ ਪੱਧਰੀ ਖੇਡਾਂ ਦਾ ਦੂਜਾ ਪੜਾਅ ਅੱਜ ਤੋਂ

**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)**- ਉਪ ਜ਼ਿਲ੍ਹਾ ਸਿੱਖਿਆ ਅਫ਼ਸਰ (ਐਲੀਮੈਂਟਰੀ) ਅਮਨਦੀਪ ਸ਼ਰਮਾ ਨੇ ਦੱਸਿਆ ਕਿ ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਚੱਲ ਰਹੀਆਂ ਜ਼ਿਲ੍ਹਾ ਪੱਧਰੀ ਖੇਡ ਮੁਕਾਬਲਿਆਂ ਦਾ ਦੂਜਾ ਪੜਾਅ 28 ਅਕਤੂਬਰ ਤੋਂ ਸ਼ੁਰੂ ਹੋਣ ਜਾ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਖੇਡਾਂ ਦਾ ਆਯੋਜਨ ਲਾਜਵੰਤੀ ਮਲਟੀਪਰਪਜ਼ ਸਟੇਡੀਅਮ ਹੁਸ਼ਿਆਰਪੁਰ ਵਿੱਚ ਕੀਤਾ ਜਾਵੇਗਾ ਜਿਸ ਦਾ ਰਸਮੀ ਉਦਘਾਟਨ ਸਵੇਰੇ 10 ਵਜੇ ਹੋਵੇਗਾ।ਇਸ ਮੌਕੇ ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਮੁੱਖ ਮਹਿਮਾਨ ਵਜੋਂ ਹਾਜ਼ਰ ਹੋਣਗੇ, ਜਦਕਿ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਵਿਸ਼ੇਸ਼ ਅਤਿਥੀ ਵਜੋਂ ਪ੍ਰੋਗਰਾਮ ਦੀ ਸ਼ੋਭਾ ਵਧਾਉਣਗੇ।ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਅਮਨਦੀਪ ਸ਼ਰਮਾ ਨੇ ਦੱਸਿਆ ਕਿ ਜ਼ਿਲ੍ਹੇ ਦੇ ਸਾਰੇ ਬਲਾਕਾਂ ਦੀਆਂ ਟੀਮਾਂ ਇਸ ਪੜਾਅ ਵਿੱਚ ਹਿੱਸਾ ਲੈਣਗੀਆਂ। ਉਨ੍ਹਾਂ ਨੇ ਸਾਰੇ ਅਧਿਆਪਕਾਂ ਅਤੇ ਕਰਮਚਾਰੀਆਂ ਨੂੰ ਹਦਾਇਤ ਦਿੱਤੀ ਹੈ ਕਿ ਸਾਰੀਆਂ ਟੀਮਾਂ ਆਪਣੇ ਵਿਦਿਆਰਥੀਆਂ ਸਮੇਤ ਸਵੇਰੇ 9 ਵਜੇ ਤੱਕ ਸਟੇਡੀਅਮ ਵਿੱਚ ਪਹੁੰਚ ਜਾਣ, ਤਾਂ ਜੋ ਪ੍ਰੋਗਰਾਮ ਦਾ ਸ਼ੁਰੂਆਤ ਸਮੇਂ ਸਿਰ ਕੀਤੀ ਜਾ ਸਕੇ। ਅਮਨਦੀਪ ਸ਼ਰਮਾ ਨੇ ਕਿਹਾ ਕਿ ਜਿਨ੍ਹਾਂ ਕਰਮਚਾਰੀਆਂ ਦੀ ਡਿਊਟੀ ਜਿਸ ਖੇਡ ਬਲਾਕ ਵਿੱਚ ਲੱਗੀ ਹੈ, ਉਹ ਆਪਣੀ ਜ਼ਿੰਮੇਵਾਰੀ ਸਮੇਂ ਸਿਰ ਅਤੇ ਨਿਭਾਅ ਨਾਲ ਪੂਰੀ ਕਰਨ। ਉਨ੍ਹਾਂ ਕਿਹਾ ਕਿ ਖੇਡ ਮੈਦਾਨ ਵਿੱਚ ਅਨੁਸ਼ਾਸਨ, ਸਮੇਂ ਦੀ ਪਾਬੰਦੀ ਅਤੇ ਸੁਰੱਖਿਆ ਉੱਤੇ ਖਾਸ ਧਿਆਨ ਦਿੱਤਾ ਜਾਵੇਗਾ। ਬੱਚਿਆਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਸਾਰੀਆਂ ਟੀਮਾਂ ਦੇ ਇੰਚਾਰਜਾਂ ਅਤੇ ਅਧਿਆਪਕਾਂ ਨੂੰ ਆਦੇਸ਼ ਦਿੱਤੇ ਗਏ ਹਨ ਕਿ ਉਹ ਆਪਣੇ ਖਿਡਾਰੀਆਂ ਦੀ ਪੂਰੀ ਦੇਖਭਾਲ ਕਰਨ ਤੇ ਉਨ੍ਹਾਂ ਨੂੰ ਹੌਸਲਾ ਦੇਣ।



# ਚਿੰਗ-ਫੂੰਗਲੀ ਮੈਜ਼ਿਕ ਸ਼ੋਅ ਕਰਵਾਇਆ

**ਜਲੰਧਰ (ਸ਼ੈਲੀ ਐਲਬਰਟ)**- ਮੇਹਰਚੰਦ ਪੋਲੀਟੈਕਨਿਕ ਕਾਲਜ ਜਲੰਧਰ ਵਿਖੇ ਪੁਰਾਣੇ ਵਿਦਿਆਰਥੀ ਮਤੁਲ ਵਰਮਾ, ਜੋ ਕਿ ਆਪਣੇ ਸਮੇਂ ਦੇ ਪ੍ਰਸਿੱਧ ਜਾਦੂਗਰ ਚਿੰਗ-ਫੂੰਗਲੀ ਦੇ ਸਪੁੱਤਰ ਹਨ ਵੱਲੋਂ ਕਾਲਜ ਦੇ ਵਿਦਿਆਰਥੀਆਂ ਲਈ ਵਿਸ਼ੇਸ਼ ਚਿੰਗ-ਫੂੰਗਲੀ ਮੈਜਿਕ ਸ਼ੋਅ ਕਰਵਾਇਆ ਗਿਆ , ਜੋ ਕਿ ਸਮੂਹ ਸਟਾਫ ਅਤੇ ਵਿਦਿਆਰਥੀਆਂ ਵਲੋਂ ਬੜੇ ਹੀ ਚਾਅ ਅਤੇ ਉਤਸ਼ਾਹ ਨਾਲ ਵੇਖਿਆ ਗਿਆ। ਇਸ ਮੈਜਿਕ ਸ਼ੋਅ ਦਾ ਆਰੰਭ ਪ੍ਰਿੰਸੀਪਲ ਡਾ. ਜਗਰੂਪ ਸਿੰਘ ਵਲੋਂ ਰਿੱਬਨ ਕੱਟ ਕੇ ਕੀਤਾ ਗਿਆ। ਜਾਦੂਗਰ ਮਤੁਲ ਵਰਮਾ ਵੱਲੋਂ ਬੜੇ ਹੀ ਰੋਮਾਂਚਕਾਰੀ, ਹੈਰਾਨੀਜਨਕ ਅਤੇ ਕੌਤਕ ਭਰੇ ਐਕਟ ਵਿਖਾਏ ਗਏ। ਜਿਨ੍ਹਾਂ ਵਿੱਚ ਲੜਕੀ ਨੂੰ ਹਵਾ ਵਿੱਚ ਉਡਾਉਣਾ, ਖਾਲੀ ਲੋਟੇ ਵਿੱਚੋਂ ਬਾਰ-ਬਾਰ ਪਾਣੀ ਕੱਢਣਾ, ਬਕਸੇ ਵਿੱਚ ਲੜਕੀ ਦੇ ਅੱਧੇ ਹਿੱਸੇ ਨੂੰ ਟਵਿਸਟ ਕਰਨਾ, ਮੂੰਹ ਵਿੱਚੋਂ ਬਲੇਡਾਂ ਦੀ ਲੜੀ ਕੱਢਣਾ ਆਦਿ। ਪ੍ਰਿੰਸੀਪਲ ਡਾ. ਜਗਰੂਪ ਸਿੰਘ ਨੇ ਕਿਹਾ ਕਿ ਮਤੁਲ ਵਰਮਾ ਨੇ ਕਾਲਜ ਤੋਂ 1981-84 ਵਿੱਚ ਤਿੰਨ ਸਾਲ ਦਾ ਡਿਪਲੋਮਾ ਕੀਤਾ ਤੇ ਫਿਰ ਜਲੰਧਰ ਸ਼ਹਿਰ ਦੇ ਨਾਮੀ ਆਰਕੀਟੈਕਟ ਬਣੇ । ਉਹਨਾ ਦੇ ਬੈਚ ਦੇ ਕਾਫੀ ਵਿਦਿਆਰਥੀ ਪਹੁੰਚੇ ਸਨ, ਜਿਨ੍ਹਾਂ ਵਿੱਚ ਵਿਨੋਦ ਕਪੂਰ , ਪ੍ਰਦੀਪ ਢੀਂਗਰਾ, ਅਨਿਲ ਸਹਿਗਲ ਤੇ ਅਮਰਨਾਥ ਸ਼ਾਮਿਲ ਸਨ। ਇਹਨਾਂ ਨੇ ਇੱਕਠੇ ਹੋ ਕੇ 11000 ਰੁਪਏ ਸਾਲਾਨਾ ਮੇਹਰਚੰਦ ਪੋਲੀਟੈਕਨਿਕ ਦੇ ਇੱਕ ਵਿਦਿਆਰਥੀ ਲਈ ਸਕਾਲਰਸ਼ਿਪ ਹਾਰਮਨੀ-84 ਦੇਣ ਦਾ ਐਲਾਨ ਕੀਤਾ ਤੇ ਪਹਿਲਾ ਚੈਕ ਪ੍ਰਿੰਸੀਪਲ ਡਾ . ਜਗਰੂਪ ਸਿੰਘ ਨੂੰ ਸੌਂਪਿਆ। ਪੂਰੇ ਸ਼ੋਅ ਦੌਰਾਨ ਤਾੜੀਆਂ ਵੱਜਦੀਆ ਰਹੀਆਂ ਤੇ ਸਟਾਫ ਤੇ ਵਿਦਿਆਰਥੀਆ ਨੇ ਜਾਦੂਗਰ ਮਤੁਲ ਵਰਮਾ ਦੀ ਟੀਮ ਦੀ ਹੌਸਲਾ ਅਫਜਾਈ ਕੀਤੀ। ਇਸ ਮੌਕੇ ਡਾ. ਸੰਜੇ ਬਾਂਸਲ, ਡਾ. ਰਾਜੀਵ ਭਾਟੀਆ, ਮੰਜੂ, ਤਿਰਲੋਕ ਸਿੰਘ, ਪ੍ਰਿੰਸ ਮਦਾਨ, ਵਿਕਰਮਜੀਤ ਸਿੰਘ, ਪ੍ਰੀਤ ਕੰਵਲ, ਗੌਰਵ ਸ਼ਰਮਾ ਤੇ ਸੁਸ਼ੀਲ ਕੁਮਾਰ ਸ਼ਾਮਿਲ ਸਨ।



# ਜਸਵੀਰ ਕੌਰ ਜੱਸੀ ਨੂੰ ਸਮਰਪਿਤ ਕਵੀ ਦਰਬਾਰ

**ਗੁਰਾਇਆ (ਬਿੰਦਰ ਸੁੰਮਨ)**- ਪੰਜਾਬੀ ਸਾਹਿਤ ਸਭਾ ਗੁਰਾਇਆ ਵੱਲੋਂ ਮਰਹੂਮ ਕਵਿਤਰੀ ਜਸਵੀਰ ਕੌਰ ਜੱਸੀ ਦੀ ਯਾਦ ਨੂੰ ਸਮਰਪਿਤ ਕਵੀ ਦਰਬਾਰ ਅਮਰੀਕ ਸਿੰਘ ਪ੍ਰਧਾਨ ਪੰਜਾਬੀ ਸਾਹਿਤ ਸਭਾ ਗੁਰਾਇਆ



ਦੀ ਅਗਵਾਈ ਹੇਠ ਕਰਵਾਇਆ ਗਿਆ, ਜਿਸ ਵਿਚ ਪੰਜਾਬ ਦੇ ਨਾਮਵਰ ਕਵੀ ਸੋਹਣ ਸਿੰਘ ਡਿੰਗਰ, ਲਸ਼ਕਰ ਸਰਗੁੰਦੀ, ਰਿਖੀ ਰੰਧਾਵਾ, ਚਰਨਜੀਤ ਅੱਟਾ, ਲਸ਼ਕਰ ਮਿੱਠੜਾ, ਅਮਰਜੀ ਕੌਲ, ਪੰਛੀ ਡੱਲੇਵਾਲ, ਡਾਕਟਰ ਕਿਸ਼ੋਰ ਕੁਮਾਰ ਲਾਹੜ, ਗੱਗੀ ਸ਼ਾਹਪੁਰ, ਕੈਪਟਨ ਦਵਿੰਦਰ ਸਿੰਘ, ਮਾਸਟਰ ਜੀਵਨ ਸੇਦੋਵਾਲ, ਦਕਸ ਬੱਧਣ, ਸਤਨਾਮ ਸਿੰਘ ਆਦਿ ਕਵੀਆਂ ਨੇ ਆਪਣੀ ਹਾਜ਼ਰੀ ਭਰੀ। ਇਸ ਮੌਕੇ ਅਮਰੀਕ ਸਿੰਘ ਦੀ ਸੱਤਵੀ ਕਿਤਾਬ ਰੰਗਲੀ ਧਰਤੀ ਲਾਲੋ ਲਾਲ ਦੀ ਘੁੰਡ ਚੁਕਾਈ ਕੀਤੀ ਗਈ। ਕਵੀ ਦਰਬਾਰ ਵਿੱਚ ਭਾਗ ਲੈਣ ਵਾਲੇ ਕਵੀਆਂ ਨੂੰ ਸਭਾ ਦੇ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਨਛੱਤਰ ਸਿੰਘ ਭੱਟੀ, ਮਹਿੰਦਰ ਸਿੰਘ ਭੰਮਰਾ, ਦਰਸ਼ਨ ਸਿੰਘ ਕ੍ਰਾਂਤੀ, ਅਵਤਾਰ ਸਿੰਘ ਫਗਵਾੜਾ, ਬਲਜੀਤ ਸਿੰਘ , ਸਤਪਾਲ ਗੁਰਾਇਆ, ਹਰਪਾਲ ਸਿੰਘ, ਗਿਆਨੀ ਬਚਿੱਤਰ ਸਿੰਘ, ਹਰੀ ਰਾਮ ਧੁਲੇਤਾ, ਰਵੀ ਕਲੇਰ, ਸਰਬਜੀਤ ਸਿੰਘ ਸਾਬੀ, ਸਦਾ ਰਾਮ, ਐਡਵੋਕੇਟ ਮਨਜੋਤ ਸਿੰਘ ਤੋਂ ਇਲਾਵਾ ਸਹਿਤਕ ਪ੍ਰੇਮੀ ਹਾਜ਼ਰ ਸਨ। ਅਖੀਰ ਵਿਚ ਅਮਰੀਕ ਸਿੰਘ ਅਤੇ ਲਸਕਰ ਸਰਗੁੰਦੀ ਨੇ ਆਏ ਕਵੀਆਂ ਦਾ ਧੰਨਵਾਦ ਕੀਤਾ।

# ਦੂਸਰਾ ਮਈਆ ਭਗਵਾਨ ਯਾਦਗਾਰੀ ਕਬੱਡੀ ਕੱਪ 2 ਨੂੰ

**ਫਿਲੌਰ (ਨਿਰਮਲ)**- ਜੈ ਮਈਆ ਭਗਵਾਨ ਜੀ ਕਲੱਬ ਫਿਲੌਰ ਵੱਲੋਂ ਦੂਸਰਾ ਮਈਆ ਭਗਵਾਨ ਯਾਦਗਾਰੀ ਕਬੱਡੀ ਕੱਪ 2 ਨਵੰਬਰ ਦਿਨ ਐਤਵਾਰ ਨੂੰ ਮੁੰਡਿਆਂ ਦੇ ਸਕੂਲ ਦੀ ਗਰਾਊਂਡ ਵਿੱਚ ਕਰਵਾਇਆ ਜਾ ਰਿਹਾ ਹੈ। ਇਸ ਕੱਪ ਨੂੰ ਲੈ ਕੇ ਦਰਬਾਰ ਮਈਆ ਭਗਵਾਨ ਜੀ ਦੇ ਗੱਦੀ ਨਸ਼ੀਨ ਮਈਆ ਨਿਮੋ ਮਹਾਰਾਜ ਤੋਂ ਅਸ਼ੀਰਵਾਦ ਲੈਣ ਉਪਰੰਤ ਟੂਰਨਾਮੈਂਟ ਸ਼ੁਰੂ ਹੋਵੇਗਾ। ਜਾਣਕਾਰੀ ਦਿੰਦੇ ਬਾਬਾ ਸਰੂਪ ਸਿੰਘ ਬੱਛੋਵਾਲ ਅਤੇ ਸੱਤਾ ਦੁਸਾਂਝ ਨੇ ਦੱਸਿਆ ਕਿ ਮਈਆ ਭਗਵਾਨ ਯਾਦਗਾਰੀ ਕਬੱਡੀ ਕੱਪ ਦੌਰਾਨ 8 ਚੋਟੀ ਦੀਆਂ ਕਲੱਬਾਂ ਦੇ ਖਿਡਾਰੀਆਂ ਦੇ ਮੈਚ ਕਰਵਾਏ ਜਾਣਗੇ। ਇਸ ਮੌਕੇ 60 ਸਾਲਾਂ ਦੇ ਬਜ਼ੁਰਗਾਂ ਅਤੇ ਲੜਕੀਆਂ ਦਾ ਸ਼ੋਅ ਮੈਚ ਕਰਵਾਇਆ ਜਾਵੇਗਾ। ਇਸ ਤੋਂ ਇਲਾਵਾ ਬਜ਼ੁਰਗਾਂ ਵੱਲੋਂ ਕੁਕੜ ਫੜਨ ਦਾ ਆਕਰਸ਼ਿਤ ਸ਼ੋਅ ਵੀ ਹੋਵੇਗਾ। ਉਨ੍ਹਾਂ ਦੱਸਿਆ ਕਿ ਮੈਚ ਦੌਰਾਨ ਪਹਿਲੇ ਨੰਬਰ ਦੀ ਜੇਤੂ ਰਹੀ ਟੀਮ ਨੂੰ 81 ਹਜ਼ਾਰ ਦੀ ਨਕਦੀ ਰਾਸ਼ੀ ਅਤੇ ਟਰਾਫੀ ਨਾਲ ਤੇ ਦੂਸਰੇ ਨੰਬਰ ਤੇ ਰਹੀ ਟੀਮ ਨੂੰ 61 ਹਜ਼ਾਰ ਰੁਪਏ ਦੀ ਨਕਦ ਰਾਸ਼ੀ ਅਤੇ ਟਰਾਫੀ ਦੇਕੇ ਸਨਮਾਨਤ ਕੀਤਾ ਜਾਵੇਗਾ।ਉਨ੍ਹਾਂ ਦੱਸਿਆ ਕਿ ਇਹ ਕੱਪ ਸੁਖਦੀਪ ਸਿੰਘ ਸੋਹੀ ਕਨੇਡਾ, ਬਾਬਾ ਸਰੂਪ ਸਿੰਘ ਬੱਛੋਵਾਲ ਸਾਬਕਾ ਚੈਅਰਮੈਨ ਮਾਰਕਿਟ ਕਮੇਟੀ ਫਿਲੌਰ, ਸੰਤੋਖ ਸਿੰਘ ਢੇਸੀ ਕਨੇਡਾ ਬੱਛੋਵਾਲ, ਮਾਨੀ ਮੁਠੱਡਾ, ਗੱਗਾ ਤੇਹਿੰਗ, ਮਨੀ ਤੇਹਿੰਗ, ਸੰਦੀਪ ਯੂ ਕੇ, ਜੱਥੇਦਾਰ ਜਸਵੀਰ ਸਿੰਘ ਫਿਲੌਰ, ਹੈਪੀ ਬਰਾੜ ਆਸਟ੍ਰੇਲੀਆ, ਹਰਜੀਤ ਸਿੰਘ ਢੇਸੀ, ਸੁਰਿੰਦਰ ਪਾਲ ਸਿੰਘ ਢੇਸੀ ਸਰਪੰਚ ਬੱਛੋਵਾਲ, ਸਵਰਗਵਾਸੀ ਗੁਰਿੰਦਰ ਸਿੰਘ ਤੇ ਹੋਰਨਾਂ ਸਹਿਯੋਗੀ ਸੱਜਣਾਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ। ਇਸ ਮੌਕੇ ਅਤੁਟ ਲੰਗਰ ਦਰਬਾਰ ਮਈਆ ਭਗਵਾਨ ਜੀ ਵੱਲੋਂ ਵਰਤਾਇਆ ਜਾਵੇਗਾ। ਇਸ ਸਮੇਂ ਬਾਬਾ ਸ਼ੰਭੂ ਰਾਮ ਜੀ ਮੁੱਖ ਸੇਵਾਦਾਰ ਦਰਬਾਰ ਮਈਆ ਭਗਵਾਨ ਜੀ ਫਿਲੌਰ, ਬਾਬਾ ਸਰੂਪ ਸਿੰਘ ਬੱਛੋਵਾਲ, ਸਤਵਿੰਦਰ ਦੁਸਾਂਝ ਬੱਛੋਵਾਲ, ਅਰਸ਼ ਕਜਲਾ,ਅਮਨ ਸਹੋਤਾ, ਦਿਨੇਸ਼ ਸ਼ਰਮਾ,ਗਗਨ ਬਾਸੀ ਸੈਫਾਬਾਦ,ਸੋਖਾ ਭੈਣੀ ਕੋਚ ਤੇ ਹੋਰ ਹਾਜ਼ਰ ਸਨ।



# ਭਾਰਤ ਪੈਟਰੋਲੀਅਮ ਮੁੰਬਈ ਨੇ ਬੀ ਐੱਸ ਐੱਫ ਜਲੰਧਰ ਨੂੰ 2-1 ਨਾਲ ਹਰਾਇਆ

**ਜਲੰਧਰ (ਸ਼ੈਲੀ ਐਲਬਰਟ)**- ਭਾਰਤ ਪੈਟਰੋਲੀਅਮ ਮੁੰਬਈ ਨੇ ਬੀ ਐੱਸ ਐੱਫ ਜਲੰਧਰ ਨੂੰ ਸਖਤ ਮੁਕਾਬਲੇ ਮਗਰੋਂ 2-1 ਨਾਲ ਹਰਾ ਕੇ ਅਤੇ ਇੰਡੀਅਨ ਆਇਲ ਮੁੰਬਈ ਨੇ ਰੇਲ ਕੋਚ ਫੈਕਟਰੀ ਕਪੂਰਥਲਾ ਨੂੰ 5-2 ਨਾਲ ਹਰਾ ਕੇ 42ਵੇਂ ਇੰਡੀਅਨ ਆਇਲ ਸਰਵੋ ਸੁਰਜੀਤ ਹਾਕੀ ਟੂਰਨਾਮੈਂਟ ਵਿੱਚ ਤਿੰਨ ਅੰਕ ਹਾਸਲ ਕਰਕੇ ਜੇਤੂ ਸ਼ੁਰੂਆਤ ਕੀਤੀ। ਓਲੰਪੀਅਨ ਸੁਰਜੀਤ ਹਾਕੀ ਸਟੇਡੀਅਮ ਵਿੱਚ ਚਲ ਰਹੇ ਟੂਰਨਾਮੈਂਟ ਦੇ ਚੌਥੇ ਦਿਨ ਲੀਗ ਦੌਰ ਦੇ ਦੋ ਮੈਚ ਖੇਡੇ ਗਏ।ਪਹਿਲਾ ਲੀਗ ਮੈਚ ਪੂਲ ਸੀ ਵਿੱਚ ਭਾਰਤ ਪੈਟਰੋਲੀਅਮ ਮੁੰਬਈ ਅਤੇ ਬੀ ਐੱਸ ਐੱਫ ਜਲੰਧਰ ਦਰਮਿਆਨ ਖੇਡਿਆ ਗਿਆ। ਖੇਡ ਦੇ 23ਵੇਂ ਮਿੰਟ ਵਿੱਚ ਭਾਰਤ ਪੈਟਰੋਲੀਅਮ ਮੁੰਬਈ ਦੇ ਮਨਪ੍ਰੀਤ ਸਿੰਘ ਨੇ ਗੋਲ ਕਰਕੇ ਸਕੋਰ 1-0 ਕੀਤਾ। ਇਸ ਤੋਂ ਬਾਅਦ ਬੀਐਸਐਫ ਜਲੰਧਰ ਦੇ ਕਪਤਾਨ ਹਤਿੰਦਰ ਸਿੰਘ ਨੇ ਖੇਡ ਦੇ 41ਵੇਂ ਮਿੰਟ ਵਿੱਚ ਗੋਲ ਕਰਕੇ ਸਕੋਰ 1-1 ਕੀਤਾ। ਖੇਡ ਦੇ 47ਵੇਂ ਮਿੰਟ ਵਿੱਚ ਭਾਰਤ ਪੈਟਰੋਲੀਅਮ ਦੇ ਮਨਪ੍ਰੀਤ ਸਿੰਘ ਨੇ ਇਕ ਹੋਰ ਗੋਲ ਕਰਕੇ ਸਕੋਰ 2-1 ਕਰਕੇ ਮੈਚ ਜਿੱਤ ਲਿਆ ਅਤੇ ਤਿੰਨ ਅੰਕ ਹਾਸਲ ਕਰ ਲਏ। ਦੂਜਾ ਲੀਗ ਮੈਚ ਪੂਲ ਏ ਵਿੱਚ ਪਿਛਲੇ ਸਾਲ ਦੀ ਜੇਤੂ ਇੰਡੀਅਨ ਆਇਲ ਮੁੰਬਈ ਅਤੇ ਰੇਲ ਕੋਚ ਫੈਕਟਰੀ ਕਪੂਰਥਲਾ ਦਰਮਿਆਨ ਖੇਡਿਆ ਗਿਆ।ਖੇਡ ਦੇ 10ਵੇਂ ਮਿੰਟ ਵਿੱਚ ਰੇਲ ਕੋਚ ਫੈਕਟਰੀ ਕਪੂਰਥਲਾ ਦੇ ਸੁਦਰਸ਼ਨ ਸਿੰਘ ਨੇ ਗੋਲ ਕਰਕੇ ਸਕੋਰ 1-0 ਕੀਤਾ।ਅੱਧੇ ਸਮੇਂ ਤੱਕ ਰੇਲ ਕੋਚ ਫੈਕਟਰੀ 1-0 ਨਾਲ ਅੱਗੇ ਸੀ। ਖੇਡ ਦੇ 18ਵੇਂ ਮਿੰਟ ਵਿਚ ਇੰਡੀਅਨ ਆਇਲ ਦੇ ਸੁਮਿਤ ਕੁਮਾਰ ਨੇ ਗੋਲ ਕਰਕੇ ਸਕੋਰ 1-1 ਕੀਤਾ। ਖੇਡ ਦੇ 25ਵੇਂ ਮਿੰਟ ਵਿੱਚ ਇੰਡੀਅਨ ਆਇਲ ਦੇ ਅੰਤਰਰਾਸ਼ਟਰੀ ਖਿਡਾਰੀ ਅਫਾਨ ਯੂਸਫ ਨੇ ਗੋਲ ਕਰਕੇ ਸਕੋਰ 2-1 ਕੀਤਾ। ਖੇਡ ਦੇ 30ਵੇਂ ਮਿੰਟ ਵਿੱਚ ਇੰਡੀਅਨ ਆਇਲ ਦੇ ਅੰਤਰਰਾਸ਼ਟਰੀ ਖਿਡਾਰੀ ਤਲਵਿੰਦਰ ਸਿੰਘ ਨੇ ਪੈਨਲਟੀ ਕਾਰਨਰ ਰਾਹੀਂ ਗੋਲ ਕਰਕੇ ਸਕੋਰ 3-1 ਕੀਤਾ। ਖੇਡ ਦੇ 41ਵੇਂ ਮਿੰਟ ਵਿੱਚ ਰੇਲ ਕੋਚ ਫੈਕਟਰੀ ਦੇ ਜਗਿੰਦਰ ਰਾਵਤ ਨੇ ਗੋਲ ਕਰਕੇ ਸਕੋਰ 2-3 ਕੀਤਾ। ਖੇਡ ਦੇ 49ਵੇਂ ਮਿੰਟ ਵਿੱਚ ਇੰਡੀਅਨ ਆਇਲ ਦੇ ਤਲਵਿੰਦਰ ਸਿੰਘ ਨੇ ਗੋਲ ਕਰਕੇ ਸਕੋਰ 4-2 ਕੀਤਾ। ਖੇਡ ਦੇ 56ਵੇਂ ਮਿੰਟ ਵਿੱਚ ਇੰਡੀਅਨ ਆਇਲ ਦੇ ਰੋਸ਼ਨ ਮਿੰਜ ਨੇ ਗੋਲ ਕਰਕੇ ਸਕੋਰ 5-2 ਕੀਤਾ। ਇੰਡੀਅਨ ਆਇਲ ਨੇ ਇਹ ਮੈਚ ਜਿੱਤ ਕੇ ਤਿੰਨ ਅੰਕ ਹਾਸਲ ਕਰ ਲਏ। ਅੱਜ ਦੇ ਮੈਚਾਂ ਦੇ ਮੁੱਖ ਮਹਿਮਾਨ ਅਮੋਲਕ ਸਿੰਘ ਗਾਖਲ (ਅਮਰੀਕਾ) (ਜਿਨ੍ਹਾਂ ਵੱਲੋਂ ਟੂਰਨਾਮੈਂਟ ਦੀ ਜੇਤੂ ਟੀਮ ਨੂੰ 5.51 ਲੱਖ ਰੁਪਏ ਦਾ ਨਕਦ ਇਨਾਮ ਦਿੱਤਾ ਜਾਣਾ ਹੈ) ਸੁਖਜੀਤ ਸਿੰਘ ਚੀਮਾ (ਪੁਖਰਾਜ), ਆਸ਼ੂਤੋਸ਼ ਗੁਪਤਾ (ਐਗਜੀਕਿਊਟਿਵ ਡਾਇਰੈਕਟਰ ਇੰਡੀਅਨ ਆਇਲ), ਸਿਲਵੀ ਰਾਜੂ ਅੰਤਰਰਾਸ਼ਟਰੀ ਖਿਡਾਰੀ (ਮਲੇਸ਼ੀਆ) ਨੇ ਟੀਮਾਂ ਨਾਲ ਜਾਣ ਪਛਾਣ ਕੀਤੀ।



# 'ਐਪਰੀਸੀਏਸ਼ਨ ਡੇ' ਉਤਸ਼ਾਹ ਨਾਲ ਮਨਾਇਆ

**ਗੁਰਾਇਆ (ਬਿੰਦਰ ਸੁੰਮਨ)**- ਸ੍ਰੀ ਹਨੂਮਤ ਇੰਟਰਨੈਸ਼ਨਲ ਪਬਲਿਕ ਸਕੂਲ, ਗੋਰਾਇਆ ਵਿੱਚ 27 ਅਕਤੂਬਰ ਨੂੰ "ਐਪਰੀਸੀਏਸ਼ਨ ਡੇ" ਬਹੁਤ ਹੀ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਤੇ ਸ਼੍ਰੀ ਹਰਵਿੰਦਰ ਸਿੰਘ ਵਿਰਕ (ਐੱਸ ਐੱਸ ਪੀ ਜਲੰਧਰ-ਰੂਰਲ) ਮੁੱਖ ਮਹਿਮਾਨ ਵਜੋਂ ਹਾਜ਼ਰ ਰਹੇ। ਉਨ੍ਹਾਂ ਦੇ ਨਾਲ ਸਵਰਨ ਸਿੰਘ ਬਲ (ਡੀ ਐੱਸ ਪੀ ਫਿਲੌਰ) ਅਤੇ ਸਿਕੰਦਰ ਸਿੰਘ ਵਿਰਕ (ਐੱਸ ਐੱਚ ਓ ਗੋਰਾਇਆ) ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਸਨ। ਸਕੂਲ ਪ੍ਰਬੰਧਕ ਕਮੇਟੀ, ਪ੍ਰਿੰਸੀਪਲ, ਅਧਿਆਪਕ ਤੇ ਵਿਦਿਆਰਥੀਆਂ ਨੇ ਉਨ੍ਹਾਂ ਦਾ ਗਰਮਜੋਸ਼ੀ ਨਾਲ ਸਵਾਗਤ ਕੀਤਾ। ਪ੍ਰੋਗਰਾਮ ਦੀ ਸ਼ੁਰੂਆਤ ਦੀਪ ਪ੍ਰਜਵਲਨ ਨਾਲ ਹੋਈ। ਇਸ ਤੋਂ ਬਾਅਦ ਸਕੂਲ ਦੇ ਵਿਦਿਆਰਥੀਆਂ ਵੱਲੋਂ ਪੇਸ਼ ਕੀਤੇ ਗਏ ਰੰਗ-ਬਿਰੰਗੇ ਸੱਭਿਆਚਾਰਕ ਪ੍ਰੋਗਰਾਮ ਤੇ ਨਾਚ ਨੇ ਸਾਰੇ ਮਹਿਮਾਨਾਂ ਦਾ ਮਨ ਮੋਹ ਲਿਆ। ਸਾਰੇ ਸਕੂਲ ਵਿੱਚ ਖੁਸ਼ੀ ਤੇ ਮਾਣ ਦਾ ਮਾਹੌਲ ਛਾਇਆ ਹੋਇਆ ਸੀ। ਇਸ ਮੌਕੇ ਤੇ ਪੜ੍ਹਾਈ, ਖੇਡਾਂ, ਵਿਗਿਆਨ, ਕਲਾ, ਸਮਾਜਿਕ ਸੇਵਾ ਅਤੇ ਸੱਭਿਆਚਾਰਕ ਗਤੀਵਿਧੀਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਨੂੰ ਮੰਚ 'ਤੇ ਸਨਮਾਨਤ ਕੀਤਾ ਗਿਆ। ਮੁੱਖ ਮਹਿਮਾਨ ਹਰਵਿੰਦਰ ਸਿੰਘ ਵਿਰਕ ਨੇ



ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ "ਹਰ ਵਿਦਿਆਰਥੀ ਵਿੱਚ ਬੇਅੰਤ ਸਮਰੱਥਾ ਹੁੰਦੀ ਹੈ। ਅਨੁਸ਼ਾਸਨ, ਮਿਹਨਤ ਅਤੇ ਸਕਾਰਾਤਮਕ ਸੋਚ ਨਾਲ ਜੀਵਨ ਵਿੱਚ ਹਰ ਲਕਸ਼ ਹਾਸਲ ਕੀਤਾ ਜਾ ਸਕਦਾ ਹੈ।" ਉਨ੍ਹਾਂ ਨੇ ਵਿਦਿਆਰਥੀਆਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਦੀ ਵੀ ਸਲਾਹ ਦਿੱਤੀ। ਸਕੂਲ ਦੀ ਪ੍ਰਿੰਸੀਪਲ ਆਰਤੀ ਸੋਬਤੀ ਨੇ ਕਿਹਾ ਕਿ "ਸ੍ਰੀ ਹਨੂਮਤ ਇੰਟਰਨੈਸ਼ਨਲ ਪਬਲਿਕ ਸਕੂਲ ਦਾ ਉਦੇਸ਼ ਵਿਦਿਆਰਥੀਆਂ ਦੇ ਬੌਧਿਕ, ਨੈਤਿਕ, ਸ਼ਾਰੀਰਕ ਅਤੇ ਰਚਨਾਤਮਕ ਵਿਕਾਸ ਲਈ ਐਸਾ ਸਿੱਖਣ ਵਾਲਾ ਮਾਹੌਲ ਪ੍ਰਦਾਨ ਕਰਨਾ ਹੈ ਜਿੱਥੇ ਉਹ ਆਤਮਵਿਸ਼ਵਾਸ ਨਾਲ ਜੀਵਨ ਵਿੱਚ ਅੱਗੇ ਵੱਧ ਸਕਣ। ਸਕੂਲ ਪ੍ਰਬੰਧਕ ਕਮੇਟੀ ਨੇ ਮੁੱਖ ਮਹਿਮਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਤਰ੍ਹਾਂ ਦੇ ਪ੍ਰੇਰਨਾਦਾਇਕ ਸਮਾਰੋਹ ਵਿਦਿਆਰਥੀਆਂ ਵਿੱਚ ਆਤਮਵਿਸ਼ਵਾਸ ਅਤੇ ਉਤਸ਼ਾਹ ਦਾ ਸੰਚਾਰ ਕਰਦੇ ਹਨ। ਮੁੱਖ ਮਹਿਮਾਨ ਨੂੰ ਸਨਮਾਨ ਚਿੰਨ੍ਹ ਭੇਟ ਕੀਤਾ ਗਿਆ।

# ਕੁੱਲ ਹਿੰਦ ਕਿਸਾਨ ਸਭਾ ਦਾ ਡੈਲੀਗੇਟ ਅਜਲਾਸ ਸੰਪੰਨ

**ਸ੍ਰੀ ਆਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਨਜ਼ਦੀਕੀ ਪਿੰਡ ਅਗੰਮਪੁਰ ਵਿਖੇ ਕੁੱਲ ਹਿੰਦ ਕਿਸਾਨ ਸਭਾ ਜਿਲਾ ਰੋਪੜ ਦਾ 14 ਵਾਂ ਡੈਲੀਗੇਟ ਅਜਲਾਸ ਸਫਲਤਾ ਪੂਰਵਕ ਸਮਾਪਤ ਹੋ ਗਿਆ।

- **ਸਰਬਸੰਮਤੀ ਨਾਲ ਪ੍ਰਧਾਨ ਕਾਮਰੇਡ ਸੁਰਜੀਤ ਸਿੰਘ ਢੇਰ, ਸਕੱਤਰ ਜਸਵਿੰਦਰ ਸਿੰਘ ਭੰਗਲ ਚੁਣੇ ਗਏ**

ਇਸ ਇਜਲਾਸ ਵਿੱਚ ਸਰਬ ਸੰਮਤੀ ਨਾਲ ਜ਼ਿਲ੍ਹਾ ਕਮੇਟੀ ਦੀ ਚੋਣ ਕੀਤੀ ਗਈ। ਜਿਸ ਵਿੱਚ ਕਾਮਰੇਡ ਸੁਰਜੀਤ ਸਿੰਘ ਢੇਰ ਪ੍ਰਧਾਨ ਅਤੇ ਜਸਵਿੰਦਰ ਸਿੰਘ ਭੰਗਲ ਸਕੱਤਰ ਚੁਣੇ ਗਏ। ਇਸ ਅਜਲਾਸ ਦਾ ਉਦਘਾਟਨ ਜਥੇਬੰਦੀ ਦੇ ਸੂਬਾ ਮੀਤ ਪ੍ਰਧਾਨ ਗੁਰਦਰਸ਼ਨ ਸਿੰਘ ਖਾਸਪੁਰ ਨੇ ਕੀਤਾ। ਇਸ ਮੌਕੇ ਤੇ ਉਹਨਾਂ ਨੇ ਕਿਹਾ ਕਿ ਕੁੱਲ ਹਿੰਦ ਕਿਸਾਨ ਸਭਾ ਨੇ ਦੇਸ਼ ਦੀ ਆਜ਼ਾਦੀ ਦੀ ਲੜਾਈ ਵਿੱਚ ਬਹੁਤ ਵੱਡਾ ਰੋਲ ਅਦਾ ਕੀਤਾ। ਉਹਨਾਂ ਨੇ ਕਿਹਾ ਕਿ ਕੇਂਦਰ ਤੇ ਸੂਬਾ ਸਰਕਾਰਾਂ ਕਿਸਾਨਾਂ ਤੇ ਲਗਾਤਾਰ ਹਮਲੇ ਕਰ ਰਹੀਆਂ ਹਨ ਤੇ ਕਿਸਾਨ ਲਹਿਰਾਂ ਨੂੰ ਇਕਜੁੱਟ ਹੋ ਕੇ ਇਸ ਦਾ ਟਾਕਰਾ ਕਰਨਾ ਪਵੇਗਾ। ਉਹਨਾਂ ਨੇ ਕਿਹਾ ਕਿ ਬੇਸ਼ੱਕ ਖੇਤੀ ਵਿਰੋਧੀ ਕਾਲੇ ਕਾਨੂੰਨ ਮੋਦੀ ਸਰਕਾਰ ਨੇ ਵਾਪਸ ਲੈ ਲਏ ਸੀ। ਪਰ ਹੁਣ ਟੇਢੇ ਢੰਗ ਨਾਲ ਇਹਨਾਂ ਕਾਨੂੰਨਾਂ ਨੂੰ ਲਾਗੂ ਕੀਤਾ ਜਾ ਰਿਹਾ। ਉਹਨਾਂ ਕਿਸਾਨਾਂ ਨੂੰ ਸੱਦਾ ਦਿੱਤਾ ਕਿ ਉਹ ਪਿੰਡ ਪਿੰਡ ਕਿਸਾਨ ਜਥੇਬੰਦੀ ਦੀ ਉਸਾਰੀ ਕਰਨ ਤੇ ਕੁੱਲ ਹਿੰਦ ਕਿਸਾਨ ਸਭਾ ਦੇ ਮੈਂਬਰ ਬਣਨ। ਇਸ ਮੌਕੇ ਤੇ ਜ਼ਿਲ੍ਹਾ ਨਵਾਂਸ਼ਹਿਰ ਦੇ ਪ੍ਰਧਾਨ ਕਾਮਰੇਡ ਚਰਨਜੀਤ ਸਿੰਘ ਦੌਲਤਪੁਰ ਨੇ ਅਜਲਾਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਰਕਾਰ ਹੜ੍ਹ ਪੀੜਤਾਂ ਕਿਸਾਨਾਂ ਢੁਕਵਾਂ ਮੁਆਵਜ਼ਾ ਨਹੀਂ ਦੇ ਰਹੀ ਹੈ। ਅਜਲਾਸ ਸ਼ੁਰੂ ਹੋਣ ਤੋਂ ਪਹਿਲਾਂ ਜਥੇਬੰਦੀ ਦਾ ਝੰਡਾ ਬਜ਼ੁਰਗ ਕਿਸਾਨ ਆਗੂ ਭਜਨ ਸਿੰਘ ਸੰਦੋਆ ਨੇ ਚੜਾਇਆ।ਵਿਛੜ ਚੁੱਕੇ ਸ਼ਹੀਦ ਕਿਸਾਨਾਂ ਨੂੰ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਭੇਂਟ ਕੀਤੀ ਗਈ। ਪਿੰਡ ਅਗੰਮਪੁਰ ਦੇ ਹੋਣਹਾਰ ਸਾਥੀ ਰਾਣਾ ਰਣਬਹਾਦਰ ਸਿੰਘ ਆਏ ਹੋਏ ਡੇਲੀਗੇਟਾ ਨੂੰ ਜੀ ਆਇਆਂ ਆਖਿਆ। ਅਜਲਾਸ ਦੀ ਪ੍ਰਧਾਨਗੀ ਸੁਰਜੀਤ ਸਿੰਘ ਢੇਰ, ਨਰਿੰਦਰ ਸਿੰਘ ਮਾਵੀ ਅਤੇ ਗਿਆਨੀ ਰਾਮਪਾਲ ਸਿੰਘ ਭਲਾਣ ਨੇ ਕੀਤੀ। ਅਜਲਾਸ ਵਿੱਚ ਤਿੰਨ ਤਹਿਸੀਲਾ ਦੇ ਚੁਣੇ ਹੋਏ 45 ਦੇ ਕਰੀਬ ਡੇਲੀਗੇਟਾਂ ਨੇ ਭਾਗ ਲਿਆ।ਅਜਲਾਸ ਦਾ ਗੇਟ ਸ਼ਹੀਦ ਸੰਤੋਖ ਸਿੰਘ ਸਰਾਂ ਤੇ ਹਾਲ ਦਾ ਨਾਂਅ ਬਲਵੀਰ ਸਿੰਘ ਮਹਿੰਦਪੁਰ ਦੇ ਨਾਮ ਤੇ ਰੱਖਿਆ ਗਿਆ ਸੀ।ਇਸ ਨਵੀਂ 19 ਮੈਂਬਰੀ ਜ਼ਿਲ੍ਹਾ ਕਮੇਟੀ ਦਾ ਪੈਨਲ ਗੁਰਦਰਸ਼ਨ ਸਿੰਘ ਖਾਸਪੁਰ ਨੇ ਪੇਸ਼ ਕੀਤਾ।ਦੋ ਸੀਟਾਂ ਖਾਲੀ ਰੱਖੀਆਂ, ਜਿਸ ਵਿੱਚ ਜ਼ਿਲਾ ਪ੍ਰਧਾਨ ਕਾਮਰੇਡ ਸੁਰਜੀਤ ਸਿੰਘ ਢੇਰ, ਸਕੱਤਰ ਜਸਵਿੰਦਰ ਸਿੰਘ ਭੰਗਲ, ਸੀਨੀਅਰ ਮੀਤ ਪ੍ਰਧਾਨ ਤਰਲੋਚਨ ਸਿੰਘ ਹੁਸੈਨਪੁਰ, ਨਰਿੰਦਰ ਸਿੰਘ ਮਾਵੀ ਮੀਤ ਪ੍ਰਧਾਨ ਪ੍ਰਧਾਨ, ਮੀਤ ਪ੍ਰਧਾਨ ਕਰਨੈਲ ਸਿੰਘ ਬਜਰੂੜ, ਜੁਆਇੰਟ ਸਕੱਤਰ ਗਿਆਨੀ ਰਾਮਪਾਲ ਸਿੰਘ ਭਲਾਣ, ਜੁਆਇੰਟ ਸਕੱਤਰ ਪਵਨ ਕੁਮਾਰ ਚੱਕ ਕਰਮਾ, ਮੀਤ ਪ੍ਰਧਾਨ ਮਹਿੰਦਰ ਸਿੰਘ ਸੰਗਤਪੁਰ, ਖ਼ਜ਼ਾਨਚੀ ਜਗੀਰ ਸਿੰਘ ਰੌਲੀ ਤੋਂ ਇਲਾਵਾ ਬਿੱਕਰ ਸਿੰਘ ਗਿੱਲ ਮੋਠਾਪੁਰ, ਰੋਸ਼ਨ ਸਿੰਘ ਸੈਣੀ ਮਾਜਰਾ,ਸੋਮ ਸਿੰਘ ਕਰਤਾਰਪੁਰ, ਜੈਮਲ ਸਿੰਘ ਬਸੀ,ਭਜਨ ਸਿੰਘ ਸੰਦੋਆ, ਤਰਸੇਮ ਲਾਲ ਸੁਖਸਾਲ, ਗੁਰਨਾਮ ਸਿੰਘ ਧਾਰਨੀ ਅਤੇ ਸੁਪਿੰਦਰ ਸਿੰਘ ਘਨੌਲੀ ਮੈਂਬਰ ਲਏ ਗਏ। ਇਸ ਮੌਕੇ ਤੇ ਸੀਟੂ ਦੇ ਜ਼ਿਲ੍ਹਾ ਪ੍ਰਧਾਨ ਕਾਮਰੇਡ ਗੁਰਦੇਵ ਸਿੰਘ ਬਾਗੀ,ਖੇਤ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਸਕੱਤਰ ਬਜਿੰਦਰ ਪੰਡਤ, ਸਤਨਾਮ ਸਿੰਘ ਸ਼ੇਰਾ ਨੇ ਭਰਾਤਰੀ ਸੰਦੇਸ਼ ਦਿੱਤਾ। ਅਜਲਾਸ ਵਿੱਚ ਸੂਬਾਈ ਅਜਲਾਸ ਜੋ ਕਿ 15-16 ਨਵੰਬਰ ਨੂੰ ਮੁੱਲਾਂਪੁਰ ਲੁਧਿਆਣਾ ਵਿਖੇ ਹੋ ਰਿਹਾ ਹੈ, ਉਸ ਲਈ ਡੇਲੀਗੇਟਾ ਦੀ ਚੋਣ ਵੀ ਕੀਤੀ ਗਈ। ਨਵੀਂ ਚੁਣੀ ਕਮੇਟੀ ਨੇ ਪ੍ਰਬੰਧਕੀ ਕਮੇਟੀ ਬਲਜਿੰਦਰ ਰਾਣਾ, ਅਮਰਜੀਤ ਸਿੰਘ ਹੋਲਗੜ੍ਹ, ਪ੍ਰੇਮ ਸਿੰਘ ਹੋਲਗੜ੍ਹ ਸਮੇਤ ਪਿੰਡ ਵਾਸੀਆਂ ਵੱਲੋਂ ਦਿੱਤੇ ਸਹਿਯੋਗ ਦਾ ਧੰਨਵਾਦ ਕੀਤਾ ਗਿਆ।



# ਲੋੜਵੰਦਾਂ ਨੂੰ ਦਿੱਤੇ ਦੰਦਾਂ ਦੇ ਡੈਂਚਰ

**ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)**- ਡੇਰਾ ਲੋਹ ਲੰਗਰ ਗੁਰਦੁਆਰਾ ਸੁਸਾਇਟੀ ਪਿੰਡ ਨੰਗਲ ਖੁਰਦ ਵੱਲੋਂ ਲੋੜਵੰਦ ਮਰੀਜ਼ਾਂ ਨੂੰ ਦੰਦਾਂ ਦੇ ਡੈਂਚਰ ਵੰਡੇ ਗਏ। ਇਸ ਸਬੰਧੀ ਜਾਣਕਾਰੀ ਦਿੰਦਿਆਂ ਇਸ ਅਸਥਾਨ ਦੇ ਮੁੱਖ ਸੇਵਾਦਾਰ ਸੰਤ ਬਾਬਾ ਵਿਕਰਮਜੀਤ ਸਿੰਘ ਨੇ ਦੱਸਿਆ ਕਿ ਡੇਰਾ ਬਿਸ਼ਨਪੁਰੀ ਨੰਗਲ ਖੁਰਦ ਵਿਖੇ ਹਰ ਸ਼ਨੀਵਾਰ ਨੂੰ ਸ਼ਾਮ 3 ਤੋਂ 5 ਵਜੇ ਤੱਕ ਡਾਕਟਰ ਵਰੁਨ ਸਹੋਤਾ ਅਤੇ ਡਾਕਟਰ ਪਰਮਿੰਦਰ ਕੌਰ ਵਿਸ਼ੇਸ਼ ਤੌਰ 'ਤੇ ਪਹੁੰਚਦੇ ਹਨ। ਇਸ ਮੌਕੇ ਮਰੀਜ਼ਾਂ ਦੀਆਂ ਦੰਦਾਂ, ਸਕਿਨ ਅਤੇ ਹੋਰ ਬਿਮਾਰੀਆਂ ਦਾ ਚੈੱਕ ਕਰਕੇ ਮੁਫਤ ਦਵਾਈ ਦਿਤੀ ਜਾਂਦੀ ਹੈ। ਸੰਤ ਵਿਕਰਮਜੀਤ ਸਿੰਘ ਨੇ ਦੱਸਿਆ ਕਿ ਬਹੁਤ ਜਲਦੀ ਹੀ ਪਿੰਡ ਨੰਗਲ ਖੁਰਦ ਵਿਖੇ ਇੱਕ ਨਵਾਂ ਹਸਪਤਾਲ ਉਸਾਰਿਆ ਜਾ ਰਿਹਾ ਹੈ। ਹਸਪਤਾਲ ਬਣਾਉਣ ਲਈ 12 ਕਨਾਲ ਜ਼ਮੀਨ ਖਰੀਦ ਲਈ ਗਈ ਹੈ। ਜਲਦ ਹੀ ਇਸ ਦੀ ਸ਼ੁਰੂਆਤ ਕੀਤੀ ਜਾਵੇਗੀ। ਇਸ ਹਸਪਤਾਲ ਦੇ ਬਣਨ ਨਾਲ ਇਲਾਕੇ ਨੂੰ ਭਰਪੂਰ ਫਾਇਦਾ ਹੋਵੇਗਾ।

# ਬਲਜੀਤ ਸਿੰਘ ਦੁਧਾਰੂ ਪਸ਼ੂ ਵਪਾਰ ਐਸੋਸੀਏਸ਼ਨ ਦੇ ਪ੍ਰਧਾਨ ਬਣਨ 'ਤੇ ਸਨਮਾਨਤ



**ਅੱਡਾ ਸਰਾਂ (ਜਸਵੀਰ ਕਾਜਲ)**- ਦੁਧਾਰੂ ਪਸ਼ੂ ਵਪਾਰ ਐਸੋਸੀਏਸ਼ਨ ਦੋਆਬਾ ਬੈਲਟ ਹੁਸ਼ਿਆਰਪੁਰ ਦੀ ਸੂਬਾ ਪੱਧਰੀ ਇਕੱਠ 'ਚ ਨਿਯੁਕਤ ਹੋਏ ਪ੍ਰਧਾਨ ਬਲਜੀਤ ਸਿੰਘ ਦਾ ਪਿੰਡ ਪਹੁੰਚਣ ਤੇ ਪਿੰਡ ਵਾਸੀ ਅਤੇ ਗ੍ਰਾਮ ਪੰਚਾਇਤ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ । ਪਿੰਡ ਦੇ ਪਤਵੰਤਿਆਂ ਅਤੇ ਸਰਪੰਚ ਕੁਲਵਿੰਦਰ ਕੌਰ ਸਮੂਹ ਪੰਚਾਇਤ ਵੱਲੋਂ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਗਿਆ ।ਇਸ ਮੌਕੇ ਮਾਸਟਰ ਗੁਰਦਿਆਲ ਸਿੰਘ, ਪੰਚ ਮਲਕੀਤ ਸਿੰਘ, ਪੰਚ ਸੁਦੇਸ਼ ਕੁਮਾਰ, ਪੰਚ ਅਵਤਾਰ ਸਿੰਘ, ਪੰਚ ਸਰਬਜੀਤ ਸਿੰਘ, ਪੰਚ, ਸੁਖਦੇਵ ਸਿੰਘ ਸੁੱਖਾ, ਰਾਜਵਿੰਦਰ ਕੌਰ, ਲਛਮਣ ਸਿੰਘ, ਹਰਪ੍ਰੀਤ ਸਿੰਘ ਹੈਪੀ, ਸਿਮਰਜੋਤ ਸਿੰਘ, ਪੂਰਨ ਸਿੰਘ, ਭਜਨ ਸਿੰਘ, ਮਾਸਟਰ ਕੁਲਵਿੰਦਰ ਸਿੰਘ, ਗੁਰਨਾਮ ਸਿੰਘ ਜਸਕਰਨ ਸਿੰਘ ਆਦਿ ਹਾਜ਼ਰ ਸਨ।

# ਗੁਰਮਤਿ ਸਮਾਗਮ ਕਰਵਾਇਆ

**ਅੱਡਾ ਸਰਾਂ (ਅੱਡਾ ਸਰਾਂ)**- ਸ਼ਹੀਦ ਬਾਬਾ ਸੰਗਤ ਸਿੰਘ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਪਿੰਡ ਬੈਂਚ ਖੁਰਦ ਵਿਖੇ ਸ੍ਰੀਮਾਨ ਸੰਤ ਬਾਬਾ ਹਰਚਰਨ ਸਿੰਘ ਜੀ ਖਾਲਸਾ ਰਮਦਾਸਪੁਰ ਵਾਲਿਆਂ ਦੀ ਦੇਖ ਰੇਖ ਹੇਠ ਗੁਰਦੁਆਰਾ ਥੜਾ ਸਾਹਿਬ ਅਤੇ ਸਮੂਹ ਸੰਗਤ, ਐੱਨ ਆਰ ਆਈ ਸੰਗਤ ਦੇ ਸਹਿਯੋਗ ਨਾਲ ਗੁਰਮਤਿ ਸਮਾਗਮ ਕਰਵਾਇਆ ਗਿਆ। ਸੇਵਾਦਾਰ ਪ੍ਰਬੰਧਕ ਪਰਮਿੰਦਰ ਸਿੰਘ ਪ੍ਰਧਾਨ, ਜਤਿੰਦਰ ਸਿੰਘ ਖਜਾਨਚੀ, ਜਰਨੈਲ ਸਿੰਘ ਸਕੱਤਰ, ਰਸ਼ਪਾਲ ਸਿੰਘ ਅਤੇ ਜਸਵਿੰਦਰ ਸਿੰਘ ਧੁੱਗਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਗੁਰਦੁਆਰਾ ਥੜਾ ਸਾਹਿਬ ਵਿਖੇ 24 ਅਕਤੂਬਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਗਏ ਸਨ, ਜਿਨ੍ਹਾਂ ਦੇ ਭੋਗ 26 ਅਕਤੂਬਰ ਦਿਨ ਐਤਵਾਰ ਨੂੰ ਪਾਏ ਗਏ। ਭੋਗ ਉਪਰੰਤ ਭਾਈ ਸੰਦੀਪ ਸਿੰਘ ਕੂੰਟਾਂ ਵਾਲਿਆਂ ਦੇ ਜਥੇ ਨੇ ਕੀਰਤਨ ਰਾਹੀਂ ਹਾਜ਼ਰੀ ਭਰੀ ਸੰਗਤਾਂ ਨੂੰ ਗੁਰੂ ਇਤਿਹਾਸ ਨਾਲ ਜੋੜਿਆ। ਸਮਾਗਮ ਵਿੱਚ ਸ੍ਰੀ ਮਾਨ ਸੰਤ ਬਾਬਾ ਮੱਖਣ ਸਿੰਘ ਖੁਸ਼ਦਿਲ ਨਿਰਮਲੇ ਦਰੀਏ ਵਾਲੇ ਉਚੇਚੇ ਤੌਰ 'ਤੇ ਪਹੁੰਚੇ ਅਤੇ ਉਹਨਾਂ ਨੇ ਸੰਗਤਾਂ ਨੂੰ ਗੁਰਬਾਣੀ ਨਾਲ ਜੁੜਨ ਲਈ ਪ੍ਰੇਰਿਆ। ਇਸੇ ਤਰ੍ਹਾਂ ਰਾਤ ਦੇ ਸਮਾਗਮ ਵਿਚ ਢਾਡੀ ਪਰਮਿੰਦਰ ਸਿੰਘ, ਅਮੋਲਕ ਢਾਡੀ ਜਥਾ, ਭਾਈ ਰਸ਼ਪਾਲ ਸਿੰਘ ਜਲੰਧਰ, ਭਾਈ ਗੁਰਜੰਟ ਸਿੰਘ ਹੁਸ਼ਿਆਰਪੁਰ ਅਤੇ ਭਾਈ ਕਿਰਨਦੀਪ ਸਿੰਘ ਹੁਸ਼ਿਆਰਪੁਰ ਵਾਲਿਆਂ ਦੇ ਕੀਰਤਨੀ ਜਥੇ ਨੇ ਆਈਆਂ ਹੋਈਆਂ ਸੰਗਤਾਂ ਨੂੰ ਕੀਰਤਨ ਕਥਾ ਵਿਚਾਰਾਂ ਨਾਲ ਨਿਹਾਲ ਕੀਤਾ। ਇਸ ਮੌਕੇ ਜਸਵਿੰਦਰ ਸਿੰਘ ਧੁੱਗਾ ਨੇ ਸਟੇਜ ਸਕੱਤਰ ਦੀ ਭੂਮਿਕਾ ਨਿਭਾਉਂਦਿਆਂ ਬੱਚਿਆਂ ਨੂੰ ਗੁਰਬਾਣੀ ਕੰਠ ਮੁਕਾਬਲਿਆਂ ਵਿੱਚ ਹਿੱਸਾ ਲੈਣ ਲਈ ਪ੍ਰੇਰਨਾ ਕੀਤਾ। ਇਸ ਮੌਕੇ ਗੁਰਦੁਆਰਾ ਬਾਬਾ ਥੜਾ ਸਾਹਿਬ ਦੀ ਪ੍ਰਬੰਧਕ ਕਮੇਟੀ, ਸਮੂਹ ਗ੍ਰਾਮ ਪੰਚਾਇਤ, ਪ੍ਰਿੰਸੀਪਲ ਗੁਰਦੇਵ ਸਿੰਘ , ਪਰਮਜੀਤ ਸਿੰਘ ਇੰਗਲੈਂਡ, ਮਾਸਟਰ ਭੁਪਿੰਦਰ ਸਿੰਘ, ਮੁੱਖ ਗ੍ਰੰਥੀ ਇੰਦਰਜੀਤ ਸਿੰਘ, ਮਨਜੀਤ ਸਿੰਘ, ਓਂਕਾਰ ਸਿੰਘ ਗੁਰਦੀਪ ਸਿੰਘ ਅਤੇ ਹੋਰ ਨਗਰ ਦੀਆਂ ਸੰਗਤਾਂ ਹਾਜ਼ਰ ਸਨ।



# ਸਨਾਤਨ ਧਰਮ ਸਭਾ ਦੀ ਮੀਟਿੰਗ

**ਬਲਾਚੌਰ (ਜਸਵਿੰਦਰ ਬੈਂਸ)**- ਸਨਾਤਮ ਧਰਮ ਸਭਾ ਬਲਾਚੌਰ ਦੀ ਜ਼ਰੂਰੀ ਮੀਟਿੰਗ ਸ੍ਰੀ ਬਾਬਾ ਬਲਰਾਜ ਮੰਦਿਰ ਵਿਖੇ ਰਣਦੀਪ ਕੌਸ਼ਲ ਦੀ ਪ੍ਰਧਾਨਗੀ ਹੇਠ ਹੋਈ। ਬੈਠਕ ਦੀ ਸ਼ੁਰੂਆਤ ਗਾਇਤ੍ਰੀ ਮੰਤਰ ਨਾਲ ਕੀਤੀ ਗਈ, ਸਭ ਤੋਂ ਪਹਿਲਾਂ ਪਰਮਜੀਤ ਰੱਤੇਵਾਲੀਆ (ਜਰਨਲ ਸਕੱਤਰ) ਨੇ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਹੜ੍ਹ ਪੀੜਿਤ ਪਰਿਵਾਰਾਂ ਦੀ ਸਹਾਇਤਾ ਲਈ ਹੁਣ ਤੱਕ ਹੁਣ ਤੱਕ ਸੱਤ ਗੱਡੀਆਂ ਬਿਸਤਰਿਆਂ ਦੀਆਂ ਭੇਜੀਆਂ ਜਾ ਚੁੱਕੀਆਂ ਹਨ। ਇਹ ਬਿਸਤਰੇ 560 ਪਰਵਾਰਾਂ ਵਿੱਚ ਵੰਡੇ ਗਏ ਹਨ। ਇਸ ਤੋਂ ਇਲਾਵਾ 106 ਕੁਇੰਟਲ ਮੱਕੇ ਦਾ ਆਚਾਰ 50 ਪਰਵਾਰਾਂ ਵਿੱਚ ਵੰਡਿਆ ਗਿਆ ਹੈ ਅਤੇ ਅੱਜ 28 ਅਕਤੂਬਰ ਨੂੰ ਹੜ੍ਹ ਪੀੜਤ ਪਰਵਾਰਾਂ ਦੇ 240 ਬੱਚਿਆਂ ਨੂੰ ਸਟੇਸ਼ਨਰੀ ਕਿਟਾਂ ਦਿੱਤੀਆਂ ਜਾਣਗੀਆਂ ਜਿਨ੍ਹਾਂ ਵਿੱਚ ਕਾਪੀਆਂ, ਪੈਨਸਲਾਂ,ਜਮੈਟਰੀ ਬਾਕਸ ਆਦਿ ਸਮਾਨ ਹੋਵੇਗਾ। ਪਿਛਲੀ ਬੈਠਕ ਵਿੱਚ ਉਲੀਕੇ ਪ੍ਰੋਗਰਾਮ ਵਿੱਚੋਂ ਭਜਨ ਪ੍ਰਸਤੁਤੀ ਸ੍ਰੀ ਵਿਸ਼ਵਕਰਮਾ ਮੰਦਰ ਵਿੱਚ ਕੀਤਾ ਗਿਆ, ਇਸ ਵਿੱਚ ਚਾਰ ਕੀਰਤਨ ਮੰਡਲੀਆਂ ਨੇ ਭਾਗ ਲਿਆ। ਇਸ ਵਿਚ ਭਾਗ ਲੈਣ ਵਾਲਿਆਂ ਦੀ ਗਿਣਤੀ 60 ਰਹੀ। ਬਾਕੀ ਦੇ ਦੋ ਪ੍ਰੋਗਰਾਮ ਨਵੰਬਰ ਮਹੀਨੇ ਦੇ ਪਹਿਲੇ ਤੇ ਦੂਜੇ ਐਤਵਾਰ ਨੂੰ ਕਰਨ ਦੀ ਯੋਜਨਾ ਬਣਾਈ ਗਈ।23 ਨਵੰਬਰ ਨੂੰ ਵਿਸ਼ਾਲ ਗੋਸ਼ਟੀ ਦਾ ਆਯੋਜਨ ਕਰਨ ਦੇ ਵਿਸ਼ੇ ਉੱਤੇ ਚਰਚਾ ਕੀਤੀ ਗਈ। ਚਰਚਾ ਦੌਰਾਨ ਸਾਰੇ ਹੀ ਮੈਂਬਰਾਂ ਨੇ ਆਪਣੇ ਵਿਚਾਰ ਰੱਖੇ। ਆਖਿਰ ਵਿੱਚ ਜਗਦੀਸ਼ ਕਪਿਲ ਨੇ ਸਾਰਿਆਂ ਦਾ ਧੰਨਵਾਦ ਕੀਤਾ ਅਤੇ ਉਨਾਂ ਨੂੰ ਉਤਸ਼ਾਹ ਨਾਲ ਕੰਮ ਕਰਨ ਲਈ ਪ੍ਰੇਰਿਤ ਕੀਤਾ। ਮੀਟਿੰਗ ਵਿੱਚ ਪੰਡਿਤ ਲੇਖਰਾਜ (ਉਪ ਪ੍ਰਧਾਨ), ਲਲਿਤ ਕੁਮਾਰ, ਸ਼ੇਖਰਪਾਲ (ਸਕੱਤਰ), ਪ੍ਰਦੀਪ ਨਾਗਪਾਲ(ਆਡੀਟਰ), ਗਗਨਦੀਪ ਸਿੰਘ, ਰਿੱਕੀ ਬਜਾਜ, ਵਿੱਕੀ ਚੇਤਲ, ਨਵੀਨ ਸੰਦੇਸ਼, ਨਰਿੰਦਰ ਸੂਦਨ, ਸੋਮਨਾਥ ਤਕਲਾ, ਸੁਭਾਸ਼ ਰਾਣਾ, ਸ਼ਿੰਗਾਰਾ ਰਾਮ, ਪੰਡਿਤ ਅਦਿੱਤੀ ਆਦਿ ਮੈਂਬਰ ਹਾਜ਼ਰ ਰਹੇ।



# ਨਸ਼ੇ ਵਿਰੁੱਧ ਸੰਘਰਸ਼ 'ਚ ਲਾਪ੍ਰਵਾਹੀ ਵਰਤਣ ਵਾਲਿਆਂ 'ਤੇ ਹੋਵੇਗੀ ਸਖਤ ਕਾਰਵਾਈ : ਮੁੱਖ ਮੰਤਰੀ

**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਨਸ਼ੇ ਖਿਲਾਫ ਚਲਾਏ ਜਾ ਰਹੀ ਮੁਹਿੰਮ ਨੂੰ ਹੋਰ ਵੱਧ ਪ੍ਰਭਾਵੀ ਬਨਾਉਣ ਲਈ ਸਪਸ਼ਟ ਨਿਰਦੇਸ਼ ਦਿੰਦੇ ਹੋਏ ਕਿਹਾ ਕਿ ਜਿਨ੍ਹਾਂ ਪੁਲਸ ਥਾਣਾ ਖੇਤਰਾਂ ਵਿੱਚ ਨਸ਼ੇ ਦੇ ਵਿਰੁੱਧ ਪੁਲਿਸ ਅਧਿਕਾਰੀਆਂ/ ਕਰਮਚਾਰੀਆਂ ਵੱਲੋਂ ਸ਼ਲਾਘਾਯੋਗ ਕੰਮ ਕੀਤਾ ਜਾ ਰਿਹਾ ਹੈ, ਉਨ੍ਹਾਂ ਨੇ ਸਨਮਾਨਿਤ ਕੀਤਾ ਜਾਵੇਗਾ। ਮੁੱਖ ਮੰਤਰੀ ਨੇ ਇਹ ਵੀ ਸਪਸ਼ਟ ਕੀਤਾ ਕਿ ਜਿੱਥੇ ਲਾਪ੍ਰਵਾਹੀ ਜਾਂ ਢਿੱਲ ਵਰਤੀ ਜਾ ਰਹੀ ਹੈ, ਉੱਥੇ ਸਖਤ ਕਾਰਵਾਈ ਅਮਲ ਵਿੱਚ ਲਿਆਈ ਜਾਵੇਗੀ। ਉਨ੍ਹਾਂ ਨੇ ਕਿਹਾ ਕਿ ਲਾਪ੍ਰਵਾਹੀ ਵਰਤਣ ਵਾਲੇ ਅਧਿਕਾਰੀਆਂ ਅਤੇ ਕਰਮਚਾਰੀਆਂ ਖਿਲਾਫ ਕੀਤੀ ਗਈ ਕਾਰਵਾਈ ਦਾ ਪ੍ਰਭਾਵ ਸਪਸ਼ਟ ਰੂਪ ਨਾਲ ਦਿਖਣਾ ਚਾਹੀਦਾ ਹੈ ਤਾਂ ਜੋ ਹੋਰ ਕਰਮਚਾਰੀਆਂ ਨੂੰ ਵੀ ਸੰਦੇਸ਼ ਜਾਵੇ ਕਿ ਨਸ਼ੇ ਦੇ ਖਿਲਾਫ ਵਧੀਆ ਕੰਮ ਕਰਨ ਵਾਲਿਆਂ ਨੂੰ ਸਨਮਾਨ ਮਿਲੇਗਾ ਅਤੇ ਜਿੱਥੇ ਨਸ਼ਾ ਫੈਲ ਰਿਹਾ ਹੈ ਉੱਥੇ ਸਖਤ ਕਦਮ ਚੁੱਕੇ ਜਾਣਗੇ।ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ 27 ਅਕਤੂਬਰ ਨੂੰ ਇੱਥੇ ਨਸ਼ਾ ਮੁਕਤ ਭਾਰਤ ਮੁਹਿੰਮ ਯੋਜਨਾ ਦੇ ਸਬੰਧ ਵਿੱਚ ਆਯੋਜਿਤ ਇੱਕ ਸਮੀਖਿਆ ਮੀਟਿੰਗ ਦੀ ਅਗਵਾਈ ਕਰ ਰਹੇ ਸਨ।ਸ੍ਰੀ ਨਾਇਬ ਸਿੰਘ ਸੈਣੀ ਨੇ ਨਿਰਦੇਸ਼ ਦਿੱਤੇ ਕਿ ਨਸ਼ਾ ਮੁਕਤ ਐਲਾਨ ਪਿੰਡਾਂ ਦਾ ਨਿਯਮਤ ਪੁਨਰਮੁਲਾਂਕਨ ਕੀਤਾ ਜਾਵੇ ਅਤੇ ਹੋਰ ਸੂਬਿਆਂ ਦੇ ਨਾਲ ਲਗਦੀ ਸੂਬੇ ਦੀ ਸੀਮਾ ਖੇਤਰਾਂ ਵਿੱਚ ਹਰਿਆਣਾ ਸਟੇਟ ਨਾਰਕੋਟਿਕਸ ਕੰਟਰੋਲ ਬਿਊਰੋ ਦੀ ਤਾਕਤ ਵਧਾਈ ਜਾਵੇ। ਇਸ ਦੇ ਨਾਲ ਹੀ ਮਾਹਰਾਂ ਨੂੰ ਵੀ ਟੀਮ ਵਿੱਚ ਸ਼ਾਮਿਲ ਕਰ ਨਸ਼ੇ ਦੀ ਸਪਲਾਈ ਤੇ ਪ੍ਰਭਾਵੀ ਕੰਟਰੋਲ ਯਕੀਨੀ ਕੀਤਾ ਜਾਵੇਗਾ। ਉਨ੍ਹਾਂ ਨੇ ਸਾਰੇ ਸਬੰਧਿਤ ਵਿਭਾਗਾਂ ਨੂੰ ਨਸ਼ੇ ਦੇ ਖਿਲਾਫ ਸੰਯੁਕਤ ਮੁਹਿੰਮ ਨੂੰ ਤੇਜ ਕਰਨ, ਐਨਫੋਰਸਮੈਂਟ, ਡੀ-ਏਡਿਕਸ਼ਨ ਅਤੇ ਅਵੇਅਰਨੈਸ ਦੇ ਤਿੰਨਾਂ ਪਹਿਲੂਆਂ 'ਤੇ ਸਨਮਾਨ ਰੂਪ ਨਾਲ ਕੰਮ ਕਰਨ ਅਤੇ ਪੰਚਾਇਤਾਂ ਨੂੰ ਸਰਗਰਮ ਭਾਗੀਦਾਰ ਬਨਾਉਣ ਦਾ ਨਿਰਦੇਸ਼ ਦਿੱਤਾ।

# ਡਾਕਟਰ ਉਜਾਗਰ ਸਿੰਘ ਸੂਰੀ ਨੂੰ ਵੱਖ-ਵੱਖ ਆਗੂਆਂ ਵੱਲੋਂ ਸ਼ਰਧਾਂਜਲੀਆਂ

**ਬਲਾਚੌਰ/ਨਵਾਂਸ਼ਹਿਰ (ਜਸਵਿੰਦਰ ਬੈਂਸ, ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਡਾਕਟਰ ਉਜਾਗਰ ਸਿੰਘ ਸੂਰੀ ਦੀ ਅੰਤਿਮ ਅਰਦਾਸ ਮੌਕੇ ਉਨ੍ਹਾਂ ਦੇ ਗ੍ਰਹਿ ਪਿੰਡ ਲੋਹਟ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਦੇ ਪਾਠ ਦੇ ਭੋਗ ਪਾਉਣ ਉਪਰੰਤ ਪੰਥ ਪ੍ਰਸਿੱਧ ਰਾਗੀ ਗਿਆਨੀ ਗੁਰਦੇਵ ਸਿੰਘ ਆਸਟ੍ਰੇਲੀਆ ਵਾਲੀਆਂ ਦੇ ਜੱਥੇ ਨੇ ਵੈਰਾਗਮਈ ਕੀਰਤਨ ਕਰਦਿਆਂ ਜਿੱਥੇ ਗੁਰਬਾਣੀ ਨਾਲ ਸੰਗਤਾਂ ਨੂੰ ਜੋੜਿਆਂ ਉੱਥੇ ਡਾਕਟਰ ਉਜਾਗਰ ਸਿੰਘ ਸੂਰੀ ਨੂੰ ਸ਼ਰਧਾਂਜਲੀ ਭੇਟ ਕਰਦੀਆਂ ਕਿਹਾ ਕੇ ਗਰੀਬ ਅਤੇ ਲੋੜਵੰਦ ਲੋਕਾਂ ਦਾ ਇਲਾਜ ਕਰਕੇ ਜੋ ਡਾਕਟਰ ਸੂਰੀ ਨੇ ਨਾਮਨਾ ਖੱਟਿਆ ਹੈ ਇਸ ਲਈ ਲੋਕ ਉਨ੍ਹਾਂ ਗਰੀਬਾਂ ਦਾ ਮਸੀਹਾ ਜਾਣ ਕੇ ਲੰਮੇ ਸਮੇਂ ਤੱਕ ਯਾਦ ਰੱਖਣਗੇ। ਉਪਰੰਤ ਸ਼ਰਧਾਂਜਲੀ ਸਮਾਗਮ ਵਿਚ ਡਾ. ਸੂਰੀ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਸੀਨੀਅਰ ਆਪ ਆਗੂ ਅਸ਼ੋਕ ਕਟਾਰੀਆ, ਸਾਬਕਾ ਵਿਧਾਇਕ ਐਡਵੋਕੇਟ ਹਰਗੋਪਾਲ ਸਿੰਘ, ਜੱਥੇਦਾਰ ਮਹਿੰਦਰ ਸਿੰਘ ਹੁਸੈਨਪੁਰ ਮੈਂਬਰ ਸ਼੍ਰੋਮਣੀ ਕਮੇਟੀ, ਐਸ ਡੀ ਓ ਸੁਰਜੀਤ ਸਿੰਘ ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ ਨਵਾਂਸ਼ਹਿਰ, ਰਛਪਾਲ ਸਿੰਘ ਰਾਜੂ ਪੰਜਾਬ ਅਨੁਸੂਚਿਤ ਜਾਤੀ ਲੈਂਡ ਡਿਵੈਲਪਮੈਂਟ ਤੇ ਵਿੱਤੀ ਕਾਰਪੋਰੇਸ਼ਨ ਡਾਇਰੈਕਟਰ, ਭੁਪਿੰਦਰ ਸਿੰਘ ਉੱਭੀ ਮੁੱਖ ਸੰਪਾਦਕ ਰਾਮਗੜ੍ਹੀਆ ਦਰਪਨ ਜਲੰਧਰ, ਸਾਬਕਾ ਚੇਅਰਮੈਨ ਤਰਲੋਚਨ ਸਿੰਘ ਰੱਕੜ, ਜਸਪਾਲ ਸਿੰਘ ਜਾਡਲੀ, ਮਨਪ੍ਰੀਤ ਕੌਰ ਅਮਰੀਕਾ, ਮੇਜਰ ਸਿੰਘ ਲੋਹਟ ਸਟੇਟ ਸੈਕਟਰੀ ਨੇ ਕਿਹਾ ਡਾਕਟਰ ਉਜਾਗਰ ਸਿੰਘ ਸੂਰੀ ਦੀ ਬੇਵਕਤੀ ਮੌਤ ਨਾਲ ਕੇਵਲ ਇਕ ਪਰਵਾਰ ਜਾ ਪਿੰਡ ਨੂੰ ਹੀ ਘਾਟਾ ਨਹੀ ਪਿਆ ਬਲਕੇ ਸੁਮੱਚਾ ਬਲਾਚੌਰ ਖੇਤਰ ਇੱਕ ਪ੍ਰਸਿੱਧ ਡਾਕਟਰ ਦੀਆਂ ਸੇਵਾਵਾਂ ਤੋਂ ਵਾਂਝਾ ਹੋ ਗਿਆ ਹੈ ਤੇ ਇਸ ਘਾਟੇ ਨੂੰ ਕਦੇ ਵੀ ਪੂਰਿਆ ਨਹੀਂ ਜਾ ਸਕਦਾ। ਇਸ ਮੌਕੇ ਡਾਕਟਰ ਸੂਰੀ ਦੇ ਸਪੁੱਤਰਾਂ ਸਰਦਾਰ ਅਮਨਪ੍ਰੀਤ ਸਿੰਘ ਸੂਰੀ ਅਮਰੀਕਾ ਅਤੇ ਡਾਕਟਰ ਭੁਪਿੰਦਰ ਜੀਤ ਸਿੰਘ ਸੂਰੀ ਮਾਤਾ ਕੁਲਵੰਤ ਕੌਰ ਸੂਰੀ, ਅਤੇ ਨਰਿੰਦਰ ਜੀਤ ਕੌਰ ਸੂਰੀ ਵਲੋਂ ਡਾਕਟਰ ਉਜਾਗਰ ਸਿੰਘ ਸੂਰੀ ਦੀ ਯਾਦ ਵਿਚ ਪਿੰਡ ਲੋਹਟ ਵਿਖੇ ਡਾਕਟਰ ਉਜਾਗਰ ਸਿੰਘ ਸੂਰੀ ਮੈਮੋਰੀਅਲ ਸਬ ਸੈਂਟਰ ਖੋਲ੍ਹਣ ਵਾਸਤੇ ਜ਼ਮੀਨ ਦਾਨ ਦੇਣ ਦਾ ਐਲਾਨ ਕੀਤਾ। ਇਸ ਮੌਕੇ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਵਾਲੀਆਂ ਵਿਚ ਹਲਕਾ ਵਿਧਾਇਕਾ ਸ਼ੰਤੋਸ਼ ਕਟਾਰੀਆ, ਜੱਥੇਦਾਰ ਸੁਖਦੀਪ ਸਿੰਘ ਸ਼ੁਕਾਰ ਜ਼ਿਲ੍ਹਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਨਵਾਂਸ਼ਹਿਰ, ਗੁਰਪ੍ਰੀਤ ਗੁੱਜਰ ਰੈਲਮਾਜਰਾ ਰੈਲਮਾਜਰਾ, ਬ੍ਰਿਗੇਡੀਅਰ ਰਾਜਕੁਮਾਰ ਚੇਅਰਮੈਨ ਗੁੱਜਰ ਸਮਾਜ ਵੈਲਫੇਅਰ ਬੋਰਡ ਪੰਜਾਬ,ਇੰਦਰਜੀਤ ਲੁੱਡੀ, ਰਮਨ ਨੰਦ ਲਾਲ, ਸੀਨੀਅਰ ਪੱਤਰਕਾਰ ਬਲਦੇਵ ਸਿੰਘ ਪਨੇਸਰ,ਮਨਜੀਤ ਸਿੰਘ ਸੋਹਣਪਾਲ, ਜੋਗਿੰਦਰ ਸਿੰਘ ਸੋਹਣਪਾਲ, ਰਣਜੀਤ ਸਿੰਘ ਵਿਰਦੀ, ਪਰਮਜੀਤ ਸਿੰਘ ਸੋਹਣਪਾਲ, ਹਨੀ ਟੌਂਸਾ, ਠੇਕੇਦਾਰ ਗੁਰਚਰਨ ਸਿੰਘ ਉੱਦਲਨੀ, ਸੰਦੀਪ ਭਾਟੀਆ ਆਦੋਆਣਾ, ਬਲਦੇਵ ਸਿੰਘ ਬੱਲੀ, ਜਸਪਾਲ ਸ਼ਰਮਾ, ਸੁਰਿੰਦਰ ਭੱਟੀ,ਡਾ ਜੇ ਐਸ ਸੰਧੂ, ਡਾ ਗੁਰਜੀਤ ਕੌਰ ਸੰਧੂ, ਮੁਖਤਿਆਰ ਸਿੰਘ ਗਿੱਲ, ਡਾਕਟਰ ਦਿਲਦਾਰ ਸਿੰਘ ਚਾਹਲ, ਡਾਕਟਰ ਐਸ ਕੇ ਪਨੇਸਰ ਪ੍ਰਧਾਨ ਕੈਮਿਸਟ ਐਸੋਸੀਏਸ਼ਨ ਬਲਾਚੌਰ, ਡਾਕਟਰ ਜਗਦੀਸ਼ ਛਾਬੜਾ, ਡਾਕਟਰ ਸੋਮਨਾਥ, ਡਾਕਟਰ ਸੁਨੀਲ ਪਾਠਕ, ਨਿਰਮਲ ਸਿੰਘ ਮਾਣੇਵਾਲ, ਦਲਜੀਤ ਸਿੰਘ ਮਾਣੇਵਾਲ, ਸਿਮਰਨ ਸਹਿਜਪਾਲ, ਸੁਨੀਲ ਕੌਂਸਲ ਲਾਡੀ ਰਾਣਾ ਪ੍ਰਧਾਨ ਨਗਰ ਕੌਂਸਲ ਬਲਾਚੌਰ ਸਮੇਤ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ। ਇਸ ਮੌਕੇ ਗੁਰੂ ਦੇ ਅਤੁੱਟ ਲੰਗਰ ਵਰਤਾਏ ਗਏ।



# ਲਾਇਲਪੁਰ ਖਾਲਸਾ ਕਾਲਜ ਦੇ ਨਵੇਂ ਵਿਦਿਆਰਥੀਆਂ ਲਈ ਫਰੈਸ਼ਰ ਪਾਰਟੀ

**ਜਲੰਧਰ (ਸ਼ੈਲੀ ਐਲਬਰਟ)**- ਲਾਇਲਪੁਰ ਖਾਲਸਾ ਕਾਲਜ, ਜਲੰਧਰ ਦੇ ਕੰਪਿਊਟਰ ਸਾਇੰਸ ਅਤੇ ਆਈ ਟੀ ਦੇ ਪੀ ਜੀ ਵਿਭਾਗ ਨੇ ਵਿਦਿਆਰਥੀਆਂ ਦੇ ਨਵੇਂ ਬੈਚ ਦਾ ਉਤਸ਼ਾਹ ਅਤੇ ਖੁਸ਼ੀ ਨਾਲ ਸਵਾਗਤ ਕਰਨ ਲਈ ਇੱਕ ਫਰੈਸ਼ਰ ਪਾਰਟੀ ਦਾ ਆਯੋਜਨ ਕੀਤਾ।ਕਾਲਜ ਪ੍ਰਿੰਸੀਪਲ, ਪ੍ਰੋ. ਨਵਦੀਪ ਕੌਰ, ਇਸ ਸਮਾਗਮ ਦੇ ਮੁੱਖ ਮਹਿਮਾਨ ਸਨ। ਵਿਭਾਗ ਦੇ ਵਿਦਿਆਰਥੀਆਂ ਨੇ ਪਤਵੰਤਿਆਂ ਦਾ ਰਸਮੀ ਸਵਾਗਤ ਕੀਤਾ। ਸਮਾਗਮ ਦਾ ਉਦਘਾਟਨ ਬੜੇ ਉਤਸ਼ਾਹ ਨਾਲ ਕੀਤਾ ਗਿਆ, ਜਿੱਥੇ ਪ੍ਰਿੰਸੀਪਲ, ਪ੍ਰੋ. ਨਵਦੀਪ ਕੌਰ ਨੇ ਨਵੇਂ ਵਿਦਿਆਰਥੀਆਂ ਨੂੰ ਇੱਕ ਨਵੀਂ ਅਕਾਦਮਿਕ ਯਾਤਰਾ ਸ਼ੁਰੂ ਕਰਨ 'ਤੇ ਵਧਾਈ ਦਿੱਤੀ ਅਤੇ ਉਨ੍ਹਾਂ ਦਾ ਸਵਾਗਤ ਕੀਤਾ।ਇਸ ਤੋਂ ਬਾਅਦ ਵਿਦਿਆਰਥੀਆਂ ਦੁਆਰਾ ਮਾਡਲਿੰਗ, ਡਾਂਸ, ਗਾਣੇ, ਕਵਿਤਾ, ਖੇਡਾਂ ਵਰਗੇ ਸੱਭਿਆਚਾਰਕ ਪ੍ਰਦਰਸ਼ਨਾਂ ਦੀ ਇੱਕ ਲੜੀ ਪੇਸ਼ ਕੀਤੀ ਗਈ।ਫਰੈਸ਼ਰਾਂ ਨੇ ਆਪਣੇ ਆਪ ਨੂੰ ਰਚਨਾਤਮਕ ਢੰਗ ਨਾਲ ਪੇਸ਼ ਕੀਤਾ ਅਤੇ ਵੱਖ-ਵੱਖ ਮੁਕਾਬਲਿਆਂ ਵਿੱਚ ਹਿੱਸਾ ਲਿਆ ਅਤੇ ਵੱਖ-ਵੱਖ ਖਿਤਾਬ ਪ੍ਰਾਪਤ ਕੀਤੇ।ਵਿਭਾਗ ਦੇ ਮੁਖੀ, ਪ੍ਰੋ. ਸੰਜੀਵ ਕੁਮਾਰ ਆਨੰਦ ਨੇ ਪ੍ਰੋਗਰਾਮ ਨੂੰ ਸਫ਼ਲਤਾਪੂਰਵਕ ਆਯੋਜਿਤ ਕਰਨ ਲਈ ਸਟਾਫ਼ ਅਤੇ ਸੀਨੀਅਰ ਵਿਦਿਆਰਥੀਆਂ ਦੇ ਯਤਨਾਂ ਦੀ ਸ਼ਲਾਘਾ ਕੀਤੀ ਅਤੇ ਨਵੇਂ ਵਿਦਿਆਰਥੀਆਂ ਨੂੰ ਅਕਾਦਮਿਕ ਦੇ ਨਾਲ-ਨਾਲ ਸਹਿ-ਪਾਠਕ੍ਰਮ ਗਤੀਵਿਧੀਆਂ ਵਿੱਚ ਉੱਤਮਤਾ ਪ੍ਰਾਪਤ ਕਰਨ ਲਈ ਪ੍ਰੇਰਿਤ ਕੀਤਾ।ਵਿਸ਼ਾਲ ਭੱਟ (ਬੀ.ਐਸ.ਸੀ ਆਈ.ਟੀ ਸਮੈਸਟਰ 1) ਅਤੇ ਮਿਤਾਲੀ (ਬੀ.ਐਸ.ਸੀ ਸੀ.ਐਸ. ਸਮੈਸਟਰ 1) ਨੇ ਮਿਸਟਰ ਐਂਡ ਮਿਸ ਫਰੈਸ਼ਰ ਦਾ ਖਿਤਾਬ ਹਾਸਲ ਕੀਤਾ। ਮੁਸਕਾਨ (ਬੀ.ਸੀ.ਏ ਸਮੈਸਟਰ 1) ਅਤੇ ਸਾਹਿਲਪ੍ਰੀਤ (ਬੀ.ਸੀ.ਏ ਸਮੈਸਟਰ 1) ਨੇ ਮਿਸ ਐਂਡ ਮਿਸਟਰ ਕੋਨਫੀਡੈਂਟ ਦਾ ਖਿਤਾਬ ਜਿੱਤਿਆ। ਧਰੁਵ ਆਨੰਦ (ਬੀ.ਸੀ.ਏ. ਸਮੈਸਟਰ 1) ਨੇ ਮਿਸਟਰ ਫਿਟਨੈਸ ਫ੍ਰੀਕ ਦਾ ਖਿਤਾਬ ਜਿੱਤਿਆ ਅਤੇ ਅੰਜਲੀ (ਬੀ.ਐਸ.ਸੀ. ਸੀਐਸ ਸਮੈਸਟਰ 1) ਨੂੰ ਮਿਸ ਫੈਸ਼ਨ ਆਈਕਨ ਐਲਾਨਿਆ ਗਿਆ। ਸ਼ੁਭਮ (ਬੀ.ਡੀ.ਐਮ.ਐਮ. ਸਮੈਸਟਰ 1) ਨੇ ਮਿਸਟਰ ਹੈਂਡਸਮ ਅਤੇ ਸੰਧਿਆ (ਬੀ.ਸੀ.ਏ ਸਮੈਸਟਰ 1) ਨੇ ਮਿਸ ਚਾਰਮਿੰਗ ਦਾ ਖ਼ਿਤਾਬ ਜਿੱਤਿਆ। ਮੁਕਾਬਲੇ ਦੇ ਜੱਜ ਪ੍ਰੋ: ਰਤਨਾਕਰ ਮਾਨ, ਡਾ: ਦਲਜੀਤ ਕੌਰ ਅਤੇ ਪ੍ਰੋ: ਸੋਨੂੰ ਗੁਪਤਾ ਸਨ।ਸਮਾਗਮ ਦੀ ਸਮਾਪਤੀ ਪ੍ਰੋ: ਰਤਨਾਕਰ ਮਾਨ ਦੇ ਧੰਨਵਾਦੀ ਮਤੇ ਨਾਲ ਹੋਈ। ਸਮਾਗਮ ਵਿੱਚ ਵਿਭਾਗ ਦੇ 150 ਦੇ ਕਰੀਬ ਵਿਦਿਆਰਥੀਆਂ ਨੇ ਭਾਗ ਲਿਆ। ਇਸ ਮੌਕੇ ਪ੍ਰੋ: ਰਤਨਾਕਰ ਮਾਨ, ਡਾ: ਦਲਜੀਤ ਕੌਰ, ਪ੍ਰੋ: ਨਵਨੀਤ ਕੌਰ ਅਤੇ ਵਿਭਾਗ ਦੇ ਹੋਰ ਟੀਚਿੰਗ ਅਤੇ ਨਾਨ-ਟੀਚਿੰਗ ਦੇ ਸਟਾਫ਼ ਮੈਂਬਰ ਵੀ ਹਾਜ਼ਰ ਸਨ । ਸਟੇਜ ਦਾ ਸੰਚਾਲਨ ਡਾ: ਦਲਜੀਤ ਕੌਰ, ਪ੍ਰੋ: ਜਸਪ੍ਰੀਤ ਕੌਰ ਸੈਣੀ ਅਤੇ ਵਿਦਿਆਰਥੀ ਕੋਆਰਡੀਨੇਟਰ ਸਿਮਰਨ, ਸੋਨਾਲੀ, ਨਿਕਿਤਾ ਨੇ ਕੀਤਾ।



## ਘਟਨਾ ਨੂੰ ਅੰਜਾਮ ਦੇਣ ਲਈ ਵਰਤੀ ਗੱਡੀ ਪੁਲਸ ਵੱਲੋਂ ਬਰਾਮਦ



**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)**- ਫਿਲੌਰ ਦੇ ਪੁਲਸ ਹੱਦਬੰਦੀ ਵਿੱਚ ਵਾਰਦਾਤ ਵਿੱਚ ਵਰਤੀ ਗੱਡੀ ਥਾਰ ਬਿਨਾਂ ਨੰਬਰ, ਫਿਲੌਰ ਪੁਲਿਸ ਵਲੋਂ ਕਾਬੂ ਕੀਤੇ ਜਾਣ ਦਾ ਸਮਾਚਾਰ ਮਿਲਿਆ ਹੈ।ਮਿਲੀ ਜਾਣਕਾਰੀ ਅਨੁਸਾਰ ਕੋਟ ਫਤੂਹੀ-ਮਾਹਿਲਪੁਰ ਮੁੱਖ ਮਾਰਗ ਤੇ ਸਥਿਤ ਕੋਟ ਫਤੂਹੀ ਤੋਂ ਤਕਰੀਬਨ ਤਿੰਨ ਕਿਲੋਮੀਟਰ ਦੂਰ ਅੱਡਾ ਚਿੰਤਪੁਰਨੀ ਵਿਖੇ ਇੱਕ ਲਾਵਾਰਿਸ ਥਾਰ ਗੱਡੀ ਕਾਲੇ ਰੰਗ ਦੀ ਫਿਲੌਰ ਪੁਲਸ ਨੂੰ ਖੜੀ ਬਿਨਾਂ ਨੰਬਰ ਮਿਲੀ। ਮੌਕਾ ਅਫਸਰ ਨੇ ਜਦੋਂ ਸਾਥੀ ਕਰਮਚਾਰੀਆਂ ਨਾਲ ਇਸ ਦੀ ਤਲਾਸ਼ੀ ਲਈ ਤਾਂ ਇਸ ਦੀਆਂ ਨੰਬਰ ਪਲੇਟਾਂ ਗੱਡੀ ਦੇ ਅੰਦਰ ਮਿਲੀਆਂ।ਇਸ ਮੌਕੇ ਏ ਐੱਸ ਆਈ ਰਜਿੰਦਰ ਸਿੰਘ ਤੇ ਪੁਲਸ ਮੌਕਾ ਅਫਸਰ ਫਿਲੌਰ ਦੇ ਕਰਮਚਾਰੀਆਂ ਨੇ ਦੱਸਿਆ ਕਿ ਉਕਤ ਗੱਡੀ ਦੀ ਵਰਤੋਂ ਘਟਨਾ ਨੂੰ ਅੰਜਾਮ ਦੇਣ ਲਈ ਵਰਤੀ ਗਈ ਸੀ, ਜੋ ਅੱਡਾ ਚਿੰਤਪੁਰਨੀ ਮੰਦਿਰ ਕੋਲੋਂ ਪੁਲਸ ਨੂੰ ਲਾਵਾਰਿਸ ਮਿਲੀ।ਖ਼ਾਸ ਇਤਲਾਹ ਤੇ ਇਸ ਗੱਡੀ ਦਾ ਜ਼ਿਲ੍ਹਾ ਹੁਸ਼ਿਆਰਪੁਰ ਦੇ ਕਸਬਾ ਕੋਟ ਫਤੂਹੀ ਦੇ ਨਜਦੀਕ ਪੈਂਦੇ ਅੱਡਾ ਚਿੰਤਪੁਰਨੀ ਕੋਲ ਖੜੀ ਹੋਣ ਦੀ ਸੂਚਨਾ ਮਿਲਦੇ ਸਾਰ ਹੀ ਇਸਨੂੰ ਸਥਾਨਕ ਪੁਲਿਸ ਦੀ ਮਦਦ ਨਾਲ ਕਾਬੂ ਕਰਕੇ ਫਿਲੌਰ ਥਾਣੇ ਲਿਜਾਇਆ ਗਿਆ।ਇਸ ਮੌਕੇ ਐੱਸ ਐੱਚ ਓ ਥਾਣਾ ਫਿਲੌਰ, ਪੁਲਸ ਮੁਲਾਜਮ ਥਾਣਾ ਫਿਲੌਰ ਤੇ ਪੁਲਸ ਚੌਕੀ ਕੋਟ ਫਤੂਹੀ ਦੇ ਇੰਚਾਰਜ ਸੁਖਵਿੰਦਰ ਸਿੰਘ, ਏ ਐੱਸ ਆਈ ਰਜਿੰਦਰ ਸਿੰਘ ਹਾਜ਼ਰ ਸਨ।

## 3 ਰੋਜ਼ਾ ਰੋਸ਼ਨੀ ਮੇਲਾ ਅਮਿੱਟ ਯਾਦਾਂ ਛੱਡਦਾ ਹੋਇਆ ਸਮਾਪਤ

**ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)**- ਪੀਰ ਬਾਬਾ ਮੰਦੂਆਨਾ ਪ੍ਰਬੰਧਕ ਕਮੇਟੀ ਵਲੋਂ ਬਾਬਾ ਦੋ ਗੁੱਤਾ ਵਾਲਿਆ ਦੀ ਯਾਦ ਨੂੰ ਸਮਰਪਿਤ ਚੇਅਰਮੈਨ ਅਮਰਜੀਤ ਸਿੰਘ ਨਿੱਪੀ ਬੈਂਸ ਤੇ ਪ੍ਰਧਾਨ ਨਰਿੰਦਰ ਮੋਹਨ ਨਿੰਦੀ ਸਾਬਕਾ ਸਰਪੰਚ ਪਿੰਡ ਮੁੱਗੋਵਾਲ ਦੀ ਅਗਵਾਈ 'ਚ 43ਵਾਂ 3-ਰੋਜ਼ਾ ਰੋਸ਼ਨੀ ਮੇਲਾ ਕਰਵਾਇਆ ਗਿਆ। ਮੇਲੇ ਦੀ ਸ਼ੁਰੂਆਤ ਮੌਕੇ ਚਿਰਾਗਾਂ ਦੀ ਰਸਮ ਉਪਰੰਤ ਦਵਿੰਦਰ ਸਿੰਘ ਸੈਣੀ ਪ੍ਰਧਾਨ ਨਗਰ ਪੰਚਾਇਤ ਮਾਹਿਲਪੁਰ ਵਲੋਂ ਝੰਡਾ ਝੜਾਉਣ ਦੀ ਰਸਮ ਅਦਾ ਕੀਤੀ ਗਈ। ਰਾਤ ਨੂੰ ਮੇਲੇ ਦੀ ਸ਼ੁਰੂਆਤ ਲੱਕੀ ਕਵਾਲ ਐਂਡ ਪਾਰਟੀ ਅੰਮ੍ਰਿਤਸਰ ਵਲੋਂ ਆਪਣਾ ਪ੍ਰੋਗਰਾਮ ਪੇਸ਼ ਕੀਤਾ ਗਿਆ। ਉਪਰੰਤ ਇੰਟਰਨੈਸ਼ਨਲ ਪੰਜਾਬੀ ਲੋਕ ਗਾਇਕ ਕਾਸ਼ੀ ਨਾਥ, ਮਨੀ ਥਾਣਾ ਵਲੋਂ ਆਪਣੇ ਦਰਜਨਾਂ ਪੁਰਾਣੇ ਤੇ ਨਵੇਂ ਧਾਰਮਿਕ ਗੀਤ ਪੇਸ਼ ਕਰਕੇ ਮੇਲੇ ਨੂੰ ਬੁਲੰਦੀਆਂ 'ਤੇ ਪਹੁੰਚਾ ਦਿੱਤਾ। ਇਸ ਮੌਕੇ ਸੰਤ ਮੇਜਰ ਦਾਸ ਹੱਲੂਵਾਲ, ਮਨਦੀਪ ਸਿੰਘ ਬੈਂਸ ਮੁੱਖ ਸੇਵਾਦਾਰ ਡੇਰਾ ਬਾਪੂ ਗੰਗਾ ਦਾਸ,ਸਾਈ ਸੋਢੀ ਸ਼ਾਹ ਲਲਵਾਨ, ਮਦਨ ਲਾਲ ਪ੍ਰਬੰਧਕ ਡੇਰਾ ਦੋ ਗੁੱਤਾ ਭੁੱਲੇਵਲ ਗੁਜਰਾਂ, ਗਾਇਕ ਅਰਮਾਨ ਢਿੱਲੋਂ, ਗਾਇਕ ਤੇ ਲੇਖਕ ਜਿੰਦਰ ਖਾਨਪੁਰੀ, ਗਾਇਕ ਗੁਰਪ੍ਰੀਤ ਸਿੰਘ ਮਾਹਿਲਪੁਰੀ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਇਸ ਮੌਕੇ ਪ੍ਰਬੰਧਕ ਕਮੇਟੀ ਵੱਲੋਂ ਪ੍ਰਮੁੱਖ ਸਖਸ਼ੀਅਤਾਂ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਅਮਰਜੀਤ ਸਿੰਘ ਬੈਂਕ ਕਲੋਨੀ, ਰਾਮ ਸਰੂਪ ਖਜ਼ਾਨਚੀ, ਤਰਲੋਕ ਰਾਮ, ਰਾਜੀਵ ਸ਼ਰਮਾ, ਹਰਜੀਵ ਰਾਮਾ, ਨਰੇਸ਼ ਕੁਮਾਰ ਲਵਲੀ, ਡਾ. ਪੰਮਾ, ਕੇਵਲ ਅਰੋੜਾ, ਬਲਵੀਰ ਠਾਕੁਰ, ਮੰਗਤ ਰਾਮ ਮੰਗਾ ਆਪ ਆਗੂ, ਲਾਲਾ ਰਾਮ ਜੀ ਦਾਸ, ਰਾਮ ਸਰੂਪ ਤਨੇਜਾ, ਅਸ਼ੋਕ ਕੁਮਾਰ ਸਾਬਕਾ ਕੌਂਸਲਰ, ਪ੍ਰਿੰਸੀਪਲ ਰਣਜੀਤ ਸਿੰਘ, ਨਵਤੇਜ ਸਿੰਘ ਬੈਂਸ, ਇੰਸ. ਸੁਆਮੀ ਰਜਿੰਦਰ ਰਾਣਾ, ਪਰਮਜੀਤ ਸਿੰਘ ਰਾਣਾ ਆਦਿ ਹਾਜ਼ਰ ਸਨ। ਸਮਾਗਮ ਦੌਰਾਨ ਪੰਡਿਤ ਨਰਿੰਦਰ ਮੋਹਨ ਨਿੰਦੀ ਅਤੇ ਸਮੂਹ ਕਮੇਟੀ ਮੈਂਬਰਾਂ ਵੱਲੋਂ ਇਲਾਕੇ ਦੀਆਂ ਸਨਮਾਣਯੋਗ ਸ਼ਖਸ਼ੀਅਤਾਂ ਦਾ ਸਨਮਾਨ ਕੀਤਾ ਗਿਆ। ਗੁਰੂ ਕਾ ਲੰਗਰ ਅਤੁਟ ਚਲਿਆ।



## ਅੱਖਾਂ ਦਾ ਚੈੱਕਅੱਪ ਤੇ ਸਕਰੀਨਿੰਗ ਕੈਂਪ

**ਜਲੰਧਰ (ਰਾਜੇਸ਼ ਥਾਪਾ)**- ਅੰਬੇਡਕਰ ਭਵਨ ਟਰੱਸਟ ਦੇ ਵਿੱਤ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਇੱਕ ਪ੍ਰੈਸ ਨੋਟ ਜਾਰੀ ਕਰਕੇ ਕਿਹਾ ਕਿ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ 27 ਅਕਤੂਬਰ, 1951 ਨੂੰ ਜਲੰਧਰ ਵਿਖੇ ਪਧਾਰੇ ਸਨ ਅਤੇ ਉਨ੍ਹਾਂ ਨੇ ਲੱਖਾਂ ਲੋਕਾਂ ਨੂੰ ਸੰਬੋਧਨ ਕੀਤਾ ਸੀ। ਉੱਘੇ ਅੰਬੇਡਕਰਵਾਦੀ ਅਤੇ ਭੀਮ ਪਤ੍ਰਿਕਾ ਦੇ ਮੁੱਖ ਸੰਪਾਦਕ ਮਰਹੂਮ ਸ੍ਰੀ ਲਾਹੌਰੀ ਰਾਮ ਬਾਲੀ ਨੇ ਆਪਣੇ ਸਾਥੀ ਸੇਠ ਕਰਮ ਚੰਦ ਬਾਠ ਦੇ ਸਹਿਯੋਗ ਨਾਲ ਇੱਕ-ਇੱਕ ਰੁਪਇਆ ਇਕੱਠਾ ਕਰਕੇ ਤਕਰੀਬਨ ਸਾਢੇ ਛੇ ਕਨਾਲ ਬਾਬਾ ਸਾਹਿਬ ਦੀ ਚਰਨ ਛੋਹ-ਪ੍ਰਾਪਤ ਭੂਮੀ 1963 ਵਿੱਚ ਖਰੀਦ ਕੇ 'ਅੰਬੇਡਕਰ ਭਵਨ ਟਰੱਸਟ' ਦੇ ਨਾਂਅ 'ਤੇ ਉਸ ਦਾ ਟਰੱਸਟ ਸਥਾਪਿਤ ਕਰ ਦਿੱਤਾ ਅਤੇ ਫਿਰ ਉਸ ਇਤਿਹਾਸਿਕ ਸਥਾਨ ਤੇ ਇੱਕ ਆਲੀਸ਼ਾਨ ਅੰਬੇਡਕਰ ਭਵਨ ਉਸਾਰ ਕੇ ਬਾਬਾ ਸਾਹਿਬ ਦੀ ਵਿਰਾਸਤ ਸਥਾਪਤ ਕਰ ਦਿੱਤੀ। ਭਾਰਦਵਾਜ ਨੇ ਕਿਹਾ ਕਿ ਅੰਬੇਡਕਰ ਭਵਨ ਟਰੱਸਟ ਵੱਲੋਂ ਇਤਿਹਾਸਿਕ ਸਥਾਨ ਅੰਬੇਡਕਰ ਭਵਨ, ਡਾ. ਅੰਬੇਡਕਰ ਮਾਰਗ, ਜਲੰਧਰ ਵਿਖੇ '27 ਅਕਤੂਬਰ, 1951-ਬਾਬਾ ਸਾਹਿਬ ਦੇ ਆਗਮਨ ਦਿਵਸ' ਨੂੰ ਸਮਰਪਿਤ ਨੈਸ਼ਨਲ ਆਈ ਕੇਅਰ ਹਸਪਤਾਲ ਜਲੰਧਰ ਦੁਆਰਾ 26 ਅਕਤੂਬਰ ਨੂੰ ਅੱਖਾਂ ਦਾ ਮੁਫ਼ਤ ਚੈੱਕਅਪ ਅਤੇ ਸਕਰੀਨਿੰਗ ਕੈਂਪ ਲਗਾਇਆ ਗਿਆ। ਭਾਰਦਵਾਜ ਨੇ ਅੱਗੇ ਕਿਹਾ ਕਿ ਡਾ. ਪੀਯੂਸ਼ ਸੂਦ ਦੀ ਅਗਵਾਈ ਵਿੱਚ ਅੱਖਾਂ ਦੇ ਮਾਹਿਰ ਡਾਕਟਰਾਂ ਦੀ ਟੀਮ ਨੇ 185 ਵਿਅਕਤੀਆਂ ਦੀਆਂ ਅੱਖਾਂ ਦਾ ਚੈੱਕਅਪ ਕੀਤਾ ਅਤੇ 48 ਵਿਅਕਤੀਆਂ ਦੀਆਂ ਅੱਖਾਂ ਵਿੱਚ ਲੈਂਜ਼ ਪਾਉਣੇ ਤੈਅ ਕੀਤੇ ਗਏ। ਨੈਸ਼ਨਲ ਆਈ ਕੇਅਰ ਹਸਪਤਾਲ, ਕਪੂਰਥਲਾ ਰੋਡ ਜਲੰਧਰ ਵਿਖੇ ਆਪਰੇਸ਼ਨ ਕੀਤੇ ਜਾਣਗੇ, ਅੱਖਾਂ ਦੇ ਲੈਂਜ਼ ਆਧੁਨਿਕ ਤਕਨੀਕ ਨਾਲ ਪਾਏ ਜਾਣਗੇ ਅਤੇ ਦਵਾਈਆਂ ਵੀ ਮੁਫਤ ਦਿੱਤੀਆਂ ਜਾਣਗੀਆਂ। ਉਨ੍ਹਾਂ ਨੇ ਕਿਹਾ ਕਿ ਬੀਬੀ ਮਹਿੰਦੋ ਰੱਤੂ ਸੁਪਤਨੀ ਮਰਹੂਮ ਰਾਮ ਪ੍ਰਕਾਸ਼ ਰੱਤੂ ਨੇ ਆਪਣੇ ਰੱਤੂ ਪਰਿਵਾਰ ਵੱਲੋਂ ਅੱਖਾਂ ਦਾ ਕੈਂਪ ਲਗਾਉਣ ਲਈ ਭਰਪੂਰ ਸਹਿਯੋਗ ਦਿੱਤਾ। ਅੰਬੇਡਕਰ ਭਵਨ ਟਰੱਸਟ ਵੱਲੋਂ ਬੀਬੀ ਮਹਿੰਦੋ ਰੱਤੂ, ਡਾ. ਅਮਨਪ੍ਰੀਤ ਸਿੰਘ, ਵਰਿੰਦਰ ਤੇ ਪ੍ਰੀਤੀ ਦਾ ਸਨਮਾਨ ਕੀਤਾ ਗਿਆ।



ਇਸ ਮੌਕੇ ਟਰੱਸਟ ਦੇ ਚੇਅਰਮੈਨ ਸੋਹਨ ਲਾਲ, ਜਨਰਲ ਸਕੱਤਰ ਡਾ. ਜੀ. ਸੀ. ਕੌਲ, ਵਿੱਤ ਸਕੱਤਰ ਬਲਦੇਵ ਰਾਜ ਭਾਰਦਵਾਜ, ਟਰੱਸਟੀ ਹਰਮੇਸ਼ ਜੱਸਲ, ਚਰਨ ਦਾਸ ਸੰਧੂ, ਡਾ. ਮਹਿੰਦਰ ਸੰਧੂ, ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ ਦੇ ਸੀਤ ਪ੍ਰਧਾਨ ਪ੍ਰੋਫੈਸਰ ਬਲਬੀਰ, ਸਾਬਕਾ ਰਾਜਦੂਤ ਰਮੇਸ਼ ਚੰਦਰ, ਹਰੀ ਸਿੰਘ ਥਿੰਦ, ਪ੍ਰੋਫੈਸਰ ਅਰਿੰਦਰ ਸਿੰਘ, ਡਾ. ਸਤ ਪਾਲ, ਤਿਲਕ ਰਾਜ, ਨਿਰਮਲ ਬਿਨਜੀ ਅਤੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ।

## ਅੱਖਾਂ ਦਾ ਮੁਫਤ ਅਪ੍ਰੇਸ਼ਨ ਕੈਂਪ ਅੱਜ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਜੈਨ ਉਪਾਸਰਾ ਵਿੱਚ ਅੱਖਾਂ ਦਾ ਮੁਫਤ ਆਪ੍ਰੇਸ਼ਨ ਕੈਂਪ ਲਗਾਇਆ ਜਾ ਰਿਹਾ ਹੈ। ਜਾਣਕਾਰੀ ਦਿੰਦੇ ਹੋਏ ਵਰਧਮਾਨ ਜੈਨ ਸੇਵਾ ਸੰਘ ਦੇ ਜਨਰਲ ਸਕੱਤਰ ਰਤਨ ਕੁਮਾਰ ਜੈਨ ਨੇ ਦੱਸਿਆ ਕਿ ਵਰਧਮਾਨ ਜੈਨ ਸੇਵਾ ਸੰਘ ਨਵਾਂਸ਼ਹਿਰ ਦੀ ਵੱਲੋਂ 14 ਵਾਂ ਅੱਖਾਂ ਦਾ ਮੁਫਤ ਅਪ੍ਰੇਸ਼ਨ ਕੈਂਪ 28 ਅਕਤੂਬਰ ਨੂੰ ਜੈਨ ਉਪਾਸਰਾ ਸਹਿਜ ਮੁਨੀ ਭਵਨ ਰੇਲਵੇ ਰੋਡ ਵਿਖੇ ਲਗਾਇਆ ਜਾ ਰਿਹਾ ਹੈ। ਵਰਧਮਾਨ ਜੈਨ ਸੇਵਾ ਸੰਘ ਦੇ ਪ੍ਰਧਾਨ ਮਨੀਸ਼ ਜੈਨ ਤੇ ਜਨਰਲ ਸਕੱਤਰ ਰਤਨ ਕੁਮਾਰ ਜੈਨ ਨੇ ਦੱਸਿਆ ਕਿ ਸ਼ੰਕਰਾ ਆਈ ਹਸਪਤਾਲ ਲੁਧਿਆਣਾ ਦੇ ਡਾਕਟਰ 28 ਅਕਤੂਬਰ ਨੂੰ ਸਵੇਰੇ 9:00 ਵਜੇ ਤੋਂ ਦੁਪਹਿਰ 1:00 ਵਜੇ ਤੱਕ ਮਰੀਜ਼ਾਂ ਦੀਆਂ ਅੱਖਾਂ ਦੀ ਜਾਂਚ ਕਰਨਗੇ ਅਤੇ ਲੋੜਵੰਦ ਮਰੀਜ਼ਾਂ ਦੇ ਅਪ੍ਰੇਸ਼ਨ ਬਿਲਕੁਲ ਮੁਫਤ ਕੀਤੇ ਜਾਣਗੇ। ਸਾਰੇ ਮਰੀਜ਼ਾਂ ਨੂੰ ਦਵਾਈਆਂ ਵੀ ਮੁਫ਼ਤ ਦਿੱਤੀਆਂ ਜਾਣਗੀਆਂ। ਮਰੀਜ਼ਾਂ ਦੇ ਠਹਿਰਣ ਅਤੇ ਲੰਗਰ ਦਾ ਪ੍ਰਬੰਧ ਜੈਨ ਸੇਵਾ ਸੰਘ ਵੱਲੋਂ ਕੀਤਾ ਜਾਵੇਗਾ।

## ਗੁਰੂ ਨਾਨਕ ਖਾਲਸਾ ਕਾਲਜ 'ਚ ਧਾਰਮਿਕ ਪ੍ਰੀਖਿਆ ਕਰਵਾਈ



**ਸੁਲਤਾਨਪੁਰ ਲੋਧੀ (ਹਨੀ)**- ਸਿੱਖ ਮਿਸ਼ਨਰੀ ਕਾਲਜ ਲੁਧਿਆਣਾ ਵੱਲੋਂ ਸਥਾਨਕ ਗੁਰੂ ਨਾਨਕ ਖਾਲਸਾ ਕਾਲਜ ਵਿਖੇ ਵਿਦਿਆਰਥੀਆਂ ਦੀ ਧਾਰਮਿਕ ਪ੍ਰੀਖਿਆ ਲਈ ਗਈ ।ਕਾਲਜ ਦੇ ਕਾਰਜਕਾਰੀ ਪ੍ਰਿੰਸੀਪਲ ਜਸਬੀਰ ਕੌਰ ਦੀ ਅਗਵਾਈ ਤੇ ਪ੍ਰੋ. ਰਾਜਦੀਪ ਕੌਰ ਜੋਸਨ ਮੁਖੀ ਪੰਜਾਬੀ ਤੇ ਆਰਟਸ ਵਿਭਾਗ ਦੇ ਸਾਂਝੇ ਯਤਨਾਂ ਸਦਕਾ ਵਿਦਿਆਰਥੀਆਂ ਪ੍ਰੀਖਿਆ ਵਿਚ ਬੜੇ ਉਤਸ਼ਾਹ ਨਾਲ ਭਾਗ ਲਿਆ।ਇਮਤਿਹਾਨ ਦੌਰਾਨ ਸਿੱਖ ਮਿਸ਼ਨਰੀ ਸੰਸਥਾ ਲੁਧਿਆਣਾ ਨਾਲ ਸੰਬੰਧਿਤ ਸੁਖਦੇਵ ਸਿੰਘ, ਇਸ਼ਮੀਤ ਸਿੰਘ ਅਤੇ ਲਵਪ੍ਰੀਤ ਕੌਰ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਸ ਇਮਤਿਹਾਨ ਵਿੱਚ ਸੁਪਰਡੈਂਟ ਦੀ ਸੇਵਾ ਪ੍ਰੋ. ਰਾਜਦੀਪ ਕੌਰ ਜੋਸਨ ਨੇ ਨਿਭਾਈ । ਕਾਲਜ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਇੰਜੀਨੀਅਰ ਸਵਰਨ ਸਿੰਘ, ਇੰਜੀਨੀਅਰ ਹਰਨਿਆਮਤ ਕੌਰ ਅਤੇ ਇੰਜੀਨੀਅਰ ਨਿਮਰਤਾ ਕੌਰ ਨੇ ਮੁਕਾਬਲੇ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਦੀ ਪ੍ਰਸ਼ੰਸਾ ਕੀਤੀ। ਇਸ ਦੌਰਾਨ ਪ੍ਰੋ. ਸਰਬਜੀਤ ਕੌਰ, ਪ੍ਰੋ. ਜਸਵੀਰ ਕੌਰ, ਪ੍ਰੋ. ਸੁਖਵਿੰਦਰ ਸਿੰਘ ਤੇ ਪ੍ਰੋ. ਹਰਜਾਪ ਸਿੰਘ ਮੌਜੂਦ ਸਨ ।

## 'ਪਰਵਾਰ ਮਿਲਣ ਪ੍ਰੋਗਰਾਮ' ਨੇ ਧਾਰਿਆ ਰੈਲੀ ਦਾ ਰੂਪ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਪੰਜਾਬ ਭਾਜਪਾ ਦੇ ਸਾਬਕਾ ਪ੍ਰਧਾਨ ਅਤੇ ਸਾਬਕਾ ਕੈਬਨਟ ਮੰਤਰੀ ਮਦਨ ਮੋਹਨ ਮਿੱਤਲ ਵੱਲੋਂ ਆਪਣੀ ਰਿਹਾਇਸ਼ ਮਾਡਲ ਟਾਊਨ ਵਿਖੇ ਰੱਖੇ ਗਏ ਪਰਿਵਾਰ ਮਿਲਣੀ ਪ੍ਰੋਗਰਾਮ ਵਿੱਚ ਜਿੱਥੇ ਹਲਕੇ ਦੇ ਵਰਕਰਾਂ ਨੇ ਭਾਰੀ ਤਾਦਾਦ ਵਿੱਚ ਸ਼ਮੂਲੀਅਤ ਕੀਤੀ ਉੱਥੇ ਹੀ ਇਹ ਪਰਿਵਾਰ ਮਿਲਣ ਪ੍ਰੋਗਰਾਮ ਇੱਕ ਰੈਲੀ ਦਾ ਰੂਪ ਧਾਰਨ ਕਰ ਗਿਆ। ਇਸ ਮੌਕੇ ਆਪਣੇ ਸੰਬੋਧਨ ਵਿੱਚ ਪੰਜਾਬ ਭਾਜਪਾ ਦੇ ਸਾਬਕਾ ਪ੍ਰਧਾਨ ਅਤੇ ਸਾਬਕਾ ਕੈਬਨਟ ਮੰਤਰੀ ਮਦਨ ਮੋਹਨ ਮਿੱਤਲ ਵੱਲੋਂ ਜਿੱਥੇ ਇਲਾਕੇ ਦੀ ਲੋਕਾਂ ਦਾ ਧੰਨਵਾਦ ਕੀਤਾ ਉੱਥੇ ਹੀ ਕਿਹਾ ਮੈਨੂੰ ਹਲਕੇ ਦੇ ਲੋਕਾਂ ਨੇ 45 ਸਾਲ ਲਗਾਤਾਰ ਆਸ਼ੀਰਵਾਦ ਦਿੱਤਾ ਹੈ ਅਤੇ ਹਲਕੇ ਦੇ ਲੋਕਾਂ ਦੀ ਬਦੌਲਤ ਉਹਨਾਂ ਨੇ ਪੰਜਾਬ ਵਿੱਚ ਹੀ ਨਹੀਂ ਬਲਕਿ ਪੂਰੇ ਭਾਰਤ ਵਿੱਚ ਉਨਾਂ ਨੂੰ ਮਾਣ ਮਿਲਿਆ। ਉਹਨਾਂ ਵੱਲੋਂ ਆਪਣੀ ਜ਼ਿੰਦਗੀ ਦੇ ਤਜਰਬੇ ਲੋਕਾਂ ਦੇ ਨਾਲ ਸਾਂਝੇ ਕੀਤੇ ਉੱਥੇ ਹੀ ਲੋਕਾਂ ਨੂੰ ਪਾਰਟੀ ਬਾਰੇ ਬੋਲਦੀਆਂ ਕਿਹਾ ਕਿ ਪਾਰਟੀ ਹੀ ਇੱਕ ਵਰਕਰ ਤੋਂ ਨੇਤਾ ਬਣਾਉਂਦੀ ਹੈ। ਇਸ ਲਈ ਉਹ ਹਲਕੇ ਦੇ ਲੋਕਾਂ ਤੇ ਧੰਨਵਾਦੀ ਹਨ। ਇਸ ਮੌਕੇ ਪੰਜਾਬ ਭਾਜਪਾ ਦੇ ਸਾਬਕਾ ਸਕੱਤਰ ਐਡਵੋਕੇਟ ਅਰਵਿੰਦ ਮਿੱਤਲ ਆਪਣੀ ਸੰਬੋਧਨ ਵਿੱਚ ਕਿਹਾ ਕੀ ਮੇਰਾ ਹਲਕਾ ਮੇਰਾ ਪਰਵਾਰ ਹੈ ਅਤੇ ਲੋਕਾਂ ਨੇ 45 ਸਾਲ ਤੋਂ ਲਗਾਤਾਰ ਸਾਨੂੰ ਆਸ਼ੀਰਵਾਦ ਦਿੱਤਾ ਹੈ ਅਤੇ ਅਸੀਂ ਲੋਕਾਂ ਦੇ ਨਾਲ ਚਟਾਨ ਦੀ ਤਰ੍ਹਾਂ ਖੜੇ ਹਨ ਅਤੇ ਖੜੇ ਰਹਾਂਗੇ। ਉਹਨਾਂ ਕਿਹਾ ਕਿ ਉਹ ਲਗਾਤਾਰ ਹਲਕੇ ਅੰਦਰ ਇੱਕ ਵਰਕਰ ਦੇ ਤੌਰ 'ਤੇ ਕੰਮ ਕਰ ਰਹੇ ਹਨ ਅਤੇ ਕੇਂਦਰ ਦੀ ਸਰਕਾਰ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਜੋ ਕੰਮ ਕੀਤੇ ਜਾ ਰਹੇ ਹਨ ਉਹਨਾਂ ਦੀਆਂ ਕੰਮਾਂ ਨੂੰ ਲੋਕਾਂ ਦੇ ਵਿੱਚ ਲੈ ਕੇ ਜਾ ਰਹੇ ਹਨ। ਉਹਨਾਂ ਕਿਹਾ ਪਿਛਲੇ ਸਮੇਂ ਦੌਰਾਨ ਪੰਜਾਬ ਅੰਦਰ ਕੇਂਦਰ ਵੱਲੋਂ ਅਲੱਗ ਅਲੱਗ ਪ੍ਰੋਜੈਕਟਾਂ ਨੂੰ ਮਨਜ਼ੂਰੀ ਦੇਣਾ ਅਤੇ ਕਿਸਾਨੀ ਲਈ ਕੰਮ ਕਰਨਾ ਹੜ੍ਹਾਂ ਵਿੱਚ ਹਰ ਇਕ ਜਿਲੇ ਅੰਦਰ ਮੰਤਰੀਆਂ ਦੀਆਂ ਕੇਂਦਰ ਤੋਂ ਡਿਊਟੀਆਂ ਲਗਾਣੀਆਂ ਇਹ ਸਾਬਤ ਕਰਦਾ ਹੈ ਕਿ ਪੰਜਾਬ ਵਿੱਚ ਭਾਜਪਾ ਦੀ ਸਰਕਾਰ 2027 ਵਿੱਚ ਜ਼ਰੂਰ ਬਣੇਗੀ। ਸਮਾਗਮ ਵਿੱਚ ਪਹੁੰਚਣ ਤੇ ਉਹਨਾਂ ਨੇ ਲੋਕਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਕਿ ਪਰਵਾਰ ਨੂੰ ਇੱਕ ਛੋਟੇ ਜਿਹੇ ਸਮਾਗਮ ਵਿੱਚ ਐਨੀ ਭਾਰੀ ਤਾਦਾਦ ਵਿੱਚ ਸ਼ਾਮਿਲ ਹੋਣਾ ਤੁਹਾਡਾ ਪਿਆਰ ਹੀ ਸਮਾਜ ਦੇ ਪ੍ਰਤੀ ਕੰਮ ਕਰਨ ਦਾ ਜਜ਼ਬਾ ਪੈਦਾ ਕਰਦਾ ਹੈ। ਇਸ ਮੌਕੇ ਵਿਸ਼ੇਸ਼ ਤੌਰ ਤੇ ਪਹੁੰਚੇ ਰਾਸ਼ਟਰੀ ਸੰਤ ਬਾਬਾ ਬਾਲ ਮਹਾਰਾਜ ਵੱਲੋਂ ਵੀ ਜਿੱਥੇ ਸਾਬਕਾ ਕੈਬਨਟ ਮੰਤਰੀ ਮਦਨ ਮੋਹਨ ਮਿੱਤਲ ਦਾ ਹਾਲ ਚਾਲ ਜਾਣਿਆ ਅਤੇ ਮਿੱਤਲ ਪਰਿਵਾਰ ਵੱਲੋਂ ਬਾਬਾ ਬਾਲ ਜੀ ਨੂੰ ਸਨਮਾਨਿਤ ਕੀਤਾ ਗਿਆ। ਉਹਨਾਂ ਵੱਲੋਂ ਵੀ ਸੰਗਤਾਂ ਨੂੰ ਪ੍ਰਵਚਨ ਕੀਤੇ ਗਏ ਜਦਕਿ ਇਸ ਮੌਕੇ ਸੁਨੇਹ ਲਤਾ ਮਿੱਤਲ, ਵਿਵੇਕ ਮਿੱਤਲ, ਵਸੁੰਧਰਾ ਮਿੱਤਲ ਸਾਬਕਾ ਮੰਡਲ ਪ੍ਰਧਾਨ ਅਜੇ ਰਾਣਾ, ਕੁਲਦੀਪ ਪਾਠਕ, ਰਘੂਕੁਲ ਭੂਸ਼ਣ ਬੰਟੀ ਐਡਵੋਕੇਟ, ਮਨੀਸ਼ ਧਰਮਾਣੀ, ਸਤਿੰਦਰ ਧਰਮਾਣੀ, ਕਾਮਰੇਡ ਕ੍ਰਿਸ਼ਨ ਕੁਮਾਰ ਦਲੋਵਾਲ, ਸੀਤਾ ਰਾਮ ਨਾੜ ਬ੍ਰਾਹਮਣ ਸਭਾ ਦੇ ਪ੍ਰਧਾਨ ਰਮਨ ਸ਼ਰਮਾ, ਸਾਬਕਾ ਬਲਾਕ ਸੰਮਤੀ ਮੈਂਬਰ ਗੁਰਬਖਸ਼ ਸਿੰਘ ਲੋਦੀਪੁਰ, ਮਾਸਟਰ ਮੋਹਨ ਲਾਲ, ਸਾਬਕਾ ਟਰੱਕ ਯੂਨੀਅਨ ਪ੍ਰਧਾਨ ਸੁਨੀਲ ਪੁਰੀ, ਮਹੰਤ ਲਛਮਣ ਦਾਸ, ਮਨਜੀਤ ਸਿੰਘ ਬਾਸੋਵਾਲ, ਡਾ. ਲੋਕ ਬੰਧੂ ਗੌਤਮ, ਸੋਹਨ ਲਾਲ ਲੰਬੜਦਾਰ ਸਾਬਕਾ ਕੌਂਸਲਰ ਸ਼ੋਭਾ ਰਾਣਾ ਨੰਗਲ ਸਾਬਕਾ ਟਰੱਕ ਯੂਨੀਅਨ ਮੈਂਬਰ ਗਿਆਨ ਚੰਦ ਚੀਕਣਾ, ਕਿਸ਼ਨ ਸਿੰਘ ਸੂਬਾ ਹੈਪੀ ਵੇਦੀ ਵਿਸ਼ਾਲ ਰਾਣਾ, ਕਰਮਚਾਰੀ ਨੇਤਾ ਰਾਣਾ ਹਰਪਾਲ ਸਿੰਘ ਨਗਰ ਕੌਂਸਲ ਨੰਗਲ ਦੇ ਸਾਬਕਾ ਪ੍ਰਧਾਨ ਰਕੇਸ਼ ਸ਼ਰਮਾ ਪਿੰਕੀ, ਸਾਬਕਾ ਜ਼ਿਲ੍ਹਾ ਪ੍ਰਧਾਨ ਭਾਜਪਾ ਪ੍ਰਵੇਸ਼ ਗੋਇਲ, ਕੁਲਭੂਸ਼ਣ ਪੁਰੀ ਨੰਗਲ ਸਾਬਕਾ ਮੰਡਲ ਪ੍ਰਧਾਨ ਕੈਪਟਨ ਬਲਵੀਰ ਸਿੰਘ ਡਾਡੀ ਸਾਬਕਾ ਮਾਰਕੀਟ ਕਮੇਟੀ ਦੇ ਵਾਈਸ ਚੇਅਰਮੈਨ ਤਿਲਕ ਰਾਜ ਪਚਰੰਡੇ, ਤਿਲਕ ਰਾਜ ਪਚਰੰਡੇ, ਸੋਨੀਆ ਕੀਰਤਪੁਰ ਸਾਹਿਬ, ਮਨੀਸ਼ ਕੇਅਰ ਪਾਲ, ਜਸਵੀਰ ਸਿੰਘ ਢੇਰ, ਸੁਰਿੰਦਰ ਸਿੰਘ ਮਟੌਰ, ਦਿਨੇਸ਼ ਸ਼ਰਮਾ, ਰਾਜੂ ਕੌਸ਼ਲ, ਰੋਪੜ ਸੁਧਾਮਾ ਗੰਗੂਵਾਲ ਰਾਮਦਰਸਨ ਅਜੌਲੀ ਸਾਬਕਾ ਕੌਂਸਲਰ ਰਚਨਾ ਲਾਂਬਾ ਐਡਵੋਕੇਟ ਸ਼ਿਵ ਕੁਮਾਰ ਤੋਂ ਇਲਾਵਾ ਭਾਰੀ ਗਿਣਤੀ ਵਿੱਚ ਇਲਾਕਾ ਨਿਵਾਸੀ ਹਾਜ਼ਰ ਸਨ।



## ਕੁਲਜੀਤ ਸਿੰਘ ਰੰਧਾਵਾ ਨੇ ਡੇਰਾਬੱਸੀ-ਮੁਬਾਰਿਕਪੁਰ-ਰਾਮਗੜ੍ਹ ਸੜਕ ਦਾ ਰੱਖਿਆ ਨੀਂਹ ਪੱਥਰ

**ਡੇਰਾਬੱਸੀ (ਵਿਨੈ ਕੁਮਾਰ ਜੈਨ)**- ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਸਰਕਾਰ ਵਲੋਂ ਡੇਰਾਬੱਸੀ ਹਲਕੇ ਦੀ ਵੱਡੀ ਮੰਗ ਨੂੰ ਪੂਰਾ ਕਰਦਿਆਂ ਹਲਕਾ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ 27 ਅਕਤੂਬਰ ਨੂੰ ਡੇਰਾਬੱਸੀ-ਮੁਬਾਰਿਕਪੁਰ-ਰਾਮਗੜ੍ਹ ਸੜਕ (ਲੰਬਾਈ 7.40 ਕਿਲੋਮੀਟਰ) ਦੇ ਨਿਰਮਾਣ ਕੰਮ ਦਾ ਨੀਹ ਪੱਥਰ ਰੱਖ ਕੇ ਸ਼ੁਰੂਆਤ ਕਰਵਾਈ। ਇਹ ਪ੍ਰੋਜੈਕਟ 10.01 ਕਰੋੜ ਰੁਪਏ ਦੀ ਲਾਗਤ ਨਾਲ ਮੁਕੰਮਲ ਹੋਵੇਗਾ।ਵਿਧਾਇਕ ਰੰਧਾਵਾ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਲੋਕ ਨਿਰਮਾਣ ਵਿਭਾਗ ਦੇ ਮੰਤਰੀ ਹਰਭਜਨ ਸਿੰਘ ਈ ਟੀ ਓ ਦਾ ਇਸ ਵੱਡੀ ਮੰਗ ਨੂੰ ਮੰਨਣ ਲਈ ਧੰਨਵਾਦ ਕਰਦਿਆਂ ਦੱਸਿਆ ਕਿ ਇਸ ਪ੍ਰੋਜੈਕਟ ਅਧੀਨ ਡੇਰਾਬੱਸੀ ਤੋਂ ਰਾਮਗੜ੍ਹ ਤੱਕ ਖਸਤਾ ਹਾਲਤ ਸੜਕ ਨੂੰ ਪੂਰੀ ਮਜ਼ਬੂਤੀ ਨਾਲ ਦੁਬਾਰਾ ਬਣਾਇਆ ਜਾਵੇਗਾ। ਬਣਾਉਣ ਉਪਰੰਤ ਇਸ ਦੀ ਪੰਜ ਸਾਲ ਦੀ ਦੇਖ ਰੇਖ ਵੀ ਸਬੰਧਤ ਉਸਾਰੀ ਕੰਪਨੀ ਵੱਲੋਂ ਕੀਤੀ ਜਾਵੇਗੀ।ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ, ਸੁੰਡਰਾਂ ਜੰਕਸ਼ਨ ਅਤੇ ਮੋੜ ਠੀਕਰੀ ਲਿੰਕ ਰੋਡ ਤੋਂ ਦਫ਼ਰਪੁਰ ਤੱਕ ਦੇ ਹਿੱਸੇ ਨੂੰ ਇੰਟਰਲਾਕਿੰਗ ਟਾਈਲਾਂ ਨਾਲ ਸੁਧਾਰਿਆ ਜਾਵੇਗਾ। ਲਗਭਗ ਚਾਰ ਕਿਲੋਮੀਟਰ ਲੰਬਾਈ ਤੱਕ ਸੜਕ ਦੇ ਦੋਵਾਂ ਪਾਸਿਆਂ 'ਤੇ ਬਰਮ ਵੀ ਪੱਕੇ ਕੀਤੇ ਜਾਣਗੇ। ਸੜਕ ਦੀ ਸੁਰੱਖਿਆ ਲਈ ਰੋਡ ਸਾਈਨ, ਡਿਵਾਈਡਰ ਲਾਈਨਾਂ ਅਤੇ ਹੋਰ ਸੜਕ ਸਾਜੋ-ਸਾਮਾਨ ਵੀ ਲਗਾਏ ਜਾਣਗੇ। ਰੰਧਾਵਾ ਨੇ ਕਿਹਾ ਕਿ ਪ੍ਰੋਜੈਕਟ ਦੀ ਪਹਿਲੀ ਤਰਜੀਹ ਮੁਬਾਰਿਕਪੁਰ-ਸੁੰਡਰਾਂ ਚੌਰਾਹੇ, ਮੁਬਾਰਿਕਪੁਰ ਅੰਡਰਪਾਸ ਤੇ ਦਫ਼ਰਪੁਰ ਮੋੜ ਦੀ ਮੁਰੰਮਤ ਹੋਵੇਗੀ, ਜਿਸ ਦਾ ਕੰਮ ਜੇ ਮੌਸਮ ਅਨੁਕੂਲ ਰਿਹਾ ਤਾਂ ਦੋ ਮਹੀਨਿਆਂ ਵਿੱਚ ਪੂਰਾ ਹੋ ਜਾਵੇਗਾ। ਉਨ੍ਹਾਂ ਨੇ ਰਾਮਗੜ੍ਹ ਰੋਡ ਦੇ ਨਾਲ ਸਥਿਤ ਉਦਯੋਗਾਂ ਅਤੇ ਸਟੋਨ ਕਰਸ਼ਰਾਂ ਦੇ ਮਾਲਕਾਂ ਨੂੰ ਬੇਨਤੀ ਕੀਤੀ ਕਿ ਉਹ ਸੜਕ ਦੀ ਮਜ਼ਬੂਤੀ ਲਈ ਪ੍ਰਸ਼ਾਸਨ ਨਾਲ ਸਹਿਯੋਗ ਕਰਨ ਤਾਂ ਜੋ ਕੰਮ ਬੇਹਤਰ ਢੰਗ ਨਾਲ ਹੋ ਸਕੇ। ਇਸ ਮੌਕੇ ਲੋਕ ਨਿਰਮਾਣ ਵਿਭਾਗ ਦੇ ਅਧਿਕਾਰੀ, ਪ੍ਰਮੁੱਖ ਸਖਸ਼ੀਅਤਾਂ ਤੇ ਆਮ ਆਦਮੀ ਪਾਰਟੀ ਦੇ ਸਥਾਨਕ ਆਗੂ ਤੇ ਵੱਡੀ ਗਿਣਤੀ ਚ ਸਥਾਨਕ ਲੋਕ ਮੌਜੂਦ ਸਨ।



## ਸ਼ਹੀਦੀ ਦਿਹਾੜੇ ਨੂੰ ਸਮਰਪਤ ਲੈਕਚਰ



**ਸੁਲਤਾਨਪੁਰ ਲੋਧੀ (ਹਨੀ)**- ਐੱਸ ਡੀ ਕਾਲਜ ਫਾਰ ਵੂਮੈਨ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਤ ਚੱਲ ਰਹੇ ਸਮਾਗਮਾਂ ਦੌਰਾਨ ਲੈਕਚਰ ਦਾ ਆਯੋਜਨ ਕੀਤਾ ਗਿਆ।ਪ੍ਰਿੰਸੀਪਲ ਡਾ. ਵੰਦਨਾ ਸ਼ੁਕਲਾ ਵਿਸ਼ੇਸ਼ ਤੌਰ 'ਤੇ ਸਮਾਗਮ ਵਿਚ ਸ਼ਾਮਲ ਹੋਏ।ਹਿੰਦੀ ਵਿਭਾਗ ਤੋਂ ਰਜਨੀ ਬਾਲਾ ਨੇ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਅਤੇ ਦਰਸ਼ਨ 'ਤੇ ਇੱਕ ਗਿਆਨ ਭਰਪੂਰ ਭਾਸ਼ਣ ਦਿੱਤਾ ਅਤੇ ਗੁਰਮਤਿ ਦਰਸ਼ਨ ਦੀਆਂ ਸਿੱਖਿਆਵਾਂ ਨੂੰ ਸੁੰਦਰ ਢੰਗ ਨਾਲ ਉਜਾਗਰ ਕੀਤਾ । ਉਨ੍ਹਾਂ ਵਿਦਿਆਰਥੀਆਂ ਨੂੰ ਆਪਣੇ ਵਿਸ਼ਵਾਸ ਵਿੱਚ ਦ੍ਰਿੜ ਰਹਿਣ, ਜਾਤ-ਪਾਤ ਅਤੇ ਭੌਤਿਕ ਮੋਹ (ਮਾਇਆ ਬੰਧਨ) ਤੋਂ ਉੱਪਰ ਉੱਠਣ, ਨਾਮ ਸਿਮਰਨ ਵਿੱਚ ਰੁੱਝਣ ਅਤੇ ਗੁਰੂ ਸਾਹਿਬ ਦੁਆਰਾ ਦਰਸਾਏ ਗਏ ਮਨੁੱਖਤਾ ਦੇ ਮਾਰਗ 'ਤੇ ਚੱਲਣ ਦੀ ਅਪੀਲ ਕੀਤੀ। ਸਮੂਹ ਵਿਦਿਆਰਥੀਆਂ ਨੇ ਬਹੁਤ ਧਿਆਨ ਅਤੇ ਸ਼ਰਧਾ ਨਾਲ ਇਹ ਲੈਕਚਰ ਸੁਣਿਆ। ਇਸ ਦੌਰਾਨ ਸਮੂਹ ਸਟਾਫ਼ ਮੈਂਬਰ ਹਾਜ਼ਰ ਸਨ।

## 10 ਜ਼ਰੂਰਤਮੰਦ ਲੜਕੀਆਂ ਦੇ ਕਰਵਾਏ ਸਮੂਹਿਕ ਵਿਆਹ

**ਮੋਹਾਲੀ (ਗੁਰਜੀਤ ਬਿੱਲਾ)**- ਵਿਧਾਇਕ ਕੁਲਵੰਤ ਸਿੰਘ ਦੀ ਅਗਵਾਈ ਹੇਠ ਸਰਬ ਸਾਂਝਾ ਵੈਲਫੇਅਰ ਸੋਸਾਇਟੀ ਮੋਹਾਲੀ ਦੀ ਤਰਫੋਂ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰਦੁਆਰਾ ਨਾਨਕ ਦਰਬਾਰ ਸੈਕਟਰ 90- 91 ਅਤੇ ਸੰਗਤਾਂ ਦੇ ਸਹਿਯੋਗ ਨਾਲ 10 ਲੋੜਵੰਦ ਪਰਿਵਾਰਾਂ ਦੀਆਂ ਬੱਚੀਆਂ ਦੇ ਸਮੂਹਿਕ ਆਨੰਦ ਕਾਰਜ - ਗੁਰਦੁਆਰਾ ਨਾਨਕ ਦਰਬਾਰ ਸਾਹਿਬ ਵਿਖੇ ਕਰਵਾਏ ਗਏ। ਵਿਆਹ ਸਮਾਗਮਾਂ ਦੌਰਾਨ ਵਿਆਹੁਤਾ ਨਵ ਵਿਆਹੁਤਾ ਜੋੜੇ ਨੂੰ ਅਸ਼ੀਰਵਾਦ ਦੇਣ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਵਿਧਾਇਕ ਮੋਹਾਲੀ ਕੁਲਵੰਤ ਸਿੰਘ ਨੇ ਕਿਹਾ ਕਿ ਅੱਜ ਬੜੇ ਭਾਗਾਂ ਵਾਲਾ ਦਿਨ ਹੈ ਕਿ ਸਰਬ ਸਾਂਝਾ ਵੈਲਫੇਅਰ ਸੋਸਾਇਟੀ (ਰਜਿ:) ਦੀ ਤਰਫੋਂ ਪ੍ਰਧਾਨ ਫੂਲਰਾਜ ਸਿੰਘ ਦੀ ਦੇਖਰੇਖ ਹੇਠ ਸਮੂਹਿਕ ਲੜਕੀਆਂ ਦੇ ਸਮੂਹਿਕ ਵਿਆਹ ਕਾਰਜ ਕਰਵਾਏ ਗਏ ਹਨ ਅਤੇ ਲੜਕੀਆਂ ਨੂੰ ਇਸ ਮੌਕੇ ਤੇ ਘਰੇਲੂ ਜ਼ਰੂਰਤ ਦਾ ਸਮਾਨ ਵੀ ਦਿੱਤਾ ਗਿਆ ਹੈ। ਉਹਨਾਂ ਕਿਹਾ ਕਿ ਆਮ ਤੌਰ ਤੇ ਸੰਤ ਮਹਾਤਮਾ ਵੱਡੇ ਪੱਧਰ ਤੇ ਅਜਿਹੇ ਵਿਆਹ ਸਮਾਗਮਾਂ ਕਰਵਾਉਂਦੇ ਹਨ, ਪ੍ਰੰਤੂ ਫੂਲਰਾਜ ਸਿੰਘ ਦੀ ਸਰਪ੍ਰਸਤੀ ਹੇਠ ਇਸ ਦੀ ਸਮੁੱਚੀ ਟੀਮ ਪਿਛਲੇ ਲਗਭਗ 35 ਵਰਿਆ ਤੋਂ ਸਮਾਜ ਸੇਵਾ, ਸੱਭਿਆਚਾਰਕ ਅਤੇ ਧਾਰਮਿਕ ਕੰਮਾਂ ਦੇ ਵਿੱਚ ਲਗਾਤਾਰ ਕਾਰਜਸ਼ੀਲ ਰਹਿੰਦੀ ਹੈ। ਵਿਧਾਇਕ ਕੁਲਵੰਤ ਸਿੰਘ ਨੇ ਅਨੰਦ ਕਾਰਜ ਦੇ ਦੌਰਾਨ ਵਿਆਹੀਆਂ ਜੋੜੀਆਂ ਨੂੰ ਅਸ਼ੀਰਵਾਦ ਦਿੱਤਾ, ਵਿਆਹ ਸਮਾਗਮਾਂ ਸਬੰਧੀ ਗੱਲ ਕਰਦੇ ਹੋਏ -ਸਰਬ ਸਾਂਝਾ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਫੂਲਰਾਜ ਸਿੰਘ ਸਟੇਟ ਐਵਾਰਡੀ ਨੇ ਦੱਸਿਆ ਕਿ ਵਿਆਹ ਤੇ ਤਕਰੀਬਨ ਇੱਕ ਲੱਖ ਦਾ ਸਮਾਨ ਵੀ ਧੀਆਂ ਨੂੰ ਸਮਾਜ ਵੱਖ-ਵੱਖ ਸਮਾਜ ਸੇਵੀ ਸੰਸਥਾਵਾਂ ਦੇ ਨੁਮਾਇੰਦਿਆਂ ਦੀ ਸਹਾਇਤਾ ਦੇ ਨਾਲ ਜਿਨਾਂ ਵਿੱਚ ਲਾਈਨਜ ਕਲੱਬ ਪੰਚਕੂਲਾ ਪ੍ਰੀਮੀਅਰ ਦੇ ਡਾਕਟਰ ਸਤਿੰਦਰ ਸਿੰਘ ਭਵਰਾ, ਪਰਮਜੀਤ ਸਿੰਘ ਚੌਹਾਨ ਵੀ ਸ਼ਾਮਿਲ ਹਨ। ਫੂਲਰਾਜ ਸਿੰਘ ਨੇ ਦੱਸਿਆ ਸਵੇਰ ਵੇਲੇ ਸ੍ਰੀ ਅਖੰਡ ਪਾਠ ਸਾਹਿਬ ਸਵੇਰੇ 8 ਵਜੇ ਪਾਏ ਗਏ ਜਦਕਿ ਬਰਾਤਾਂ ਦਾ ਸਵਾਗਤ ਸਵੇਰੇ 9 ਵਜੇ ਸ਼ੁਰੂ ਕੀਤਾ ਗਿਆ, ਬਰੇਕਫਾਸਟ 11 ਵਜੇ ਅਤੇ ਉਪਰੰਤ ਆਨੰਦ ਕਾਰਜ ਕਰਵਾਏ ਗਏ। ਉਹਨਾਂ ਦੱਸਿਆ ਕਿ 10 ਦੇ ਲੜਕੀਆਂ ਦੇ ਵਿਆਹ ਸਮਾਗਮ ਦੇ ਦੌਰਾਨ ਵਿਧਾਇਕ ਕੁਲਵੰਤ ਸਿੰਘ ਤੋਂ ਇਲਾਵਾ ਪ੍ਰਭਜੋਤ ਕੌਰ-ਚੇਅਰਪਰਸਨ ਜ਼ਿਲ੍ਹਾ ਪਲਾਨਿੰਗ ਬੋਰਡ ਮੋਹਾਲੀ, ਵਿਨੀਤ ਵਰਮਾ-ਮੈਂਬਰ ਪੰਜਾਬ ਸਟੇਟ ਟਰੇਡਰ ਕਮਿਸ਼ਨ, ਹਰਸਿਮਰਨ ਸਿੰਘ ਬੱਲ-ਡੀ.ਐਸ.ਪੀ. ਮੋਹਾਲੀ, ਪਰਮਜੀਤ ਸਿੰਘ ਚੌਹਾਨ-ਡਾਇਰੈਕਟਰ ਜੇ.ਐਲ.ਪੀ.ਐਲ., ਭਗਵਾਨ ਸਿੰਘ ਗਿੱਲ ਮੈਨੇਜਿੰਗ ਡਾਇਰੈਕਟਰ- ਜੀ ਡੀ ਪੀ ਐੱਲ ਸੈਕਟਰ-91,ਮੋਹਾਲੀ,ਜਗਜੀਤ ਕੌਰ ਕਾਹਲੋਂ-ਚੇਅਰਪਰਸਨ ਸਵਰਗੀ ਹਰੀ ਸਿੰਘ ਮੈਮੋਰੀਅਲ ਚੈਰੀਟੇਬਲ ਇੰਗਲਿਸ਼ ਸਕੂਲ, ਡਾਕਟਰ ਕੁਲਦੀਪ ਸਿੰਘ, ਸ਼ਹੀਦ ਭਗਤ ਸਿੰਘ ਕਲੱਬ ਦੇ ਸਮੂਹ ਮੈਂਬਰ ਮਾਈ ਭਾਗੋ ਇਸਤਰੀ ਸਭਾ ਦੇ ਸਮੂਹ ਮੈਂਬਰ, ਵੀ ਉਚੇਚੇ ਤੌਰ 'ਤੇ ਹਾਜ਼ਰ ਸਨ।



## ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਨੇ ਪੰਜਾਬ ਤੇ ਕੇਂਦਰ ਸਰਕਾਰ ਨੂੰ ਭੇਜਿਆ ਮੰਗ ਪੱਤਰ

**ਮੇਹਟਿਆਣਾ (ਜਗਤਾਰ ਸਿੰਘ ਭੂੰਗਰਨੀ)**- 27 ਅਕਤੂਬਪਰ ਨੂੰ ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਵੱਲੋਂ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਰਾਹੀਂ ਪੰਜਾਬ ਅਤੇ ਕੇਂਦਰ ਸਰਕਾਰ ਨੂੰ ਮੰਗ ਪੱਤਰ ਦਿੰਦਿਆਂ ਅਕਾਲੀ ਦਲ ਦੇ ਸੀਨੀਅਰ ਵਾਈਸ ਪ੍ਰਧਾਨ ਜਥੇਦਾਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਰਕਾਰ ਹੜ੍ਹਾਂ ਦੇ ਨੁਕਸਾਨ ਲਈ ਤੁਰੰਤ ਮੁਆਵਜ਼ਾ ਦੇਣ, ਝੋਨੇ ਦੀ ਫ਼ਸਲ ਨੂੰ ਪਏ ਹਲਦੀ ਰੋਗ ਅਤੇ ਚਾਈਨਾ ਵਾਇਰਸ ਨਾਲ ਹੋਏ ਨੁਕਸਾਨ ਸਬੰਧੀ ਮੰਗ ਕੀਤੀ ਗਈ । ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਵੱਲੋਂ ਇਹ ਮੈਮੋਰੈਂਡਮ ਕੇਂਦਰ ਅਤੇ ਪੰਜਾਬ ਸਰਕਾਰ ਦੇ ਧਿਆਨ ਵਿੱਚ ਲਿਆਉਣ ਲਈ ਦਿੱਤਾ ਜਾ ਰਿਹਾ ਹੈ ਕਿ ਹਾਲ ਹੀ ਵਿੱਚ ਪੰਜਾਬ ਦੇ ਕਈ ਹਿੱਸਿਆਂ ਵਿੱਚ ਆਏ ਹੜ੍ਹਾਂ ਨੇ ਕਿਸਾਨ ਭਰਾਵਾਂ ਨੂੰ ਬਹੁਤ ਵੱਡੀ ਆਰਥਿਕ ਅਤੇ ਮਾਨਸਿਕ ਤਬਾਹੀ ਵਿੱਚ ਧੱਕ ਦਿੱਤਾ ਹੈ। ਕਿਸਾਨਾਂ ਨੂੰ ਹਾਲੇ ਤੱਕ ਨਾ ਤਾਂ ਹੜ੍ਹ ਦੇ ਨੁਕਸਾਨ ਦਾ ਕੋਈ ਮੁਆਵਜ਼ਾ ਮਿਲਿਆ ਹੈ ਅਤੇ ਨਾ ਹੀ ਝੋਨੇ ਦੀ ਫ਼ਸਲ ਤੇ ਪਏ ਬੇਵਕਤੀ ਰੋਗ ਕਾਰਨ ਹੋਏ ਨੁਕਸਾਨ ਲਈ ਕੋਈ ਬੋਨਸ ਮਿਲਿਆ। ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਵੱਲੋਂ ਹੇਠ ਲਿਖੀਆਂ ਮੰਗਾਂ ਤੁਰੰਤ ਪੂਰੀਆਂ ਕਰਨ ਦੀ ਮੰਗ ਕੀਤੀ ਜਾਂਦੀ ਹੈ: ਹੜ੍ਹ ਨਾਲ ਪ੍ਰਭਾਵਿਤ ਸਾਰੇ ਕਿਸਾਨਾਂ ਨੂੰ ਤੁਰੰਤ ਆਰਥਿਕ ਮੁਆਵਜ਼ਾ ਦਿੱਤਾ ਜਾਵੇ। ਝੋਨੇ ਦੀ ਫ਼ਸਲ ਦਾ ਔਸਤਨ 40 ਫ਼ੀਸਦ ਘੱਟ ਝਾੜ ਨਿਕਲਣ ਉਪਰ ਬੋਨਸ ਦੇਕੇ ਆਰਥਿਕ ਭਰਪਾਈ ਕੀਤੀ ਜਾਵੇ।ਹਲਦੀ ਰੋਗ ਅਤੇ ਚਾਈਨਾ ਵਾਇਰਸ ਕਾਰਨ ਖਰਾਬ ਹੋਈ ਫਸਲਾਂ ਨੂੰ ਕੁਦਰਤੀ ਆਫਤ ਮੰਨ ਕੇ ਵਿਸ਼ੇਸ਼ ਸਹਾਇਤਾ ਪੈਕੇਜ ਦਿੱਤਾ ਜਾਵੇ।ਬਦਰੰਗ ਹੋਏ ਅਤੇ ਕੁਦਰਤੀ ਤਬਾਹੀ ਕਾਰਨ ਪ੍ਰਭਾਵਿਤ ਦਾਣਿਆਂ ਦੀ ਖਰੀਦ ਮਾਪਦੰਡਾਂ ਵਿੱਚ ਤੁਰੰਤ ਰਿਆਇਤ ਦਿੱਤੀ ਜਾਵੇ ਤਾਂ ਜੋ ਕਿਸਾਨਾਂ ਨੂੰ ਮੰਡੀ ਵਿੱਚ ਨੁਕਸਾਨ ਨਾ ਝੱਲਣਾ ਪਵੇ।ਹੜ੍ਹ ਨਾਲ ਨੁਕਸਾਨੇ ਘਰਾਂ, ਪਸ਼ੂਆਂ ਅਤੇ ਸੜਕਾਂ ਦੀ ਮੁਰੰਮਤ ਲਈ ਵਿਸ਼ੇਸ਼ ਰਾਹਤ ਫੰਡ ਜਾਰੀ ਕੀਤਾ ਜਾਵੇ।ਤਾਂ ਜੋ ਜਲਦ ਤੋਂ ਜਲਦ ਕਿਸਾਨ ਭਰਾਵਾਂ ਲਈ ਹਕੀਕੀ ਰਾਹਤ ਪ੍ਰਦਾਨ ਹੋ ਸਕੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮਨਜੀਤ ਸਿੰਘ ਦਸੂਹਾ ,ਹਰਬੰਸ ਸਿੰਘ ਮੰਝਪੁਰ,ਪਰਮਿੰਦਰ ਸਿੰਘ ਪੰਨੂ,ਅਵਤਾਰ ਸਿੰਘ ਜੌਹਲ,ਹਰਜੀਤ ਸਿੰਘ ਭਾਤ ਪੁਰ,ਮਾਸਟਰ ਕੁਲਵਿੰਦਰ ਸਿੰਘ ਜੰਡਾਂ,ਸਤਨਾਮ ਸਿੰਘ ਭੂੰਗਰਨੀ,ਬਲਵੀਰ ਸਿੰਘ ਫੁਗਲਾਣਾ,ਜਗਤਾਰ ਸਿੰਘ ਭੂੰਗਰਨੀ,ਗੁਰਵਿੰਦਰ ਸਿੰਘ ਗੋਲਡੀ,ਉਂਕਾਰ ਸਿੰਘ,ਮਨਪ੍ਰੀਤ ਸਿੰਘ,ਪਰਮਜੀਤ ਸਿੰਘ,ਬਲਵੀਰ ਸਿੰਘ ਆਦਿ ਇਸ ਮੌਕੇ ਹਾਜ਼ਰ ਸਨ ।



## ਵਰਲਡ ਪੋਲੀਓ ਦਿਵਸ ਨੂੰ ਸਮਰਪਿਤ ਜਾਗਰੂਕਤਾ ਸੈਮੀਨਾਰ

**ਬੰਗਾ (ਅਵਤਾਰ ਕਲੇਰ)** ਰੋਟਰੀ ਕਲੱਬ ਬੰਗਾ ਵੱਲੋਂ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਰੋਟਰੀ ਇੰਟਰਨੈਸਨਲ ਦੇ ਮਿਸ਼ਨ 'ਐਂਡ ਪੋਲੀਓ ਨਾਓ' ਅਧੀਨ 'ਵਰਲਡ ਪੋਲੀਓ ਡੇ' ਨੂੰ ਸਮਰਪਿਤ ਜਾਗਰੁਕਤਾ ਸੈਮੀਨਾਰ ਕਰਵਾਇਆ ਗਿਆ। ਕਲੱਬ ਦੇ ਪ੍ਰਧਾਨ ਪਰਵੀਨ ਕੁਮਾਰ ਨੇ ਆਏ ਹੋਏ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਮਿਸ਼ਨ 'ਐਂਡ ਪੋਲੀਓ ਨਾਓ' ਅਧੀਨ ਹੋ ਰਹੇ ਜਾਗਰੂਕਤਾ ਸੈਮੀਨਾਰ ਬਾਰੇ ਜਾਣਕਾਰੀ ਦਿੱਤੀ ।ਉਹਨਾਂ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਦੇ ਮੁੱਖ ਪ੍ਰਬੰਧਕ ਡਾ. ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਦਾ ਸੈਮੀਨਾਰ ਨੂੰ ਕਾਮਯਾਬ ਕਰਨ ਲਈ ਵਿਸ਼ੇਸ਼ ਸਹਿਯੋਗ ਦੇਣ ਲਈ ਹਾਰਦਿਕ ਧੰਨਵਾਦ ਵੀ ਕੀਤਾ । ਉਪਰੰਤ ਰੋਟਰੀ ਡਿਸਟ੍ਰਿਕਟ 3070 ਦੇ ਰਿਜਨਲ ਚੇਅਰ ਐਂਡ ਪੋਲੀਓ ਰਾਜ ਕੁਮਾਰ ਬਜਾੜ ਨੇ ਇੰਟਰਨੈਸ਼ਨਲ ਦੇ 'ਐਂਡ ਪੋਲੀਓ ਨਾਉ' ਮਿਸ਼ਨ ਦੀ ਅਹਿਮੀਅਤ ਬਾਰੇ ਦੱਸਿਆ ਅਤੇ ਦੁਨੀਆਂ ਭਰ ਨੂੰ ਪੋਲੀਉ ਮੁਕਤ ਕਰਨ ਲਈ ਰੋਟਰੀ ਕਲੱਬ ਕੀਤੇ ਉੱਦਮਾਂ ਬਾਰੇ ਜਾਣਕਾਰੀ ਦਿੱਤੀ। ਸੈਮੀਨਾਰ ਦੇ ਮੁੱਖ ਬੁਲਾਰੇ ਸਾਬਕਾ ਲੈਫਟੀਨੈਂਟ ਕਰਨਲ ਸ਼ਰਨਜੀਤ ਸਿੰਘ ਮੀਤ ਪ੍ਰਧਾਨ ਰੋਟਰੀ ਕਲੱਬ ਬੰਗਾ ਵੱਲੋਂ ਸਲਾਈਡ ਸ਼ੋਅ ਰਾਹੀਂ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਰੋਟਰੀ ਇੰਟਰਨੈਸ਼ਨਲ ਨੇ ਲੋਕ ਸੇਵਾ ਦਾ ਇਹ ਮਿਸ਼ਨ ਸਾਲ 1979 ਵਿੱਚ ਫਿਲੀਪੀਨਜ਼ ਦੇਸ਼ ਤੋਂ ਆਰੰਭ ਕੀਤਾ ਸੀ ਅਤੇ 1985 ਤੋਂ ਪੂਰੀ ਦੁਨੀਆਂ ਨੂੰ ਪੋਲੀਉ ਮੁਕਤ ਕਰਨ ਲਈ ਇਸ ਮਿਸ਼ਨ ਤੇ ਲਗਾਤਾਰ ਕੰਮ ਕਰ ਰਿਹਾ ਹੈ। ਇਸ ਲਈ ਦੁਨੀਆਂ ਭਰ ਦੇ ਸਾਰੇ ਦੇਸ਼ਾਂ ਨੂੰ ਰੋਟਰੀ ਇੰਟਰਨੈਸ਼ਨਲ ਵੱਲੋਂ ਪੋਲੀਓ ਦੀ ਵੈਕਸੀਨ ਮੁਫਤ ਪ੍ਰਦਾਨ ਕੀਤੀ ਜਾਂਦੀ ਹੈ। ਹੁਣ ਤੱਕ ਐਂਡ ਪੋਲੀਓ ਮਿਸ਼ਨ 'ਤੇ 2.5 ਮਿਲੀਅਨ ਡਾਲਰ ਖ਼ਰਚ ਆ ਚੁੱਕਾ ਹੈ ਅਤੇ ਪੋਲੀਓ ਬਿਮਾਰੀ ਨੂੰ ਜੜੋਂ ਖਤਮ ਕਰਨ ਤੱਕ ਲਗਾਤਾਰ ਇਹ ਮਿਸ਼ਨ ਨਿਰੰਤਰ ਚੱਲਦਾ ਰਹੇਗਾ। ਮੁੱਖ ਬੁਲਾਰੇ ਸ਼ਰਨਜੀਤ ਸਿੰਘ ਨੇ ਕਿਹਾ ਕਿ ਸਾਨੂੰ ਆਸ ਹੈ ਕਿ ਅਗਲੇ 4 ਸਾਲਾਂ ਵਿੱਚ ਤੁਹਾਡੇ ਸਾਰਿਆਂ ਦੇ ਸਹਿਯੋਗ ਨਾਲ ਪੂਰੀ ਦੁਨੀਆਂ ਤੋਂ ਪੋਲੀਓ ਦੀ ਬਿਮਾਰੀ ਨੂੰ ਖਤਮ ਕਰ ਦਿੱਤਾ ਜਾਵੇਗਾ। ਹਸਪਤਾਲ ਦੇ ਨਰਸਿੰਗ ਸੁਪਰਡੈਂਟ ਦਵਿੰਦਰ ਕੌਰ ਨੇ ਰੋਟਰੀ ਕਲੱਬ ਬੰਗਾ ਦਾ ਪੋਲੀਓ ਜਾਗਰੁਕਤਾ ਸੈਮੀਨਾਰ ਕਰਵਾਉਣ ਲਈ ਧੰਨਵਾਦ ਕੀਤਾ। ਇਸ ਸੈਮੀਨਾਰ ਵਿੱਚ ਵਿਜੇ ਗੁਣਾਚੌਰ, ਰਸ਼ਪਾਲ ਕੌਰ, ਮਨਜੀਤ ਸਿੰਘ ਬੇਦੀ ਇੰਚਾਰਜ ਬਲੱਡ ਸੈਂਟਰ, ਵੇਦ ਪ੍ਰਕਾਸ਼ ਇੰਚਾਰਜ ਰੇਡੀਉਲੋਜੀ ਵਿਭਾਗ, ਸਮੂਹ ਸਟਾਫ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਅਤੇ ਨਰਸਿੰਗ ਕਾਲਜ ਦੇ ਵਿਦਿਆਰਥੀ ਹਾਜ਼ਰ ਸਨ।



## ਸਿੱਖ ਮਿਸ਼ਨਰੀ ਕਾਲਜ ਨੇ ਧਾਰਮਿਕ ਪ੍ਰੀਖਿਆ ਕਰਵਾਈ



**ਮੇਹਟਿਆਣਾ (ਜਗਤਾਰ ਸਿੰਘ ਭੂੰਗਰਨੀ)**- ਸਿੱਖ ਮਿਸ਼ਨਰੀ ਕਾਲਜ ਲੁਧਿਆਣਾ ਵੱਲੋਂ ਹਰ ਸਾਲ ਬੱਚਿਆਂ ਨੂੰ ਨੈਤਿਕ ਕਦਰਾਂ ਕੀਮਤਾਂ ਸਿਖਾਉਣ ਤੇ ਆਪਣੇ ਵਿਰਸੇ ਨਾਲ ਜੋੜਨ ਲਈ ਧਾਰਮਿਕ ਪ੍ਰੀਖਿਆ ਕਰਵਾਈ ਜਾਂਦੀ ਹੈ। ਇਸ ਸਾਲ 25 ਨਵੰਬਰ ਨੂੰ ਸਵੇਰੇ 10 ਵਜੇ ਤੋਂ ਲੈ ਕੇ 12 ਵਜੇ ਤੱਕ ਦੇਸ਼ ਭਰ ਦੇ ਸਕੂਲਾਂ ਵਿੱਚ ਇਹ ਪ੍ਰੀਖਿਆ ਕਰਵਾਈ ਗਈ। ਜਿਸ ਵਿੱਚ 950 ਸੈਂਟਰਾਂ ਵਿੱਚ ਲਗਭਗ 90000 ਵਿਦਿਆਰਥੀਆਂ ਨੇ ਇਸ ਪ੍ਰੀਖਿਆ ਵਿੱਚ ਹਿੱਸਾ ਲਿਆ। ਭੂੰਗਰਨੀ ਸਰਕਲ ਅਧੀਨ ਤਿੰਨ ਸੈਂਟਰਾਂ ਵਿੱਚ 205 ਵਿਦਿਆਰਥੀਆਂ ਨੇ ਹਿੱਸਾ ਲਿਆ। ਭੂੰਗਰਨੀ ਸਰਕਲ ਦੇ ਇੰਚਾਰਜ ਸ. ਸਤਪਾਲ ਸਿੰਘ ਵੱਲੋਂ ਸਮੂਹ ਸਕੂਲਾਂ ਦੇ ਵਿਦਿਆਰਥੀਆਂ, ਅਧਿਆਪਕਾਂ, ਪ੍ਰਿੰਸੀਪਲ ਸਾਹਿਬ, ਧਾਰਮਿਕ ਪ੍ਰੀਖਿਆ ਸੁਪਰਵਾਈਜਾਂ ਦਾ ਵਿਸ਼ੇਸ਼ ਧੰਨਵਾਦ ਕੀਤਾ ਜਿਨ੍ਹਾਂ ਦੇ ਸਹਿਯੋਗ ਸਦਕਾ ਇਹ ਪ੍ਰੀਖਿਆ ਮੁਕੰਮਲ ਹੋਈ ।

## ਪਹਿਲਾ 'ਹਰਾ ਨਗਰ ਕੀਰਤਨ' ਸੈਫਲਾਬਾਦ ਤੋਂ ਨਿਰਮਲ ਕੁਟੀਆ ਸੁਲਤਾਨਪੁਰ ਲੋਧੀ ਪਹੁੰਚਿਆ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ, ਬਲਵੀਰ ਸ਼ਾਲ੍ਹਪੁਰੀ)**- ਸ੍ਰੀ ਗੁਰੂ ਨਾਨਕ ਦੇਵ ਜੀ ਦੇ 556ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪਹਿਲਾ ਨਗਰ ਕੀਰਤਨ ਗੁਰਦੁਆਰਾ ਗੁਰਸਾਰ ਸਾਹਿਬ ਸਫੈਲਾਬਾਦ ਤੋਂ ਚੱਲਕੇ ਨਿਰਮਲ ਕੁਟੀਆ ਪਵਿੱਤਰ ਵੇਈਂ ਵਿਖੇ ਆ ਕੇ ਸੰਪਨ ਹੋਇਆ। ਬੋਲੇ ਸੋ ਨਿਹਾਲ ਦੇ ਜੈਕਾਰਿਆਂ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛੱਤਰ ਛਾਇਆ ਹੇਠ ਤੇ ਪੰਜਾਂ ਪਿਆਰਿਆਂ ਦੀ ਅਗਵਾਈ ਵਿੱਚ ਇਸ ਨਗਰ ਕੀਰਤਨ ਨੇ 28 ਕਿਲੋਮੀਟਰ ਦਾ ਲੰਮਾ ਪੈਂਡਾ ਤੈਅ ਕੀਤਾ।ਨਗਰ ਕੀਰਤਨ ਦੌਰਾਨ ਪ੍ਰਸ਼ਾਦ ਦੇ ਰੂਪ ਵਿੱਚ 3500 ਬੂਟੇ ਵੰਡੇ। ਸੰਗਤਾਂ ਨੇ ਬੜੇ ਚਾਅ ਤੇ ਸ਼ਰਧਾ ਨਾਲ ਬੂਟਿਆਂ ਦਾ ਪ੍ਰਸ਼ਾਦ ਪ੍ਰਾਪਤ ਕੀਤਾ। ਸੰਤ ਸੀਚੇਵਾਲ ਨੇ ਸਮੁੱਚੇ ਨਗਰ ਕੀਰਤਨ ਦੌਰਾਨ ਜਿੱਥੇ ਗੁਰੂ ਨਾਨਕ ਦੇਵ ਜੀ ਦੀ ਗੁਰਬਾਣੀ ਦੀ ਵਿਆਖਿਆ ਕੀਤੀ ਉਥੇ ਹੀ ਪੰਜਾਬ ਅਤੇ ਪੰਜਾਬ ਵਿੱਚ ਵਾਤਾਵਰਨ ਦੇ ਖੜੇ ਗੰਭੀਰ ਸੰਕਟ ਬਾਰੇ ਚਰਚਾ ਕੀਤੀ। ਕਿਸਾਨਾਂ ਵੱਲੋਂ ਪਰਾਲੀ ਨਾ ਸਾੜ ਕੇ ਸਗੋਂ ਉਸ ਨੂੰ ਖੇਤਾਂ ਵਿੱਚ ਹੀ ਵਹਾਅ ਕੇ ਆਲੂਆਂ ਦੀ ਵੱਧ ਪੈਦਾਵਾਰ ਲਈ ਹੈ।ਨਗਰ ਕੀਰਤਨ ਦੌਰਾਨ ਹੋਏ ਵੱਖ-ਵੱਖ ਪੜਾਵਾਂ ਦੌਰਾਨ ਵੀ ਉਨ੍ਹਾਂ ਪੰਜਾਬ ਦੇ ਵਿਗੜ ਰਹੇ ਵਾਤਾਵਰਨ 'ਤੇ ਡੰਘੀ ਚਿੰਤਾ ਪ੍ਰਗਟਾਈ ਅਤੇ ਰਲ ਮਿਲ ਕੇ ਸਾਂਝੇ ਹੰਭਲਾ ਮਾਰਨ ਦਾ ਸੱਦਾ ਦਿੱਤਾ। ਸੰਤ ਸੀਚੇਵਾਲ ਨੇ ਸੰਗਤਾਂ ਦਾ ਧੰਨਵਾਦ ਕਰਦਿਆ ਕਿਹਾ ਕਿ ਉਨ੍ਹਾਂ ਨੇ 25 ਸਾਲਾਂ ਦੇ ਲੰਮੇ ਅਰਸੇ ਦੌਰਾਨ ਬਾਬੇ ਨਾਨਕ ਦੇ ਚਰਨਾਂ ਦੀ ਛੋਹ ਪ੍ਰਾਪਤ ਪਵਿੱਤਰ ਨਦੀਂ ਨੂੰ ਮੁੜ ਨਿਰਮਲਧਾਰਾ ਵਿੱਚ ਬਦਲ ਕੇ ਰੱਖ ਦਿੱਤਾ ਹੈ। ਇਸੇ ਤਜ਼ਰਬੇ ਨੂੰ ਬੁੱਢੇ ਦਰਿਆ ਨੂੰ ਪ੍ਰਦੂਸ਼ਣ ਮੁਕਤ ਕਰਨ ਲਈ ਵਰਤਿਆ ਜਾ ਰਿਹਾ ਹੈ।ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਕਿਹਾ ਕਿ ਦੀਵਾਲੀ ਤੋਂ ਬਾਅਦ ਦਿੱਲੀ ਦੀ ਹਵਾ ਦੀ ਗੁਣਵੱਤਾ 1100 ਦੇ ਅੰਕੜੇ ਨੂੰ ਵੀ ਪਾਰ ਕਰ ਗਈ ਸੀ। ਇਸੇ ਤਰ੍ਹਾਂ ਪੰਜਾਬ ਦੀ ਆਬੋ-ਹਵਾ ਵੀ ਸਾਹ ਲੈਣ ਯੋਗ ਨਹੀਂ ਸੀ ਇਹ ਵੀ 400 ਦਾ ਅੰਕੜਾ ਪਾਰ ਕਰ ਗਈ ਸੀ ਜਦਕਿ ਇਹ ਜ਼ੀਰੋਂ ਤੋਂ 50 ਤੱਕ ਹੀ ਚਾਹੀਦਾ ਹੁੰਦਾ ਹੈ।ਬਾਬੇ ਨਾਨਕ ਨੇ ਹਵਾ, ਪਾਣੀ ਤੇ ਧਰਤੀ ਨੂੰ ਗੁਰੂ, ਪਿਤਾ ਤੇ ਮਾਤਾ ਦਾ ਦਰਜਾ ਦਿੱਤਾ ਸੀ। ਗੁਰੂਆਂ ਪੀਰਾਂ ਦੀ ਧਰਤੀ ਪੰਜਾਬ ਦੀ ਹੋਂਦ ਨੂੰ ਬਚਾਉਣ ਲਈ ਇਸ ਦੇ ਹਰ ਚੱਪੇ 'ਤੇ ਬੂਟੇ ਲਗਾਉਣ ਦੀ ਲੋੜ ਹੈ।ਜਿਆਦਾ ਬੂਟੇ ਲਗਾਉਣ ਨਾਲ ਹੀ ਆਲਮੀ ਤਪਸ਼ ਵਰਗੀ ਵਿਸ਼ਵਵਿਆਪੀ ਸਮਸਿਆ ਨੂੰ ਘਟਾਇਆ ਜਾ ਸਕਦਾ ਹੈ।ਸੰਤ ਸੀਚੇਵਾਲ ਨੇ ਕਿਹਾ ਕਿ ਜੇ ਅਸੀਂ ਵੱਡੀ ਪੱਧਰ 'ਤੇ ਬੂਟੇ ਲਾ ਕੇ ਉਨ੍ਹਾਂ ਨੂੰ ਪਾਲ ਲਿਆ ਤਾਂ ਇਹ ਸਮਝੋਂ ਤੁਸੀਂ ਬਾਬੇ ਨਾਨਕ ਦ ਸੁਨੇਹਾ ਮੰਨ ਲਿਆ।ਹਵਾ,ਪਾਣੀ ਤੇ ਧਰਤੀ ਇੱਕਲੇ ਮਨੁੱਖ ਲਈ ਨਹੀਂ ਸਗੋਂ ਇਸ ਧਰਤੀ ਗ੍ਰਹਿ ਨੂੰ ਬਚਾਉਣ ਲਈ ਪੁੱਟਿਆ ਗਿਆ ਇੱਕ ਕਦਮ ਸਮਝਿਆ ਜਾਵੇਗਾ।ਇਸ ਤੋਂ ਪਹਿਲਾਂ ਗੁਰਦੁਆਰਾ ਗੁਰਸਰ ਦੇ ਮੁੱਖ ਸੇਵਾਦਾਰ ਸੰਤ ਲੀਡਰ ਸਿੰਘ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ। ਨਗਰ ਕੀਰਤਨ ਰਵਾਨਾ ਹੋਣ ਤੋਂ ਪਹਿਲਾਂ ਗੱਤਕਾ ਖਿਡਾਰੀਆਂ ਨੇ ਆਪਣੇ ਜ਼ੋਹਰ ਦਿਖਾਕੇ ਸੰਗਤਾਂ ਨੂੰ ਨਿਹਾਲ ਕੀਤਾ। ਛੋਟੇ ਬੱਚਿਆਂ ਨੇ ਕੀਰਤਨ ਕਰਕੇ ਸਾਰੀ ਸੰਗਤ ਦਾ ਧਿਆਨ ਆਪਣੀ ਸੁਰੀਲੀ ਆਵਾਜ਼ ਦੁਆਲੇ ਕੇਂਦਰਿਤ ਕਰ ਲਿਆ। ਇਸ ਮੌਕੇ ਸੰਤ ਅਮਰੀਕ ਸਿੰਘ ਖੁਖਰੈਣ ਵਾਲੇ ਮਹਾਤਮਾ ਮੁਨੀ ਖੈੜਾ ਬੇਟ ਵਾਲੇ, ਸੰਤ ਸੁਖਜੀਤ ਸਿੰਘ, ਸੁਰਜੀਤ ਸਿੰਘ ਸ਼ੰਟੀ, ਹਲਕਾ ਸੁਲਤਾਨਪੁਰ ਤੋਂ ਆਪ ਦੇ ਇੰਚਾਰਜ਼ ਸੱਜਣ ਸਿੰਘ ਚੀਮਾ ਨੇ ਹਾਜ਼ਰੀਆਂ ਭਰੀਆਂ। ਨਗਰ ਕੀਰਤਨ ਦਾ ਸਵਾਗਤ ਕਰਨ ਵਾਲਿਆਂ ਵਿੱਚ ਪਿੰਡਾਂ ਦੀਆਂ ਪੰਚਾਇਤਾਂ, ਯੂਥ ਕਲੱਬਾਂ ਅਤੇ ਇਲਾਕੇ ਦੀਆਂ ਹੋਰ ਸਖਸ਼ੀਅਤਾਂ ਸ਼ਾਮਿਲ ਸਨ।



### ਬੂਟੇ ਪਾਲਣ ਵਾਲੇ ਹੋਣਗੇ ਸਨਮਾਨਤ

ਨਗਰ ਕੀਤਰਨ ਦੌਰਾਨ ਸੰਗਤਾਂ ਬੂਟਿਆਂ ਦਾ ਪ੍ਰਸ਼ਾਦ ਵੰਡਦਿਆਂ ਵਾਤਾਵਰਨ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਸੰਗਤਾਂ ਨੂੰ ਅਪੀਲ ਕੀਤੀ ਕਿ ਇਹਨਾਂ ਬੂਟਿਆਂ ਨੂੰ ਲਾਉਣ ਦਾ ਜਿੰਨਾ ਮਹੱਤਵ ਹੈ, ਬੂਟਿਆਂ ਨੂੰ ਸੰਭਾਲਣ ਉਸ ਤੋਂ ਵੱਧ ਪੁੰਨ ਵਾਲਾ ਕੰਮ ਹੈ। ਉਹਨਾਂ ਕਿਹਾ ਕਿ ਸਾਲ 2008 ਤੋਂ ਨਗਰ ਕੀਰਤਨ ਦੌਰਾਨ ਬੂਟਿਆਂ ਦਾ ਪ੍ਰਸ਼ਾਦ ਵੰਡਣ ਦੀ ਪਾਈ ਗਈ ਨਿਰਮਲ ਰੀਤ ਨੂੰ ਸੰਗਤਾਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ ਹੈ। ਨਗਰ ਕੀਰਤਨ ਦੌਰਾਨ ਸੰਤ ਸੀਚੇਵਾਲ ਨੇ ਕਿਹਾ ਕਿ ਹਰ ਸਾਲ ਵੇਈਂ ਦੀ ਕਾਰਸੇਵਾ ਦੀ ਵਰ੍ਹੇਗੰਢ ਮੌਕੇ ਵੱਧ ਤੋਂ ਵੱਧ ਬੂਟੇ ਲਗਾਉਣ ਵਾਲੇ ਅਤੇ ਉਨ੍ਹਾਂ ਦੀ ਸਾਂਭ ਸੰਭਾਲ ਕਰਨ ਵਾਲੀ ਸ਼ਖਸ਼ੀਅਤ ਨੂੰ ਸਨਮਾਨਿਤ ਵੀ ਕੀਤਾ ਜਾਵੇਗਾ।ਇਹ ਇੱਕ ਉਮੀਦ ਦੀ ਹੋਰ ਵੱਡੀ ਪੁਲਾਂਘ ਹੋਵੇਗੀ।

## ਕਿਸਾਨ ਆਗੂ ਰਣਧੀਰ ਸਿੰਘ ਅਸਲਪੁਰ ਨਮਿਤ ਅੰਤਮ ਅਰਦਾਸ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਸਿਹਤ ਵਿਭਾਗ ਤੋਂ ਰਿਟਾਇਰਡ ਸਾਬਕਾ ਮੁਲਾਜ਼ਮ ਤੇ ਆਜ਼ਾਦ ਕਿਸਾਨ ਸੰਘਰਸ਼ ਕਮੇਟੀ ਲਾਚੋਵਾਲ ਦੇ ਖਜਾਨਚੀ ਕਿਸਾਨ ਆਗੂ ਰਣਧੀਰ ਸਿੰਘ ਅਸਲਪੁਰ ਜਿਹਨਾਂ ਦਾ ਬੀਤੇ ਸਮੇਂ ਦੇਹਾਂਤ ਹੋ ਗਿਆ ਸੀ ਪਰਵਾਰ ਵੱਲੋਂ ਉਹਨਾਂ ਦੀ ਆਤਮਿਕ ਸ਼ਾਂਤੀ ਲਈ ਆਪਣੇ ਗ੍ਰਹਿ ਵਿਖੇ ਸਹਿਜ ਪਾਠ ਦੇ ਭੋਗ ਪਾਏ ਗਏ। ਉਪਰੰਤ ਗੁਰਦੁਆਰਾ ਸਾਹਿਬ ਵਿਖੇ ਸਜੇ ਪੰਡਾਲ ਵਿੱਚ ਰਾਗੀ ਸਿੰਘਾਂ ਵੱਲੋਂ ਵੈਰਾਗਮਈ ਕੀਰਤਨ ਦੁਆਰਾ ਵਿਛੜੀ ਰੂਹ ਅਤੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਸਮੇਂ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ ਗੁਰਦੀਪ ਸਿੰਘ ਖਣ ਖੁਣ ਸਰਪ੍ਰਸਤ ਆਜ਼ਾਦ ਕਿਸਾਨ ਸੰਘਰਸ਼ ਕਮੇਟੀ ਲਾਚੋਵਾਲ, ਪ੍ਰਧਾਨ ਪਰਮਿੰਦਰ ਸਿੰਘ ਲਾਚੋਵਾਲ, ਸਤੀਸ਼ ਰਾਣਾ, ਸੰਜੀਵ ਧੂਤ, ਸਾਬਕਾ ਮੰਤਰੀ ਬੀਬੀ ਮਹਿੰਦਰ ਕੌਰ ਜੋਸ਼, ਸੰਦੀਪ ਸਿੰਘ ਸੀਕਰੀ, ਪਰਮਿੰਦਰ ਸਿੰਘ ਸੱਜਣਾਂ, ਗੁਰਨਾਮ ਸਿੰਘ ਸਿੰਗੜੀਵਾਲਾ, ਨੋਵਲਜੀਤ ਸਿੰਘ ਬੁੱਲੋਵਾਲ, ਓਂਕਾਰ ਸਿੰਘ ਧਾਮੀ, ਕਸ਼ਮੀਰ ਸਿੰਘ ਗੀਗਨੋਵਾਲ ਆਦਿ ਨੇ ਰਣਧੀਰ ਸਿੰਘ ਅਸਲਪੁਰ ਦੇ ਨੌਕਰੀ ਦੌਰਾਨ ਅਤੇ ਰਿਟਾਇਰਮੈਂਟ ਤੋਂ ਬਾਅਦ ਸੰਘਰਸ਼ਮਈ ਜੀਵਨ 'ਤੇ ਚਾਨਣਾ ਪਾਇਆ ਅਤੇ ਕਿਹਾ ਕਿ ਉਹਨਾਂ ਦੇ ਅਚਾਨਕ ਵਿਛੋੜੇ ਨਾਲ ਪਰਵਾਰ ਅਤੇ ਇਲਾਕੇ ਨੂੰ ਬਹੁਤ ਵੱਡਾ ਘਾਟਾ ਪਿਆ। ਇਸ ਸਮੇਂ ਕੈਬਨਟ ਮੰਤਰੀ ਡਾਕਟਰ ਰਵਜੋਤ ਸਿੰਘ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ, ਸਾਬਕਾ ਵਿਧਾਇਕ ਪਵਨ ਕੁਮਾਰ ਆਦੀਆ, ਸੈਂਚਰੀ ਪਲਾਈ ਬੋਰਡ ਫੈਕਟਰੀ ਅਤੇ ਵੱਖ-ਵੱਖ ਸੰਸਥਾਵਾਂ ਵੱਲੋਂ ਆਏ ਸ਼ੋਕ ਸੰਦੇਸ਼ ਪੜ੍ਹ ਕੇ ਸੁਣਾਏ ਗਏ। ਇਸ ਸਮੇਂ ਰਣਧੀਰ ਸਿੰਘ ਦੇ ਸਪੁੱਤਰ ਮਨੋਹਰ ਸਿੰਘ ਅਤੇ ਮਨਦੀਪ ਸਿੰਘ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ ਤੇ ਇਸ ਸਮੇਂ ਸਟੇਜ ਸਕੱਤਰ ਦੀ ਜ਼ਿੰਮੇਵਾਰੀ ਹਰਪ੍ਰੀਤ ਸਿੰਘ ਲਾਲੀ ਕਾਰਜਕਾਰੀ ਪ੍ਰਧਾਨ ਆਜ਼ਾਦ ਕਿਸਾਨ ਸੰਘਰਸ਼ ਕਮੇਟੀ ਲਾਚਵਾਲ ਵੱਲੋਂ ਨਿਭਾਈ ਗਈ। ਇਸ ਸਮੇਂ ਅਕਬਰ ਸਿੰਘ ਬੂਰੇ ਜੱਟਾਂ, ਜਸਪਾਲ ਸਿੰਘ ਰਾਜਾ, ਲੰਬੜਦਾਰ ਮਨਜੀਤ ਸਿੰਘ, ਸੇਵਾ ਸਿੰਘ ਭੱਕਲਾਂ, ਸਤਵੰਤ ਸਿੰਘ ਮੁਰਾਦਪੁਰ, ਬੀ ਐਸ ਜਸਵਾਲ, ਗੁਰਪ੍ਰੀਤ ਸਿੰਘ ਗੋਰਾ, ਉਪਕਾਰ ਸਿੰਘ ਭੱਕਲਾ, ਪ੍ਰਿਤਪਾਲ ਸਿੰਘ ਮੁਰਾਦਪੁਰ, ਬਿੱਕਰ ਸਿੰਘ ਸ਼ੇਰਪੁਰ, ਰਣਵੀਰ ਸਿੰਘ ਬੈਂਸਧਾਨੀ, ਇੰਦਰਜੀਤ ਸਿੰਘ ਬੁੱਲੋਵਾਲ, ਸੁਖਦੇਵ ਸਿੰਘ ਢਿੱਲੋਂ, ਮਾਸਟਰ ਮਦਨ ਲਾਲ, ਮਾਸਟਰ ਦਵਿੰਦਰ ਸਿੰਘ ਬੂਰੇ ਜੱਟਾਂ, ਕਰਮਜੀਤ ਸਿੰਘ ਬਬਲੂ, ਰਾਮ ਸਿੰਘ ਚਕੋਵਾਲ,ਕਾਮਰੇਡ ਗੁਰਮੇਲ ਸਿੰਘ, ਜਗਦੀਸ਼ ਲਾਲ ਹਰਿਆਣਾ,ਵਰਿੰਦਰ ਸਿੰਘ ਅਸਲਪੁਰ, ਕਰਨੈਲ ਸਿੰਘ ਢੱਡੇ ਫਤਿਹ ਸਿੰਘ,ਤਜਿੰਦਰ ਸਿੰਘ ਅਸਲਪੁਰ ਆਦਿ ਹਾਜ਼ਰ ਸਨ।



28-OCT-PAGE-10.qxd 10/27/2025 9:20 PM Page 1



## ਕੋਹਲੀ ਵੱਲੋਂ ਕਰੋੜਾਂ ਦੀ ਲਾਗਤ ਨਾਲ ਸੜਕ ਨਿਰਮਾਣ ਦੀ ਸ਼ੁਰੂਆਤ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪਟਿਆਲਾ ਸ਼ਹਿਰ ਦੇ ਵਿਕਾਸ ਨੂੰ ਨਵੀਂ ਗਤੀ ਦੇਣ ਵਾਸਤੇ ਇੱਕ ਹੋਰ ਮਹੱਤਵਪੂਰਨ ਕਦਮ ਚੁੱਕਿਆ ਗਿਆ, ਜਦੋਂ ਪਟਿਆਲਾ ਵਿਧਾਨ ਸਭਾ ਹਲਕੇ ਦੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਰਜਬਾਹਾ ਰੋਡ (21 ਫਾਟਕ ਪੁਲ) 'ਤੇ ਬਣਨ ਜਾ ਰਹੀ ਸੜਕ ਦੇ ਨਿਰਮਾਣ ਕਾਰਜਾਂ ਦੀ ਵਿਧੀਵਤ ਸ਼ੁਰੂਆਤ ਕੀਤੀ।ਉਨ੍ਹਾਂ ਨਾਲ ਐਕਸੀਅਨ ਪਿਯੂਸ਼ ਅੱਗਰਵਾਲ ਐਸ ਡੀ ਓ ਸੰਦੀਪ ਵਾਲੀਆ ਵੀ ਮੌਜੂਦ ਸਨ।ਵਿਧਾਇਕ ਕੋਹਲੀ ਨੇ ਕਿਹਾ ਕਿ ਇਹ ਸੜਕ ਪਟਿਆਲਾ ਸ਼ਹਿਰ ਦੇ ਸਭ ਤੋਂ ਭੀੜ ਵਾਲੇ ਮਾਰਗਾਂ ਵਿੱਚੋਂ ਇੱਕ ਹੈ, ਜੋ ਨਾ ਸਿਰਫ਼ ਵਪਾਰਕ ਗਤੀਵਿਧੀਆਂ ਲਈ ਮਹੱਤਵਪੂਰਨ ਹੈ, ਸਗੋਂ ਸ਼ਹਿਰ ਦੇ ਦਿਨ ਪ੍ਰਤੀ ਦਿਨ ਦੇ ਟ੍ਰੈਫਿਕ ਬੋਝ ਨੂੰ ਘਟਾਉਣ ਵਿੱਚ ਵੀ ਅਹਿਮ ਭੂਮਿਕਾ ਨਿਭਾਏਗੀ। ਉਨ੍ਹਾਂ ਕਿਹਾ ਕਿ ਇਸ ਸੜਕ ਦੀ ਮੁਰੰਮਤ ਅਤੇ ਵਿਸਥਾਰ ਲਈ ਲਗਭਗ ਡੇਢ ਕਰੋੜ ਰੁਪਏ ਦੀ ਰਕਮ ਖਰਚ ਕੀਤੀ ਜਾ ਰਹੀ ਹੈ।ਨਵੀਂ ਸੜਕ ਨੂੰ ਉੱਚ ਗੁਣਵੱਤਾ ਦੇ ਸਮੱਗਰੀ ਨਾਲ ਤਿਆਰ ਕੀਤਾ ਜਾਵੇਗਾ ਤਾਂ ਜੁ ਇਹ ਲੰਮੇ ਸਮੇਂ ਤੱਕ ਟਿਕਾਊ ਰਹੇ।ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਕਿਹਾ ਕਿ ਪਟਿਆਲਾ ਦੇ ਹਰ ਵਾਰਡ ਵਿੱਚ ਵਿਕਾਸ ਕਾਰਜ ਬਿਨਾ ਕਿਸੇ ਭੇਦਭਾਵ ਦੇ ਜਾਰੀ ਹਨ ਤੇ ਜਿਹੜੇ ਮਾਰਗ ਲੰਮੇ ਸਮੇਂ ਤੋਂ ਖਰਾਬ ਹਾਲਤ ਵਿੱਚ ਸਨ, ਉਨ੍ਹਾਂ ਨੂੰ ਤਰਜ਼ੀਹ ਦੇ ਆਧਾਰ 'ਤੇ ਦੁਬਾਰਾ ਬਣਾਇਆ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਸਾਡੇ ਵਾਅਦੇ ਅਨੁਸਾਰ ਪਟਿਆਲਾ ਨੂੰ ਸੁੰਦਰ, ਸਾਫ਼ ਤੇ ਸੁਵਿਧਾਜਨਕ ਸ਼ਹਿਰ ਬਣਾਉਣਾ ਸਾਡਾ ਮਕਸਦ ਹੈ।

## ਲੋਕ ਮੁੱਖ ਮੰਤਰੀ ਦੇ ਵਿਕਾਸ ਕਾਰਜਾਂ 'ਤੇ ਮੋਹਰ ਲਾਣਗੇ : ਬਿਲਾਸਪੁਰ

**ਨਿਹਾਲ ਸਿੰਘ ਵਾਲਾ (ਨਛੱਤਰ ਸੰਧੂ)**-ਹਲਕਾ ਤਰਨਤਾਰਨ ਵਿੱਚ ਹੋ ਰਹੀ ਵਿਧਾਨ ਸਭਾ ਉੱਪ ਚੋਣ ਵਿੱਚ ਤਰਨਤਾਰਨ ਦੇ ਸੂਝਵਾਨ ਲੋਕ ਪੰਜਾਬ ਦੇ ਸਤਿਕਾਰਯੋਗ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਕਰਵਾਏ ਗਏ ਬੇਮਿਸਾਲ ਵਿਕਾਸ ਕਾਰਜਾਂ 'ਤੇ ਮੋਹਰ ਲਾ ਕੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਨੂੰ ਵੱਡੀ ਲੀਡ ਨਾਲ ਜਿਤਾ ਕੇ ਵਿਧਾਨ ਸਭਾ ਵਿੱਚ ਭੇਜਣਗੇ ਤਾਂ ਜੋ ਹਲਕਾ ਤਰਨਤਾਰਨ ਦੇ ਵਿਕਾਸ ਕਾਰਜਾਂ ਵਿੱਚ ਹੋਰ ਤੇਜ਼ੀ ਆ ਸਕੇ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਨਿਹਾਲ ਸਿੰਘ ਵਾਲਾ ਦੇ ਵਿਧਾਇਕ ਮਨਜੀਤ ਸਿੰਘ ਬਿਲਾਸਪੁਰ ਨੇ ਸਥਾਨਕ ਮੀਡੀਆ ਕੇਂਦਰ ਵਿਖੇ ਇੱਕ ਪੱਤਰਕਾਰ ਮਿਲਣੀ ਦੌਰਾਨ ਕੀਤਾ।ਉਨ੍ਹਾਂ ਕਿਹਾ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਵੱਲੋਂ ਕੀਤੇ ਜਾ ਰਹੇ ਵਿਕਾਸ ਕਾਰਜ ਜਿਨ੍ਹਾਂ ਵਿੱਚ ਬੇਰੁਜ਼ਗਾਰ ਨੌਜਵਾਨਾਂ ਨੂੰ ਨੌਕਰੀਆਂ ਦੇਣ, ਸਿੱਖਿਆ, ਸਿਹਤ ਸਹੂਲਤਾਂ ਤੇ ਖੇਤੀਬਾੜੀ ਦੇ ਖੇਤਰਾਂ ਵਿੱਚ ਸਰਕਾਰ ਨੇ ਬੇਮਿਸਾਲ ਦਿਸਹੱਦੇ ਸਿਰਜੇ ਹਨ।ਉਨ੍ਹਾਂ ਦਾਅਵਾ ਕੀਤਾ ਕਿ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਅਪਣਾ 2022 ਦਾ ਇਤਿਹਾਸ ਦੁਹਰਾ ਕੇ ਮੁੜ ਸੱਤਾ ਵਿੱਚ ਆਵੇਗੀ।ਇਸ ਮੌਕੇ ਉਨ੍ਹਾਂ ਨਾਲ ਹਲਕਾ ਮੀਡੀਆ ਇੰਚਾਰਜ ਪੱਪੂ ਗਰਗ ਤੋਂ ਇਲਾਵਾ ਪਾਰਟੀ ਦੇ ਸੀਨੀਅਰ ਲੀਡਰ ਮੌਜੂਦ ਸਨ।

## ਬੁੱਤ ਆਉਣ ਵਾਲੀਆਂ ਪੀੜ੍ਹੀਆਂ ਨੂੰ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੀਆਂ ਕੁਰਬਾਨੀਆਂ ਤੋਂ ਜਾਣੂ ਕਰਵਾਉਂਦਾ ਰਹੇਗਾ : ਕਾਕਾ ਬਰਾੜ

### ਵਿਧਾਇਕ ਕਾਕਾ ਬਰਾੜ ਵੱਲੋਂ ਰਾਮਗੜ੍ਹੀਆ ਭਾਈਚਾਰੇ ਦੀ ਮੰਗ ਨੂੰ ਕੀਤਾ ਪੂਰਾ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)**-ਪਿਛਲੇ ਲੰਬੇ ਸਮੇਂ ਤੋਂ ਰਾਮਗੜ੍ਹੀਆ ਭਾਈਚਾਰੇ ਦੀ ਮੰਗ ਨੂੰ ਐਤਵਾਰ ਆਮ ਆਦਮੀ ਪਾਰਟੀ ਦੇ ਸੂਬਾ ਮੀਤ ਪ੍ਰਧਾਨ ਤੇ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਨੇ ਪੂਰਾ ਕਰਦਿਆਂ ਆਪਣੇ ਨਿੱਜੀ ਖਰਚੇ ਵਿੱਚੋਂ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਜੀ ਦਾ ਇੱਕ ਵੱਡਾ ਬੁੱਤ (ਸਟੈਚੂ) ਸਥਾਪਤ ਕੀਤਾ।ਇਸ ਮੌਕੇ ਸ੍ਰੀ ਸੁਖਮਨੀ ਸਾਹਿਬ ਪਾਠ ਦੇ ਭੋਗ ਪਾਏ ਗਏ।ਸਮਾਗਮ ਦੌਰਾਨ ਡਿਪਟੀ ਕਮਿਸ਼ਨਰ ਸ੍ਰੀ ਅਭਿਜੀਤ ਕਪਲਿਸ਼ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਰਾਮਗੜ੍ਹੀਆ ਭਾਈਚਾਰੇ ਦੇ ਲੋਕ ਹਾਜ਼ਰ ਹੋਏ।ਸਮਾਗਮ ਦੀ ਸ਼ੁਰੂਆਤ ਦੌਰਾਨ ਸ੍ਰੀ ਸੁਖਮਨੀ ਸਾਹਿਬ ਪਾਠ ਦੇ ਭੋਗ ਪਾਉਣ ਉਪਰੰਤ ਸਮੂਹ ਭਾਈਚਾਰੇ ਨੇ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਤੇ ਉਨ੍ਹਾਂ ਦੇ ਪਰਵਾਰ ਦਾ ਭਰਵਾਂ ਸਵਾਗਤ ਕੀਤਾ ਤੇ ਹਾਰ ਪਹਿਨਾ ਕੇ ਇਸ ਕਾਰਜ ਲਈ ਦਿਲੋਂ ਧੰਨਵਾਦ ਕੀਤਾ।

ਇਸ ਮੌਕੇ ਆਪਣੇ ਭਾਸ਼ਣ ਦੌਰਾਨ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਨੇ ਆਖਿਆ ਕਿ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਜੀ ਸਾਡੇ ਸਾਰਿਆਂ ਦੇ ਹੀ ਹੀਰੋ ਹਨ ਅਤੇ ਉਨ੍ਹਾਂ ਤੋਂ ਸੇਧ ਲੈ ਕੇ ਸਾਨੂੰ ਆਪਣੇ ਸਮਾਜ ਤੇ ਦੇਸ਼ ਦੀ ਤਰੱਕੀ ਲਈ ਵੱਧ ਤੋਂ ਵੱਧ ਯੋਗਦਾਨ ਪਾਉਣਾ ਚਾਹੀਦਾ ਹੈ।ਉਨ੍ਹਾ ਕਿਹਾ ਕਿ ਰਾਮਗੜ੍ਹੀਆ ਭਾਈਚਾਰੇ ਨੇ ਹਮੇਸ਼ਾ ਹੀ ਸਮਾਜ ਨੂੰ ਸੇਧ ਦਿੱਤੀ ਹੈ ਤੇ ਹਰ ਖੇਤਰ ਵਿੱਚ ਮੱਲਾਂ ਮਾਰੀਆਂ ਹਨ।ਉਨ੍ਹਾਂ ਕਿਹਾ ਕਿ ਉਨ੍ਹਾ ਦੀ ਦਿਲੀ ਤਮੰਨਾ ਸੀ ਕਿ ਕੋਈ ਅਜਿਹਾ ਉਪਰਾਲਾ ਕੀਤਾ ਜਾਵੇ ਕਿ ਸਮੂਹ ਭਾਈਚਾਰਾ ਇਕਜੁੱਟ ਹੋਵੇ।ਉਨ੍ਹਾ ਕਿਹਾ ਕਿ ਇਹ ਬੁੱਤ ਆਉਣ ਵਾਲੀਆਂ ਪੀੜ੍ਹੀਆਂ ਨੂੰ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਜੀ ਦੀਆਂ ਕੁਰਬਾਨੀਆਂ ਤੋਂ ਜਾਣੂ ਕਰਵਾਉਂਦਾ ਰਹੇਗਾ।ਇਸ ਮੌਕੇ ਰਾਮਗੜ੍ਹੀਆ ਭਾਈਚਾਰੇ ਦੇ ਆਗੂਆਂ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ ਤੇ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਦਾ ਧੰਨਵਾਦ ਕੀਤਾ।ਸਮਾਗਮ ਦੇ ਅੰਤ ਵਿੱਚ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਤੇ ਡਿਪਟੀ ਕਮਿਸ਼ਨਰ ਅਭਿਜੀਤ ਕਪਲਿਸ਼ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ।ਇਸ ਮੌਕੇ ਖੀਰ ਤੇ ਚਾਵਲਾਂ ਦਾ ਲੰਗਰ ਲਗਾਇਆ ਗਿਆ।

## ਡੀ ਸੀ ਵੱਲੋਂ ਚੰਨਣਵਾਲ ਵਿਖੇ ਡੰਪ ਸਾਈਟ ਦਾ ਦੌਰਾ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਪੰਜਾਬ ਸਰਕਾਰ ਦੇ ਹੁਕਮਾਂ ਦੀ ਸਖ਼ਤੀ ਨਾਲ ਪਾਲਣਾ ਕਰਦਿਆਂ ਜ਼ਿਲ੍ਹਾ ਪ੍ਰਸ਼ਾਸਨ ਬਰਨਾਲਾ ਵੱਲੋਂ ਸੁਰੱਖਿਅਤ ਵਾਤਾਵਰਣ ਯਕੀਨੀ ਬਣਾਉਣ ਲਈ ਝੋਨੇ ਦੀ ਪਰਾਲੀ ਨੂੰ ਨਾ ਸਾੜਨ ਸਬੰਧੀ ਅਣਥੱਕ ਪ੍ਰਯਾਸ ਕੀਤੇ ਜਾ ਰਹੇ ਹਨ।ਜ਼ਿਲ੍ਹੇ ਵਿੱਚ ਇਸ ਵੇਲੇ 85 ਬੇਲਰ ਖੇਤਾਂ ਵਿੱਚੋਂ ਪਰਾਲੀ ਇਕੱਠੀ ਕਰਨ ਲਈ ਕੰਮ ਕਰ ਰਹੇ ਹਨ ਤਾਂ ਜੋ 14 ਡੰਪ ਸਾਈਟਾਂ 'ਤੇ ਪਰਾਲੀ ਸਟੋਰ ਕੀਤੀ ਜਾ ਸਕੇ।ਡਿਪਟੀ ਕਮਿਸ਼ਨਰ ਬਰਨਾਲਾ ਸ੍ਰੀ ਟੀ. ਬੈਨਿਥ ਨੇ ਪਿੰਡ ਚੰਨਣਵਾਲ ਵਿਖੇ ਸਥਿਤ ਡੰਪ ਦਾ ਦੌਰਾ ਕੀਤਾ।ਉਨ੍ਹਾਂ ਦੱਸਿਆ ਕਿ ਪਹਿਲਾਂ ਹੀ ਪੁਲਸ ਤੇ ਸਿਵਲ ਅਧਿਕਾਰੀ ਖੇਤਾਂ ਦਾ ਦੌਰਾ ਕਰ ਰਹੇ ਹਨ, ਜੋ ਕਿਸਾਨਾਂ ਨੂੰ ਪਰਾਲੀ ਸਾੜਨ ਦੀ ਬਜਾਏ ਪ੍ਰਬੰਧਨ ਕਰਨ ਲਈ ਪ੍ਰੇਰਿਤ ਕਰ ਰਹੇ ਨੇ।ਉਨ੍ਹਾਂ ਕਿਹਾ ਕਿ ਇਸ ਵੇਲੇ 85 ਬੇਲਰ ਝੋਨੇ ਦੀਆਂ ਗੱਠਾਂ ਬਣਾਉਣ 'ਤੇ ਲੱਗੇ ਹਨ ਤੇ ਇਨ੍ਹਾਂ ਗੱਠਾਂ ਨੂੰ 14 ਨਿਰਧਾਰਤ ਡੰਪਿੰਗ ਸਾਈਟਾਂ 'ਤੇ ਸਟੋਰ ਕੀਤਾ ਜਾ ਰਿਹਾ ਹੈ।ਪ੍ਰਸ਼ਾਸਨ ਨੇ ਬਰਨਾਲਾ ਜ਼ਿਲ੍ਹੇ ਦੇ ਅਧਿਕਾਰ ਖੇਤਰ ਵਿੱਚ ਡੰਪ ਸਥਾਪਤ ਕੀਤੇ ਹਨ ਅਤੇ ਨੇੜਲੇ ਜ਼ਿਲ੍ਹਿਆਂ ਵਿੱਚ ਡੰਪ ਸਾਈਟਾਂ ਨਾਲ ਵੀ ਤਾਲਮੇਲ ਬਣਾਇਆ ਹੈ।14 ਡੰਪਿੰਗ ਸਾਈਟਾਂ ਵਿੱਚ ਪਿੰਡ ਚੰਨਣਵਾਲ ਤੋਂ ਇਲਾਵਾ ਹੋਰ ਸ਼ਾਮਲ ਹਨ।ਇਸ ਮੌਕੇ ਜ਼ਿਲ੍ਹਾ ਪ੍ਰਸ਼ਾਸਨ ਤੇ ਕਾਨੂੰਗੋ ਚੰਨਣਵਾਲ ਦੀ ਟੀਮ ਵੀ ਮੌਜੂਦ ਡਿਪਟੀ ਕਮਿਸ਼ਨਰ ਨਾਲ ਮੌਜੂਦ ਰਹੀ।ਇਸ ਤੋਂ ਇਲਾਵਾ ਪਰਾਲੀ ਨੂੰ ਅੱਗ ਲਗਾਉਣ ਤੋਂ ਰੋਕਣ ਸਬੰਧੀ ਲਗਾਏ ਗਏ ਨੋਡਲ ਅਫਸਰ ਤੇ ਕਲੱਸਟਰ ਅਫਸਰ ਪੁਲਿਸ ਟੀਮਾਂ ਦੀ ਮਦਦ ਨਾਲ ਪਿੰਡਾਂ 'ਚ ਨਜ਼ਰਸਾਨੀ ਕਰ ਰਹੀਆਂ ਹਨ।ਇਨ੍ਹਾਂ ਟੀਮਾਂ ਵੱਲੋਂ ਪਿੰਡਾਂ 'ਚ ਹੂਟਰ ਵਜਾ ਕੇ ਲੋਕਾਂ ਨੂੰ ਪਰਾਲੀ ਨੂੰ ਅੱਗ ਨਾ ਲਗਾਉਣ ਸਬੰਧੀ ਜਾਣਕਾਰੀ ਦਿੱਤੀ ਜਾ ਰਹੀ ਹੈ।

## ਬਲਜਿੰਦਰ ਢਿੱਲੋਂ ਦੀ ਟੀਮ 'ਆਪ' ਉਮੀਦਵਾਰ ਦੇ ਚੋਣ ਪ੍ਰਚਾਰ 'ਚ ਨਿੱਤਰੀ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-11 ਨਵੰਬਰ ਨੂੰ ਹੋਣ ਜਾ ਰਹੀ ਤਰਨ ਤਾਰਨ ਦੀ ਜ਼ਿਮਨੀ ਚੋਣ ਦੇ ਮੱਦੇਨਜ਼ਰ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਵੱਲੋਂ ਤਰਨ ਤਾਰਨ ਵਿਖੇ ਇਕ ਭਾਰੀ ਰੋਡ ਸ਼ੋਅ ਕੱਢਿਆ ਗਿਆ ਅਤੇ ਲੋਕਾਂ ਵਿੱਚ ਭਾਰੀ ਉਤਸ਼ਾਹ ਪਾਇਆ ਗਿਆ। ਇਹ ਰੋਡ ਸ਼ੋ ਕਿ ਪਿੰਡਾਂ ਵਿੱਚੋਂ ਹੁੰਦਾ ਹੋਇਆ ਬਾਲਾ ਚੱਕ, ਗੋਹਲਵੜ, ਕੱਟ ਦਸੌਧੀ ਮੱਲ, ਪੰਡੋਰੀ ਰਣ, ਨਰਲਵਾਲ, ਜਗਤਪੁਰਾ, ਢੋਡ ਪਿੰਡ ਤੋਂ ਹੁੰਦਾ ਹੋਇਆ ਵੱਖ-ਵੱਖ ਇਲਾਕਿਆਂ ਵਿੱਚ ਗਿਆ।ਇਸ ਮੌਕੇ ਰੋਡ ਸ਼ੋਅ ਵਿੱਚ ਆਮ ਆਦਮੀ ਪਾਰਟੀ ਪਟਿਆਲਾ ਦੇ ਲੋਕ ਸਭਾ ਇੰਚਾਰਜ ਤੇ ਪੰਜਾਬ ਮੰਡੀ ਬੋਰਡ ਗੁਡ ਗਵਰਨੈਂਸ ਕਾਰਪੋਰੇਸ਼ਨ ਦੇ ਚੇਅਰਮੈਨ ਸ. ਬਲਜਿੰਦਰ ਸਿੰਘ ਢਿੱਲੋਂ ਤੇ ਉਨ੍ਹਾਂ ਦੇ ਨਾਲ ਲਖਵਿੰਦਰ ਸਿੰਘ ਢਿੱਲੋਂ, ਰਜਿੰਦਰ ਸਿੰਘ ਕੋਹਲੀ, ਗੁਰਵਿੰਦਰ ਸਿੰਘ ਛੀਨਾ, ਮਨਦੀਪ ਸਿੰਘ ਜੋਸ਼ਾ ਤੋਂ ਹੋਰ ਸੀਨੀਅਰ ਆਗੂ ਵੱਡੀ ਗਿਣਤੀ ਵਿੱਚ ਰੋਡ ਸ਼ੋਅ ਵਿੱਚ ਸ਼ਾਮਲ ਹੋਏ। ਇਸ ਮੌਕੇ ਬਲਜਿੰਦਰ ਢਿੱਲੋਂ ਨੇ ਲੋਕਾਂ ਨੂੰ ਸੰਬੋਧਨ ਕਰਦਿਆਂ ਅਪੀਲ ਕੀਤੀ ਕਿ ਉਹ ਆਪਣੀ ਇੱਕ-ਇੱਕ ਕੀਮਤੀ ਵੋਟ ਆਉਣ ਵਾਲੀ 11 ਨਵੰਬਰ ਨੂੰ ਝਾੜੂ ਵਾਲਾ ਬਟਨ ਦਬਾ ਕੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਹਰਮੀਤ ਸਿੰਘ ਸੰਧੂ ਨੂੰ ਕਾਮਯਾਬ ਕਰਨ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਸਰਕਾਰ ਦੇ ਹੱਥ ਮਜ਼ਬੂਤ ਕਰਨ।

## ਸਰਕਾਰ ਖੇਤੀਬਾੜੀ ਵਿਕਾਸ ਅਫਸਰ ਤੋਂ ਖੇਤੀਬਾੜੀ ਅਫ਼ਸਰ ਪਦਉਨਤੀ ਜਲਦ ਕਰੇ : ਪ੍ਰਧਾਨ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਖੇਤੀਬਾੜੀ ਵਿਭਾਗ ਵਿੱਚ ਵੱਡੇ ਪੱਧਰ ਤੇ ਖੇਤੀਬਾੜੀ ਅਫ਼ਸਰ ਦੀਆਂ ਅਸਾਮੀਆਂ ਖਾਲੀ ਪਈਆਂ ਹਨ। ਇਸ ਸਮੇਂ ਜ਼ਿਲ੍ਹੇ 'ਚ ਕੋਈ ਵੀ ਖੇਤੀਬਾੜੀ ਅਫ਼ਸਰ ਤੈਨਾਤ ਨਹੀਂ, ਹੋਰ ਵੀ ਕਈ ਜ਼ਿਲਿਆਂ ਵਿਚ ਸਿਰਫ 1 ਜਾਂ 2 ਅਸਾਮੀਆਂ ਹੀ ਬਲਾਕ ਖੇਤੀਬਾੜੀ ਅਫ਼ਸਰ ਦੀਆਂ ਭਰੀਆਂ ਹਨ। ਇਸ ਵਜ੍ਹਾ ਕਰਕੇ ਵਿਭਾਗੀ ਕੰਮ ਵੱਡੇ ਪੱਧਰ ਤੇ ਪ੍ਰਭਾਵਤ ਹੋ ਰਹੇ ਹਨ। ਖੇਤੀਬਾੜੀ ਵਿਕਾਸ ਅਫ਼ਸਰ ਐਸੋਸੀਏਸ਼ਨ ਤੇ ਬਾਗਬਾਨੀ ਵਿਕਾਸ ਅਫ਼ਸਰਾਂ ਦੀ ਸਾਂਝੀ ਜਥੇਬੰਦੀ ਪਲਾਂਟ ਡਾਕਟਰਜ਼ ਸਰਵਿਸਜ਼ ਐਸੋਸੀਏਸ਼ਨ ਪੰਜਾਬ ਦੇ ਸੂਬਾ ਪ੍ਰਧਾਨ ਡਾ. ਹਰਮਨਦੀਪ ਸਿੰਘ ਘੁੰਮਣ ਨੇ ਕਿਹਾ ਕਿ ਖੇਤੀਬਾੜੀ ਵਿਕਾਸ ਅਫਸਰ ਤੋਂ ਖੇਤੀਬਾੜੀ ਅਫ਼ਸਰ ਪਦਉਨਤੀ ਲਈ 6 ਸਾਲ ਦਾ ਤਜਰਬਾ ਚਾਹੀਦਾ ਹੈ, ਪਰ ਵਿਭਾਗ ਵਿੱਚ ਖੇਤੀਬਾੜੀ ਵਿਕਾਸ ਅਫਸਰ 13 ਸਾਲ ਤੋਂ ਵੱਧ ਦਾ ਤਜਰਬਾ ਪੂਰਾ ਕਰਕੇ ਵੀ ਪਦਉਨਤੀ ਲਈ ਉਡੀਕ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਸਾਲ ਦੀ ਸ਼ੁਰੂਆਤ ਵਿਚ



ਪਦਉਨਤੀ ਲਈ ਯੋਗ ਉਮੀਦਵਾਰਾਂ ਦਾ ਮੰਗਿਆ ਗਿਆ ਰਿਕਾਰਡ ਸਰਕਾਰ ਪੱਧਰ 'ਤੇ ਪਹੁੰਚਿਆ ਹੈ, ਪਰ 10 ਮਹੀਨਿਆਂ ਦਾ ਸਮਾਂ ਬੀਤਣ ਦੇ ਬਾਵਜੂਦ ਵੀ ਪਦਉਨਤੀ ਨਹੀਂ ਕੀਤੀ ਗਈ।

ਡਾ. ਮਨਜਿੰਦਰ ਸਿੰਘ ਜਨਰਲ ਸਕੱਤਰ, ਡਾ ਸਤਵਿੰਦਰਬੀਰ ਸਿੰਘ ਸੀਨੀਅਰ ਮੀਤ ਪ੍ਰਧਾਨ, ਡਾ. ਸੁਖਚੈਨ ਸਿੰਘ ਮੀਤ ਪ੍ਰਧਾਨ, ਡਾ. ਵਿਕਰਾਂਤ ਖਜ਼ਾਨਚੀ ਨੇ ਕਿਹਾ ਕਿ ਖੇਤੀਬਾੜੀ ਵਿਕਾਸ ਅਫਸਰਾਂ ਦੀ ਸਮੇਂ ਸਿਰ ਪਦਉਨਤੀ ਨਾ ਹੋਣ ਕਰਕੇ ਸਮੂਹ ਕੇਡਰ ਦਾ ਮਨੋਬਲ ਡਿੱਗਿਆ ਹੈ।

ਉਨ੍ਹਾਂ ਦੱਸਿਆ ਕਿਹਾ ਕਿ ਐਸੋਸੀਏਸ਼ਨ ਵੱਲੋਂ ਬਹੁਤ ਵਾਰ ਸਰਕਾਰ ਪੱਧਰ 'ਤੇ ਮਿਲਿਆ ਜਾ ਚੁੱਕਾ ਹੈ, ਪ੍ਰੰਤੂ ਹਾਲੇ ਖੇਤੀਬਾੜੀ ਵਿਕਾਸ ਅਫਸਰ ਤੋਂ ਖੇਤੀਬਾੜੀ ਅਫ਼ਸਰ ਪਦਉਨਤੀ ਨਹੀਂ ਕੀਤੀ ਗਈ। ਉਨ੍ਹਾਂ ਮੰਗ ਕੀਤੀ ਕਿ ਸਰਕਾਰ ਯੋਗ ਉਮੀਦਵਾਰਾਂ ਦੀ ਪਦਉਨਤੀ ਜਲਦ ਕੀਤੀ ਜਾਵੇ ਨਹੀਂ ਤਾਂ ਐਸੋਸੀਏਸ਼ਨ ਸੰਘਰਸ਼ ਵਿੱਢਣ ਲਈ ਮਜ਼ਬੂਰ ਹੋਵੇਗੀ।

## ਮੋਟਰਸਾਈਕਲ ਦਰੱਖਤ ਨਾਲ ਟਕਰਾਇਆ, ਨੌਜਵਾਨ ਦੀ ਮੌਤ

**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਪਿੰਡ ਵਜੀਦਕੇ



ਕਲਾਂ ਨੇੜੇ ਮੁੱਖ ਮਾਰਗ 'ਤੇ ਬੀਤੀ ਰਾਤ ਇੱਕ ਸੜਕ ਹਾਦਸੇ ਵਿੱਚ ਮੋਟਰਸਾਈਕਲ ਸਵਾਰ ਨੌਜਵਾਨ ਦੀ ਮੌਤ ਹੋ ਜਾਣ ਦੀ ਦੁਖਦਾਈ ਖਬਰ ਮਿਲੀ ਹੈ।ਮਿਲੀ ਜਾਣਕਾਰੀ ਅਨੁਸਾਰ ਇਹ ਹਾਦਸਾ ਮੋਟਰਸਾਈਕਲ ਅੱਗੋਂ ਤੇਜ਼ ਲਾਈਟਾਂ ਪੈਣ ਨਾਲ ਬੇਕਾਬੂ ਹੋ ਕੇ ਦਰੱਖਤ ਨਾਲ ਟਕਰਾਉਣ ਕਾਰਨ ਵਾਪਰਿਆ। ਮੋਟਰਸਾਈਕਲ ਦੇ ਕਾਗਜ਼ਾਤ ਦੀ ਜਾਂਚ ਕਰਨ 'ਤੇ ਮ੍ਰਿਤਕ ਨੌਜਵਾਨ ਦੀ ਪਛਾਣ ਜਸਪਾਲ ਸਿੰਘ (35), ਪੁੱਤਰ ਭੋਲਾ ਸਿੰਘ ਵਾਸੀ ਕੁਰੜ (ਬਰਨਾਲਾ) ਵਜੋਂ ਹੋਈ।ਮ੍ਰਿਤਕ ਨੌਜਵਾਨ ਜਸਪਾਲ ਸਿੰਘ ਝੋਨੇ ਦੇ ਸੀਜ਼ਨ ਦੌਰਾਨ ਪਿੰਡ ਸੰਘੇੜਾ ਵਿਖੇ ਕੰਬਾਈਨ 'ਤੇ ਕੰਮ ਕਰਨ ਗਿਆ ਹੋਇਆ ਸੀ।ਰਾਤ ਨੂੰ ਕੰਮ ਬੰਦ ਹੋਣ ਤੋਂ ਬਾਅਦ ਜਦੋਂ ਉਹ ਮੋਟਰਸਾਈਕਲ 'ਤੇ ਵਾਪਸ ਆਪਣੇ ਪਿੰਡ ਕੁਰੜ ਵੱਲ ਆ ਰਿਹਾ ਸੀ, ਤਾਂ ਰਸਤੇ ਵਿੱਚ ਮੁੱਖ ਮਾਰਗ ਉੱਪਰ ਪਿੰਡ ਵਜੀਦਕੇ ਕਲਾਂ ਢਾਬੇ ਦੇ ਨੇੜੇ ਅੱਗਿਓਂ ਆ ਰਹੇ ਵਾਹਨ ਦੀਆਂ ਤੇਜ਼ ਲਾਈਟਾਂ ਪੈਣ ਕਾਰਨ ਮੋਟਰਸਾਈਕਲ ਬੇਕਾਬੂ ਹੋ ਕੇ ਦਰੱਖਤ ਨਾਲ ਟਕਰਾਉਣ ਨਾਲ ਚਾਲਕ ਦੀ ਮੌਤ ਹੋ ਗਈ।

ਮ੍ਰਿਤਕ ਜਸਪਾਲ ਸਿੰਘ ਆਪਣੇ ਮਾਤਾ-ਪਿਤਾ ਦਾ ਇਕਲੌਤਾ ਪੁੱਤਰ ਤੇ ਤਿੰਨ ਭੈਣਾਂ ਦਾ ਭਰਾ ਸੀ।ਉਹ ਆਪਣੇ ਪਿੱਛੇ ਮਾਤਾ-ਪਿਤਾ ਤੇ ਦੋ ਛੋਟੇ ਬੱਚਿਆਂ ਨੂੰ ਰੋਂਦਿਆਂ ਕੁਰਲਾਉਂਦਿਆਂ ਛੱਡ ਗਿਆ।

## ਸ਼੍ਰੋਮਣੀ ਭਗਤ ਨਾਮਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਸਮਾਗਮ



**ਸੰਗਰੂਰ (ਪ੍ਰਵੀਨ ਸਿੰਘ)**-ਸਥਾਨਕ ਜੁਝਾਰ ਸਿੰਘ ਨਗਰ ਵਿਖੇ ਸ਼੍ਰੋਮਣੀ ਭਗਤ ਨਾਮਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਵਿਸ਼ੇਸ਼ ਸਮਾਗਮ ਹਰਭਜਨ ਸਿੰਘ ਭੱਟੀ, ਪਲਵਿੰਦਰ ਸਿੰਘ, ਰਘਬੀਰ ਕੌਰ ਦੀ ਦੇਖ ਰੇਖ ਹੇਠ ਕੀਤਾ ਗਿਆ।ਇਸ ਮੌਕੇ ਭਾਈ ਕੁਲਵੰਤ ਸਿੰਘ ਬੁਰਜ ਦੀ ਨਿਗਰਾਨੀ ਹੇਠ ਸ੍ਰੀ ਆਖੰਡ ਪਾਠ ਦੇ ਭੋਗ ਪਾਏ ਗਏ।ਉਪਰੰਤ ਤਪ ਅਸਥਾਨ ਨਗਨ ਬਾਬਾ ਸਾਹਿਬ ਦਾਸ ਜੀ ਦੇ ਮੁੱਖ ਗ੍ਰੰਥੀ ਭਾਈ ਨਿਰਮਲ ਸਿੰਘ ਨੇ ਕੀਰਤਨ ਤੇ ਵਿਆਖਿਆ ਕਰਕੇ ਭਗਤ ਜੀ ਦੇ ਜੀਵਨ 'ਤੇ ਰੌਸ਼ਨੀ ਪਾਈ। ਇਸ ਸਮਾਗਮ ਵਿੱਚ ਸੰਤ ਬਾਬਾ ਸੁਖਦੇਵ ਸਿੰਘ ਗੁਰਦੁਆਰਾ ਸ੍ਰੀ ਸਿਧਾਣਾ ਸਾਹਿਬ, ਭਾਈ ਹਰਬੇਅੰਤ ਸਿੰਘ ਗੁਰਦੁਆਰਾ ਮਾਤਾ ਭੋਲੀ ਕੌਰ ਮਸਤੂਆਣਾ ਸਾਹਿਬ, ਰਾਜਿੰਦਰ ਸਿੰਘ ਮੈਨੇਜਰ ਗੁਰਦੁਆਰਾ ਸ੍ਰੀ ਨਾਨਕਿਆਣਾ ਸਾਹਿਬ ਤੇ ਜਸਵਿੰਦਰ ਸਿੰਘ ਪ੍ਰਿੰਸ ਮੁਖੀ ਤਾਲਮੇਲ ਕਮੇਟੀ ਨੇ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ।ਸੁਰਿੰਦਰ ਪਾਲ ਸਿੰਘ ਸਿਦਕੀ ਨੇ ਸੰਗਤਾਂ ਦਾ ਧੰਨਵਾਦ ਕੀਤਾ ਤੇ ਭੱਟੀ ਪਰਵਾਰ ਵੱਲੋਂ ਧਾਰਮਿਕ ਖੇਤਰ ਵਿੱਚ ਪਾਏ ਜਾ ਰਹੇ ਯੋਗਦਾਨ ਦਾ ਜ਼ਿਕਰ ਕੀਤਾ।ਰਾਗੀ ਜਥੇ ਤੇ ਸ਼ਹਿਰ ਦੀਆਂ ਮੋਹਤਬਰ ਸ਼ਖਸੀਅਤਾਂ ਸੁਰਜੀਤ ਸਿੰਘ ਭੱਟੀ, ਕਰਮਜੀਤ ਸਿੰਘ ਸਿੱਧੂ, ਪਰਮਜੀਤ ਸਿੰਘ, ਸੁਰਜੀਤ ਸਿੰਘ ਬਾਲੀਆਂ ਪੈਨਸ਼ਨਰਜ਼ ਐਸੋਸੀਏਸ਼ਨ, ਸੁਖਦੇਵ ਰਾਮ, ਬਲਵੰਤ ਸਿੰਘ ਜੋਗਾ, ਮਲਕੀਤ ਸਿੰਘ, ਗੋਵਿੰਦਰ ਸਿੰਘ, ਪਰਮਜੀਤ ਕੌਰ ਆਦਿ ਨੂੰ ਸੰਤ ਮਹਾਂਪੁਰਸ਼ਾਂ ਦੇ ਨਾਲ ਹਰਭਜਨ ਸਿੰਘ ਭੱਟੀ, ਜਸਵਿੰਦਰ ਸਿੰਘ ਪ੍ਰਿੰਸ, ਰਾਜਵਿੰਦਰ ਸਿੰਘ ਲੱਕੀ, ਗੁਰਿੰਦਰ ਸਿੰਘ ਗੁਜਰਾਲ, ਗੁਰਮੀਤ ਸਿੰਘ ਨੇ ਸਨਮਾਨਤ ਕੀਤਾ।ਪ੍ਰਬੰਧਕਾਂ ਵੱਲੋਂ ਵਿਸ਼ੇਸ਼ ਸ਼ਖਸੀਅਤਾਂ ਨੂੰ ਵੀ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਗਿਆ।ਸਮਾਪਤੀ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

## ਫੱਕਰ ਬਾਬਾ ਦਾਮੂੰ ਸ਼ਾਹ ਵਿਖੇ ਲੋੜਵੰਦ ਪਰਵਾਰਾਂ ਨੂੰ ਗਰਮ ਸੂਟ ਵੰਡੇ



**ਮੋਗਾ (ਇਕਬਾਲ ਸਿੰਘ ਖਹਿਰਾ)**-13 13 13 ਲੰਗਰ ਕਮੇਟੀ ਜ਼ੀਰਾ ਵੱਲੋਂ ਫੱਕਰ ਬਾਬਾ ਦਾਮੂੰ ਸ਼ਾਹ ਜੀ ਦੀ ਪਵਿੱਤਰ ਦਰਗਾਹ ਵਿਖੇ ਮਨੁੱਖਤਾ ਭਰਪੂਰ ਸੇਵਾ ਅਰਪਿਤ ਕੀਤੀ ਗਈ।ਇਸ ਮੌਕੇ ਕਮੇਟੀ ਦੇ ਮੈਂਬਰਾਂ ਨੇ ਲੋੜਵੰਦ ਤੇ ਗਰੀਬ ਪਰਵਾਰਾਂ ਨੂੰ ਸਰਦੀ ਦੇ ਮੌਸਮ ਨੂੰ ਧਿਆਨ ਵਿੱਚ ਰੱਖਦੇ ਹੋਏ ਗਰਮ ਸੂਟ ਵੰਡੇ।ਇਸ ਪਵਿੱਤਰ ਸੇਵਾ ਸਮੇਂ ਸਥਾਨਕ ਸੰਗਤਾਂ ਨੇ ਵੀ ਹਿੱਸਾ ਲਿਆ ਤੇ ਕਮੇਟੀ ਦੇ ਸੇਵਾਦਾਰਾਂ ਦੀ ਖੂਬ ਪ੍ਰਸ਼ੰਸਾ ਕੀਤੀ।ਕਮੇਟੀ ਦੀ ਸੇਵਾ ਭਾਵਨਾ ਨੂੰ ਦੇਖਦੇ ਹੋਏ ਕੈਨੇਡਾ ਵਿਖੇ ਬੈਠੇ ਪ੍ਰਧਾਨ ਚਮਕੌਰ ਸਿੰਘ ਸੰਘਾ ਨੇ ਵੀ 13 13 13 ਲੰਗਰ ਕਮੇਟੀ ਦੀ ਇਸ ਨਿਸ਼ਕਾਮ ਸੇਵਾ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਵਿਦੇਸ਼ਾਂ ਵਿੱਚ ਬੈਠੇ ਸੇਵਾਦਾਰ ਵੀ ਇਸ ਤਰ੍ਹਾਂ ਦੀਆਂ ਸੇਵਾਵਾਂ ਤੋਂ ਪ੍ਰੇਰਨਾ ਲੈਣ।ਲੋਹਾਰਾ ਪਹੁੰਚਣ 'ਤੇ ਸੁਰਜੀਤ ਸਿੰਘ ਲੋਹਾਰਾ ਤੇ ਬਾਬਾ ਜਸਵੀਰ ਸਿੰਘ ਲੋਹਾਰਾ, ਜਗਰਾਜ ਸਿੰਘ ਗਿੱਲ, ਬਲਕਾਰ ਸਿੰਘ ਜੌਹਲ, ਬਾਬਾ ਨੰਦ ਸਿੰਘ ਸੇਵਾ ਸੋਸਾਇਟੀ ਦੇ ਸੇਵਾਦਾਰ ਸਤਨਾਮ ਸਿੰਘ, ਸੁਰਜੀਤ ਸਿੰਘ ਬਿੱਲਾ, ਗੁਰਮੀਤ ਸਿੰਘ ਪੇਂਟਰ ਤੇ ਲੋਹਾਰਾ ਗ੍ਰਾਮ ਯੂਥ ਸਪੋਰਟਸ ਕਲੱਬ ਪ੍ਰਧਾਨ ਡਾਕਟਰ ਜਗਰੂਪ ਸਿੰਘ ਗਿੱਲ, ਜਗਸੀਰ ਸਿੰਘ, ਕੁਲਵਿੰਦਰ ਸਿੰਘ, ਪਲਵਿੰਦਰ ਸਿੰਘ, ਬਲਵੀਰ ਸਿੰਘ, ਬੰਤ ਸਿੰਘ, ਨਰੇਸ਼ ਕੁਮਾਰ ਬਾਵਾ ਤੇ ਹੋਰ ਵੀ ਸੱਜਣਾਂ ਵੱਲੋਂ ਲੰਗਰ ਕਮੇਟੀ ਦਾ ਨਿੱਘਾ ਸਵਾਗਤ ਕੀਤਾ ਗਿਆ ਅਤੇ 131313 ਲੰਗਰ ਕਮੇਟੀ ਨੂੰ ਸਨਮਾਨਤ ਕੀਤਾ ਗਿਆ।ਪਿੰਡ ਵਾਸੀਆਂ ਨੇ ਕਿਹਾ ਕਿ ਕਮੇਟੀ ਵੱਲੋਂ ਕੀਤੀ ਜਾ ਰਹੀ ਇਹ ਸੇਵਾ ਮਨੁੱਖਤਾ ਦੀ ਸੱਚੀ ਤਸਵੀਰ ਪੇਸ਼ ਕਰਦੀ ਹੈ।

## ਮਿਆਦ ਲੰਘੀ ਦਵਾਈ ਖਾਣ ਨਾਲ ਦੋ ਸਾਲਾ ਬੱਚੀ ਦੀ ਮੌਤ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪਿੰਡ ਕੁਰੜ (ਬਰਨਾਲਾ) ਵਿਖੇ ਇੱਕ ਮਜ਼ਦੂਰ ਪਰਵਾਰ ਨਾਲ ਸੰਬੰਧਤ ਦੋ ਸਾਲਾ ਬੱਚੀ ਵੱਲੋਂ ਭੁਲੇਖੇ ਨਾਲ ਮਿਆਦ ਲੰਘੀ ਦਵਾਈ ਖਾਣ ਕਾਰਨ ਮੌਤ ਹੋ ਜਾਣ ਦੀ ਖਬਰ ਹੈ।ਥਾਣਾ ਠੁੱਲੀਵਾਲ ਦੇ ਏ.ਐੱਸ.ਆਈ. ਜਸਵਿੰਦਰ ਸਿੰਘ ਨੇ ਦੱਸਿਆ ਕਿ ਮ੍ਰਿਤਕ ਬੱਚੀ ਦੀ ਪਛਾਣ ਨੂਰਪ੍ਰੀਤ ਪੁੱਤਰੀ ਜਸਪਾਲ ਸਿੰਘ ਵਾਸੀ ਪਿੰਡ ਕੁਰੜ ਵਜੋਂ ਹੋਈ ਹੈ।ਉਨ੍ਹਾਂ ਕਿਹਾ ਕਿ ਬੱਚੀ ਨੇ ਘਰ ਵਿੱਚ ਪਈ ਮਿਆਦ ਲੰਘੀ ਦਵਾਈ ਭੁਲੇਖੇ ਨਾਲ ਖਾ ਲਈ, ਜਿਸ ਨਾਲ ਉਸ ਦੀ ਸਿਹਤ ਖਰਾਬ ਹੋਣ 'ਤੇ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ।

ਇਸ ਘਟਨਾ ਸਬੰਧੀ ਮ੍ਰਿਤਕ ਬੱਚੀ ਦੇ ਨਾਨਾ ਨਿਰਭੈ ਸਿੰਘ ਪੁੱਤਰ ਪਿਆਰਾ ਸਿੰਘ ਵਾਸੀ ਕੁੰਬੜਵਾਲ ਦੇ ਬਿਆਨਾਂ ਦੇ ਆਧਾਰ 'ਤੇ ਭਾਰਤੀ ਦੰਡ ਸੰਹਿਤਾ ਦੀ ਧਾਰਾ 194 (ਬੀ) ਐੱਨ ਐੱਸ ਐੱਸ ਅਧੀਨ ਥਾਣਾ ਠੁੱਲੀਵਾਲ ਵੱਲੋਂ ਕਾਰਵਾਈ ਅਮਲ ਵਿੱਚ ਲਿਆਂਦੀ ਗਈ ਹੈ।

## ਧਾਗਾ ਮਿੱਲ 'ਚੋਂ 25 ਲੱਖ ਦਾ ਸਾਮਾਨ ਚੋਰੀ, 5 ਖਿਲਾਫ ਕੇਸ ਦਰਜ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਮਾਛੀਵਾੜਾ-ਕੁਹਾੜਾ ਮਾਰਗ 'ਤੇ ਪੈਂਦੀ ਇੱਕ ਵੱਡੀ ਉਦਯੋਗਿਕ ਇਕਾਈ ਧਾਗਾ ਮਿੱਲ ਵੱਲੋਂ 25 ਲੱਖ ਰੁਪਏ ਦਾ ਸਾਮਾਨ ਚੋਰੀ ਹੋ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ, ਜਿਸ ਸਬੰਧੀ ਥਾਣਾ ਮਾਛੀਵਾੜਾ ਵਿਖੇ ਰਿਪੋਰਟ ਦਰਜ ਕਰਵਾਈ ਹੈ ਅਤੇ ਪੁਲਸ ਨੇ 5 ਵਿਅਕਤੀਆਂ ਖਿਲਾਫ਼ ਮਾਮਲਾ ਦਰਜ ਕੀਤਾ ਹੈ। ਪੁਲਸ ਵੱਲੋਂ ਅਜੇ ਮੁਲਜ਼ਮਾਂ ਦੀ ਪਹਿਚਾਣ ਨਸ਼ਰ ਨਹੀਂ ਕੀਤੀ ਜਾ ਰਹੀ। ਧਾਗਾ ਮਿੱਲ ਦੇ ਮੈਨੇਜਰ ਜੈ ਸਰੂਪ ਸ਼ਰਮਾ ਨੇ ਪੁਲਸ ਕੋਲ ਬਿਆਨ ਦਰਜ ਕਰਵਾਏ ਕਿ ਉਨ੍ਹਾਂ ਦੀ ਉਦਯੋਗਿਕ ਇਕਾਈ ਵਿੱਚ ਇੱਕ ਕਬਾੜੀਆ, ਜੋ ਕਿ ਸਕਰੈਪ ਦਾ ਵਪਾਰੀ ਹੈ, ਆਪਣੀਆਂ ਗੱਡੀਆਂ ਰਾਹੀਂ ਸਾਮਾਨ ਲੋਡ ਕਰਕੇ ਲੈ ਗਿਆ। ਕੁਝ ਸਮੇਂ ਬਾਅਦ ਜਦੋਂ ਸਕਿਉਰਿਟੀ ਸਟਾਫ਼ ਨੇ ਚੈੱਕ ਕੀਤਾ ਤਾਂ ਉਨ੍ਹਾਂ ਦੇਖਿਆ ਕਿ 109 ਯੂ.ਪੀ.ਐੱਸ. ਬੈਟਰੀਆਂ, ਬੈਰਿੰਗ, ਡਰਾਇਜ਼, ਮੋਟਰਾਂ ਤੇ ਹੋਰ ਕਾਫ਼ੀ ਸਾਮਾਨ ਗਾਇਬ ਪਾਇਆ ਗਿਆ। ਜਦੋਂ ਮਿੱਲ ਦੇ ਸਕਿਉਰਿਟੀ ਕਰਮਚਾਰੀਆਂ ਨੇ ਆਪਣੇ ਤੌਰ 'ਤੇ ਜਾਂਚ ਕੀਤੀ ਤਾਂ ਉਨ੍ਹਾਂ ਨੂੰ ਪਤਾ ਲੱਗਿਆ ਕਿ ਮਿੱਲ 'ਚੋਂ ਸਾਮਾਨ ਚੋਰੀ ਦੀ ਖੇਡ ਪਿਛਲੇ ਕਾਫ਼ੀ ਸਮੇਂ ਤੋਂ ਚੱਲ ਰਹੀ ਹੈ, ਜਿਸ ਵਿੱਚ ਮਿੱਲ ਦੇ ਮੁਲਾਜ਼ਮਾਂ ਦੀ ਵੀ ਮਿਲੀਭੁਗਤ ਹੈ। ਮੈਨੇਜਰ ਜੈ ਸਰੂਪ ਸ਼ਰਮਾ ਅਨੁਸਾਰ ਉਨ੍ਹਾਂ ਦੀ ਮਿੱਲ 'ਚੋਂ ਕਰੀਬ 25 ਲੱਖ ਰੁਪਏ ਦਾ ਸਾਮਾਨ ਚੋਰੀ ਹੋ ਗਿਆ। ਧਾਗਾ ਮਿੱਲ ਦੇ ਮੈਨੇਜਰ ਜੈ ਸਰੂਪ ਸ਼ਰਮਾ ਨੇ ਦੱਸਿਆ ਕਿ ਮਿੱਲ 'ਚੋਂ ਜੋ 25 ਲੱਖ ਰੁਪਏ ਦਾ ਸਾਮਾਨ ਚੋਰੀ ਹੋਇਆ ਹੈ, ਉਸ ਸਬੰਧੀ ਮਾਛੀਵਾੜਾ ਪੁਲਸ ਨੇ ਮਾਮਲਾ ਦਰਜ ਕਰ ਲਿਆ ਹੈ। ਉਨ੍ਹਾਂ ਕਿਹਾ ਕਿ ਇਹ ਮਿੱਲ 'ਚੋਂ ਚੋਰੀ ਹੋਇਆ 25 ਲੱਖ ਰੁਪਏ ਦਾ ਸਾਮਾਨ ਕਿੱਥੇ-ਕਿੱਥੇ ਵੇਚਿਆ ਗਿਆ ਹੈ, ਇਸ ਦੀ ਜਾਂਚ ਹੋਣੀ ਵੀ ਬਹੁਤ ਜ਼ਰੂਰੀ ਹੈ। ਥਾਣਾ ਮੁਖੀ ਹਰਵਿੰਦਰ ਸਿੰਘ ਨੇ ਦੱਸਿਆ ਕਿ ਧਾਗਾ ਮਿੱਲ ਦੇ ਮੈਨੇਜਰ ਵੱਲੋਂ ਦਿੱਤੇ ਬਿਆਨਾਂ 'ਤੇ ਪਰਚਾ ਦਰਜ ਕਰ ਲਿਆ ਗਿਆ ਹੈ ਤੇ ਜਲਦ ਹੀ ਚੋਰ ਕਾਬੂ ਕਰ ਲਏ ਜਾਣਗੇ। ਉਨ੍ਹਾਂ ਕਿਹਾ ਕਿ ਜੇਕਰ ਇਸ ਮਾਮਲੇ ਵਿੱਚ ਮਿੱਲ ਦੇ ਕੋਈ ਕਰਮਚਾਰੀ ਸ਼ਾਮਲ ਹਨ ਤਾਂ ਉਹ ਵੀ ਬਖ਼ਸ਼ੇ ਨਹੀਂ ਜਾਣਗੇ ਤੇ ਜੇਕਰ ਅੱਗੋਂ ਇਹ ਸਾਮਾਨ ਕਿਤੇ ਵੇਚਿਆ ਗਿਆ ਤਾਂ ਇਸ ਦੀ ਵੀ ਜਾਂਚ ਕੀਤੀ ਜਾਵੇਗੀ।

## ਨੌਜਵਾਨ ਦੀ ਕੁੱਟਮਾਰ ਦੇ ਮਾਮਲੇ 'ਚ 3 ਖਿਲਾਫ ਕੇਸ ਦਰਜ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਮੱਲਾਂਵਾਲਾ ਵਿਖੇ ਦੋਸਤ ਨਾਲ ਘਰ ਜਾ ਰਹੇ ਨੌਜਵਾਨ ਦੀ ਕੁੱਟਮਾਰ ਕਰਕੇ ਜ਼ਖ਼ਮੀ ਕਰਨ ਵਾਲੇ ਤਿੰਨ ਵਿਅਕਤੀਆਂ ਖਿਲਾਫ 117 (2), 115 (2), 3 (5) ਬੀਐੱਨਐੱਸ ਤਹਿਤ ਮਾਮਲਾ ਦਰਜ ਕੀਤਾ। ਪੁਲਿਸ ਨੂੰ ਦਿੱਤੇ ਬਿਆਨ 'ਚ ਸ਼ਿਕਾਇਤਕਰਤਾ ਅੰਗਦ ਸਿੰਘ ਪੁੱਤਰ ਇਕਬਾਲ ਸਿੰਘ ਵਾਸੀ ਪਿੰਡ ਮਰੂੜ ਨੇ ਦੱਸਿਆ ਕਿ ਜਦੋਂ ਉਹ ਬੀਤੇ ਦਿਨ ਆਪਣੇ ਦੋਸਤ ਦੇ ਨਾਲ ਰਾਤ ਦੇ ਸਮੇਂ ਘਰ ਜਾ ਰਿਹਾ ਸੀ ਤਾਂ ਰਸਤੇ ਵਿਚ ਜਸਵਿੰਦਰ ਸਿੰਘ ਪੁੱਤਰ ਗੁਰਦਾਸ ਸਿੰਘ ਵਾਸੀ ਮਰੂੜ, ਜਸ਼ਨਪ੍ਰੀਤ ਸਿੰਘ ਪੁੱਤਰ ਜਸਵਿੰਦਰ ਸਿੰਘ ਤੇ ਸੁਖਮਨਦੀਪ ਸਿੰਘ ਪੁੱਤਰ ਜਸਵਿੰਦਰ ਸਿੰਘ ਵਾਸੀ ਮਰੂੜ ਨੇ ਉਸਦੇ ਨਾਲ ਕੁੱਟਮਾਰ ਕੀਤੀ ਅਤੇ ਉਸਨੂੰ ਜ਼ਖਮੀ ਕਰ ਦਿੱਤਾ ਸੀ, ਜਿਸ ਤੋਂ ਬਾਅਦ ਉਸ ਨੂੰ ਇਲਾਜ ਲਈ ਸਰਕਾਰੀ ਹਸਪਤਾਲ ਜ਼ੀਰਾ ਵਿਚ ਦਾਖਲ ਕਰਾਇਆ ਗਿਆ ਹੈ। ਮਾਮਲੇ ਦੀ ਜਾਂਚ ਕਰ ਰਹੇ ਜਗਜੀਤ ਸਿੰਘ ਨੇ ਦੱਸਿਆ ਕਿ ਪੁਲਸ ਨੇ ਉਕਤ ਦੋਸ਼ੀਅਨ ਖਿਲਾਫ ਮਾਮਲਾ ਦਰਜ ਕਰਕੇ ਅੱਗੇ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਐੱਨ ਐੱਸ ਐੱਸ ਕੈਂਪ ਦੇ ਦੂਜੇ ਦਿਨ ਨੈਤਿਕ-ਕਦਰਾਂ ਕੀਮਤਾਂ ਬਾਰੇ ਲੈਕਚਰ



**ਦੋਰਾਹਾ (ਹਰਮਿੰਦਰ ਸੇਠ)**-ਗੁਰੂ ਨਾਨਕ ਨੈਸ਼ਨਲ ਕਾਲਜ ਦੋਰਾਹਾ ਵਿਖੇ ਚੱਲ ਰਹੇ ਐੱਨ. ਐੱਸ. ਐੱਸ. ਕੈਂਪ ਦੇ ਦੂਜੇ ਦਿਨ 'ਨਸ਼ਾ ਮੁਕਤ ਸਮਾਜ' ਦੇ ਥੀਮ ਅਧੀਨ ਐੱਨ ਐੱਸ ਐੱਸ ਯੂਨਿਟ ਵੱਲੋਂ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਨੈਤਿਕ ਕਦਰਾਂ ਸੰਬੰਧੀ ਲੈਕਚਰ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਲੁਧਿਆਣਾ ਤੋਂ ਸ੍ਰ. ਜਸਪਾਲ ਸਿੰਘ ਤੇ ਸ੍ਰ. ਬਰਜਿੰਦਰਪਾਲ ਸਿੰਘ ਨੇ ਮੁੱਖ ਵਕਤਾ ਵਜੋਂ ਸ਼ਿਰਕਤ ਕੀਤੀ।ਇਸ ਮੌਕੇ ਉਨ੍ਹਾਂ ਐੱਨ. ਐੱਸ. ਐੱਸ. ਵਲੰਟੀਅਰਾਂ ਨੂੰ ਆਦਰਸ਼ ਜੀਵਨ ਜਿਉਣ ਦੀ ਪ੍ਰੇਰਣਾ ਦਿੱਤੀ।ਉਨ੍ਹਾਂ ਵਲੰਟੀਅਰਾਂ ਨੂੰ ਸੰਬੋਧਨ ਕਰਦਿਆਂ ਉੱਚ ਸਿੱਖਿਆ ਪ੍ਰਾਪਤ ਕਰਨ, ਨੈਤਿਕ ਕਦਰਾਂ-ਕੀਮਤਾਂ ਸਿੱਖਣ ਤੇ ਉਨ੍ਹਾਂ ਉੱਪਰ ਅਮਲ ਕਰਨ ਉੱਤੇ ਜ਼ੋਰ ਦਿੱਤਾ।ਇਸ ਮੌਕੇ ਕਾਲਜ ਵੱਲੋਂ ਮੁੱਖ ਬੁਲਾਰਿਆਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਉਪਰੰਤ ਪ੍ਰੋਗਰਾਮ ਅਫ਼ਸਰ ਡਾ. ਲਵਲੀਨ ਬੈਂਸ, ਪ੍ਰੋ. ਅਮਨਦੀਪ ਚੀਮਾਂ ਤੇ ਡਾ. ਗੁਰਪ੍ਰੀਤ ਸਿੰਘ ਦੀ ਅਗਵਾਈ ਹੇਠ ਕਾਲਜ ਵਾਲੰਟੀਅਰਾਂ ਵੱਲੋਂ ਕਾਲਜ ਕੈਂਪਸ ਦੀ ਸਾਫ਼ ਸਫ਼ਾਈ ਕੀਤੀ ਗਈ।ਇਸ ਮੌਕੇ ਨਾਨ-ਸਟੂਡੈਂਟ ਵਲੰਟੀਅਰ ਪ੍ਰੋ. ਗੁਰਪ੍ਰੀਤ ਕੌਰ (ਕਾਮਰਸ), ਪ੍ਰੋ. ਹਿਨਾ ਰਾਣੀ ਤੇ ਪ੍ਰੋ. ਰੋਹਿਤ ਕੁਮਾਰ ਵੀ ਹਾਜ਼ਰ ਸਨ।ਇਸ ਸੱਤ ਰੋਜ਼ਾ ਕੈਂਪ ਦੇ ਆਯੋਜਨ ਲਈ ਕਾਲਜ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਸ੍ਰ. ਹਰਪ੍ਰਤਾਪ ਸਿੰਘ ਬਰਾੜ, ਐਗਜ਼ੀਕਿਊਟਿਵ ਮੈਂਬਰ ਸ਼੍ਰੀਮਤੀ ਰੁਪਿੰਦਰ ਕੌਰ ਬਰਾੜ, ਅਹੁਦੇਦਾਰਾਂ, ਮੈਂਬਰ ਸਾਹਿਬਾਨ ਤੇ ਕਾਲਜ ਪ੍ਰਿੰਸੀਪਲ ਡਾ. ਸਰਵਜੀਤ ਕੌਰ ਬਰਾੜ ਨੇ ਕੈਂਪ ਦੇ ਸਫ਼ਲਤਾਪੂਰਵਕ ਸੰਪੂਰਨ ਹੋਣ ਦੀ ਕਾਮਨਾ ਕਰਦਿਆਂ ਵਾਲੰਟੀਅਰਾਂ ਤੇ ਸੰਬੰਧਿਤ ਪ੍ਰਾਧਿਆਪਕਾਂ ਨੂੰ ਮੁਬਾਰਕਬਾਦ ਦਿੱਤੀ।

## ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਸੰਬੰਧੀ ਪ੍ਰਭਾਤ ਫੇਰੀਆਂ ਸ਼ੁਰੂ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਿੱਖਾਂ ਦੇ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੇ ਸਬੰਧ 'ਚ ਪ੍ਰਭਾਤ ਫੇਰੀਆਂ ਸ਼ੁਰੂ ਹੋ ਚੁੱਕੀਆਂ ਹਨ। ਗੁਰਦੁਆਰਾ ਸਾਹਿਬ ਦੇ ਮੈਨੇਜਰ ਜਸਵੀਰ ਸਿੰਘ ਮੰਗਲੀ ਅਨੁਸਾਰ ਬਾਬਾ ਮੋਹਣ ਸਿੰਘ ਦੀ ਦੇਖ ਰੇਖ 'ਚ ਇਤਿਹਾਸਕ ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਤੋਂ ਤੜਕੇ 4 ਵਜੇ ਆਰੰਭ ਹੁੰਦੀ ਇਸ ਪ੍ਰਭਾਤ ਫੇਰੀ 'ਚ ਸੰਗਤ ਨਾਮ ਸਿਮਰਨ ਤੇ ਬਾਣੀ ਦਾ ਜਾਪ ਕਰਦੇ ਹੋਏ ਸ਼ਹਿਰ ਦੀ ਪ੍ਰੀਕਰਮਾ ਕਰਦੀ ਹੈ। ਉਨ੍ਹਾਂ ਦੱਸਿਆ ਕਿ ਪ੍ਰਭਾਤ ਫੇਰੀ 'ਚ ਸ਼ਾਮਲ ਸੰਗਤ ਸ਼ਰਧਾਲੂਆਂ ਦੇ ਸੱਦੇ 'ਤੇ ਉਨ੍ਹਾਂ ਦੇ ਘਰ 'ਚ ਜਾ ਕੇ ਸੁੱਖ ਸ਼ਾਂਤੀ ਲਈ ਅਰਦਾਸ ਕਰਦੀ ਹੈ। ਰੋਜ਼ਾਨਾ ਪ੍ਰਭਾਤ ਫੇਰੀ ਦੀ ਸਮਾਪਤੀ ਉਪਰੰਤ ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਵਿਖੇ ਸੰਗਤਾਂ ਲਈ ਵੱਖ ਵੱਖ ਪਕਵਾਨਾਂ ਦੇ ਲੰਗਰ ਵੀ ਲਗਾਏ ਜਾਂਦੇ ਹਨ। ਇਹ ਪ੍ਰਭਾਤ ਫੇਰੀ ਦਾ ਪ੍ਰਵਾਹ ਰੋਜ਼ਾਨਾ 5 ਨਵੰਬਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਤੱਕ ਨਿਰਵਿਘਨ ਜਾਰੀ ਰਹੇਗਾ ਅਤੇ ਇਸ ਦਿਨ ਪਵਿੱਤਰ ਦਿਹਾੜਾ ਸੰਗਤਾਂ ਵੱਲੋਂ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮੱਖਣ ਸਿੰਘ ਪਾਬਲਾ, ਸੁਰਜੀਤ ਸਿੰਘ ਗੋਗੀਆ, ਸ਼ੇਰ ਸਿੰਘ ਸੇਰਾ, ਜਸਵੀਰ ਸਿੰਘ ਗਿੱਲ, ਬਾਬਾ ਗੁਰਮੀਤ ਸਿੰਘ, ਜੋਗਿੰਦਰ ਸਿੰਘ ਪੱਪੀ, ਸਿਮਰਨਜੀਤ ਗੋਗੀਆ ਮੌਜੂਦ ਸਨ।

## ਲੋਹਾ ਮਿੱਲ 'ਚ ਕਰੇਨ ਤੋਂ ਡਿੱਗਣ ਨਾਲ ਪ੍ਰਵਾਸੀ ਕਾਮੇ ਦੀ ਮੌਤ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਉਦਯੋਗਿਕ ਨਗਰੀ ਮੰਡੀ ਗੋਬਿੰਦਗੜ੍ਹ ਦੇ ਅੰਬੇ ਮਾਜਰਾ ਇਲਾਕੇ ਵਿੱਚ ਸਥਿਤ ਵਰਧਮਾਨ ਆਦਰਸ਼ ਇਸਪਾਤ ਨਾਮਕ ਲੋਹਾ ਮਿੱਲ ਵਿੱਚ ਇੱਕ ਪ੍ਰਵਾਸੀ ਕਾਮੇ ਦੀ ਮੌਤ ਹੋ ਜਾਣ ਦਾ ਸਮਾਚਾਰ ਹੈ।ਮ੍ਰਿਤਕ ਦੀ ਪਹਿਚਾਣ ਕਾਲੂ ਸ਼ਾਹ



(38) ਵਜੋਂ ਦੱਸੀ ਜਾ ਰਹੀ ਹੈ, ਜੋ ਕਿ ਕਰੀਬ 5-6 ਮਹੀਨਿਆਂ ਤੋਂ ਇੱਥੇ ਕੰਮ ਕਰ ਰਿਹਾ ਸੀ।ਸੂਤਰਾਂ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਕਾਲੂ ਸ਼ਾਹ ਜੋ ਕਿ ਤਿੰਨ ਛੋਟੇ ਬੱਚਿਆਂ ਦਾ ਪਿਤਾ ਦੱਸਿਆ ਜਾ ਰਿਹਾ ਹੈ, ਲੋਹਾ ਮਿੱਲ ਵਿੱਚ ਕਰੇਨ 'ਤੇ ਕੰਮ ਕਰਦੇ ਸਮੇਂ ਅਚਾਨਕ ਕਰੇਨ ਤੋਂ ਡਿੱਗ ਗਿਆ, ਜਿਸ ਨੂੰ ਤੁਰੰਤ ਇਲਾਜ ਲਈ ਸਥਾਨਕ ਸਰਕਾਰੀ ਹਸਪਤਾਲ 'ਚ ਲਿਜਾਇਆ ਗਿਆ, ਜਿੱਥੇ ਡਿਊਟੀ 'ਤੇ ਡਾਕਟਰਾਂ ਨੇ ਚੈੱਕ ਕਰਨ ਉਪਰੰਤ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ।

ਮ੍ਰਿਤਕ ਦੀ ਲਾਸ਼ ਨੂੰ ਹਸਪਤਾਲ ਦੀ ਮੋਰਚਰੀ 'ਚ ਰਖਵਾ ਕੇ ਮੰਡੀ ਗੋਬਿੰਦਗੜ੍ਹ ਪੁਲਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

## ਸ਼ਹੀਦ ਪੁਲਸ ਕਰਮਚਾਰੀਆਂ ਦੀ ਯਾਦ 'ਚ ਵਿਸ਼ੇਸ਼ ਖੇਡ ਮੁਕਾਬਲੇ ਕਰਵਾਏ



**ਫ਼ਰੀਦਕੋਟ/ਕੋਟਕਪੂਰਾ (ਐਲਿਗਜੈਂਡਰ ਡਿਸੂਜ਼ਾ)**

ਡਿਊਟੀ ਦੌਰਾਨ ਸ਼ਹੀਦ ਹੋਏ ਪੁਲਸ ਅਧਿਕਾਰੀਆਂ/ਕਰਮਚਾਰੀਆਂ ਦੀਆਂ ਮਹਾਨ ਕੁਰਬਾਨੀਆਂ ਨੂੰ ਸਿਜਦਾ ਕਰਦਿਆਂ ਫਰੀਦਕੋਟ ਪੁਲਸ ਵੱਲੋਂ 21 ਅਕਤੂਬਰ ਤੋਂ 31 ਅਕਤੂਬਰ 2025 ਤੱਕ ਜ਼ਿਲ੍ਹੇ ਭਰ ਵਿੱਚ ਵੱਖ-ਵੱਖ ਸਮਾਗਮ ਆਯੋਜਿਤ ਕੀਤੇ ਜਾ ਰਹੇ ਹਨ।ਇਸੇ ਲੜੀ ਤਹਿਤ ਕੋਟਕਪੂਰਾ ਵਿਖੇ ਸ਼ਹੀਦ ਪੁਲਸ ਕਰਮਚਾਰੀਆਂ ਦੀ ਯਾਦ ਵਿੱਚ ਵਿਸ਼ੇਸ਼ ਖੇਡ ਮੁਕਾਬਲੇ ਕਰਵਾਏ ਗਏ।ਇਸ ਦੌਰਾਨ ਬੱਚਿਆਂ ਦੇ ਟੇਬਲ ਟੈਨਿਸ ਤੇ ਕੁਸ਼ਤੀ ਦੇ ਖੇਡ ਮੈਚ ਕਰਵਾਏ ਗਏ। ਸਮਾਗਮ ਵਿੱਚ ਸ੍ਰੀ ਸੰਜੀਵ ਕੁਮਾਰ ਡੀ.ਐੱਸ.ਪੀ. (ਸਬ-ਡਵੀਜ਼ਨ) ਕੋਟਕਪੂਰਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਤੇ ਖਿਡਾਰੀਆਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਨੂੰ ਅਨੁਸ਼ਾਸਨ, ਟੀਮ ਵਰਕ ਤੇ ਸਮਰਪਣ ਦੀ ਮਹੱਤਤਾ ਬਾਰੇ ਪ੍ਰੇਰਿਤ ਕੀਤਾ।ਡਾ. ਪ੍ਰਗਿਆ ਜੈਨ, ਐੱਸ.ਐੱਸ.ਪੀ. ਫਰੀਦਕੋਟ ਨੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਸ਼ਹੀਦ ਪੁਲਸ ਅਧਿਕਾਰੀਆਂ ਤੇ ਕਰਮਚਾਰੀਆਂ ਦੀਆਂ ਕੁਰਬਾਨੀਆਂ ਸਾਡੇ ਸਾਰਿਆਂ ਲਈ ਮਾਣ ਤੇ ਪ੍ਰੇਰਣਾ ਦਾ ਸਰੋਤ ਹਨ।ਉਨ੍ਹਾਂ ਕਿਹਾ ਕਿ ਇਹ ਸਮਾਗਮ ਸਿਰਫ਼ ਖੇਡ ਮੁਕਾਬਲਿਆਂ ਤੱਕ ਹੀ ਸੀਮਤ ਨਹੀਂ ਹਨ, ਸਗੋਂ ਨੌਜਵਾਨਾਂ ਵਿੱਚ ਟੀਮ ਵਰਕ, ਅਨੁਸ਼ਾਸਨ ਤੇ ਸ਼ਹੀਦਾਂ ਦੀਆਂ ਅਮਰ ਕੁਰਬਾਨੀਆਂ ਨੂੰ ਸਦਾ ਯਾਦ ਰੱਖਣ ਦੀ ਭਾਵਨਾ ਨੂੰ ਪ੍ਰਗਟ ਕਰਨ ਦਾ ਮੌਕਾ ਵੀ ਦਿੰਦੇ ਹਨ।ਉਨ੍ਹਾਂ ਇਹ ਵੀ ਦੱਸਿਆ ਕਿ 31 ਅਕਤੂਬਰ ਤੱਕ ਅਜਿਹੇ ਸਮਾਗਮ ਲਗਾਤਾਰ ਜਾਰੀ ਰਹਿਣਗੇ।ਸ੍ਰੀ ਸੰਜੀਵ ਕੁਮਾਰ ਡੀ.ਐੱਸ.ਪੀ. ਕੋਟਕਪੂਰਾ ਨੇ ਕਿਹਾ ਕਿ ਇਹ ਸਮਾਗਮ ਸਾਡੇ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਯਾਦ ਕਰਨ ਤੇ ਨਵੀਂ ਪੀੜ੍ਹੀ ਵਿੱਚ ਦੇਸ਼ਭਗਤੀ ਦੀ ਭਾਵਨਾ ਜਗਾਉਣ ਦਾ ਖਾਸ ਮੌਕਾ ਹੁੰਦਾ ਹੈ।ਉਨ੍ਹਾਂ ਕਿਹਾ ਕਿ ਇਨ੍ਹਾਂ ਖੇਡ ਮੁਕਾਬਲਿਆਂ ਰਾਹੀਂ ਨਵੀਂ ਪੀੜ੍ਹੀ ਨੂੰ ਖੇਡਾਂ ਦੇ ਨਾਲ-ਨਾਲ ਦੇਸ਼ ਪ੍ਰਤੀ ਜਜ਼ਬੇ ਤੇ ਸਮਰਪਣ ਦੀ ਭਾਵਨਾ ਹੋਰ ਮਜ਼ਬੂਤ ਹੁੰਦੀ ਹੈ।ਇਨ੍ਹਾਂ ਸਮਾਗਮਾਂ ਦਾ ਮੁੱਖ ਉਦੇਸ਼ ਸ਼ਹੀਦ ਸੂਰਮਿਆਂ ਦੀਆਂ ਅਮਰ ਕੁਰਬਾਨੀਆਂ ਨੂੰ ਯਾਦ ਕਰਨਾ ਤੇ ਨਵੀਂ ਪੀੜ੍ਹੀ ਨੂੰ ਸੇਵਾ, ਸਮਰਪਣ ਤੇ ਦੇਸ਼ ਭਗਤੀ ਦੇ ਮੂਲਾਂ ਨਾਲ ਜੋੜਨਾ ਹੈ।

## ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤੀ ਦੇ ਆਗੂਆਂ ਡੀ ਸੀ ਨੂੰ ਮੰਗ ਪੱਤਰ ਸੌਂਪਿਆ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਪਟਿਆਲਾ ਜ਼ਿਲ੍ਹੇ ਦੀ ਸੀਨੀਅਰ ਲੀਡਰਸ਼ਿਪ ਤੇ ਆਗੂ ਸਾਹਿਬਾਨਾਂ ਦੇ ਵਫ਼ਦ ਨਾਲ ਪਟਿਆਲਾ ਦੇ ਡੀ.ਸੀ ਡਾ. ਪ੍ਰੀਤੀ ਯਾਦਵ ਨਾਲ ਮੁਲਾਕਾਤ ਕਰ ਮੈਮੋਰੰਡਮ ਸੌਂਪਿਆ ਗਿਆ, ਜਿਸ 'ਚ ਕੇਂਦਰ ਅਤੇ ਪੰਜਾਬ ਸਰਕਾਰ ਨੂੰ ਪਿਛਲੇ ਸਮੇਂ ਪੰਜਾਬ ਦੇ ਕਈ ਹਿੱਸਿਆਂ ਵਿੱਚ ਆਏ ਹੜ੍ਹਾਂ ਕਾਰਣ ਫਸਲਾਂ, ਘਰਾਂ ਤੇ ਪਸ਼ੂਆਂ ਦਾ ਭਾਰੀ ਨੁਕਸਾਨ ਬਾਰੇ ਜਾਣੂ ਕਰਵਾਇਆ। ਇਸ ਦੇ ਨਾਲ ਹੀ, ਪੰਜਾਬ ਦੇ ਵੱਡੇ ਹਿੱਸੇ ਵਿੱਚ ਝੋਨੇ ਦੀ ਫ਼ਸਲ ਉੱਤੇ ਹਲਦੀ ਤੇ ਚਾਈਨਾ ਵਾਇਰਸ ਦੇ ਰੋਗ ਨਾਲ ਵੱਡਾ ਨੁਕਸਾਨ ਹੋਇਆ ਹੈ, ਜਿਸ ਕਾਰਨ ਔਸਤਨ ਝਾੜ 40 ਫ਼ੀਸਦ ਤੱਕ ਘਟ ਰਿਹਾ ਹੈ, ਜਿਸ ਕਰਕੇ ਕਿਸਾਨ ਆਰਥਿਕ ਪੱਖੋਂ ਬੁਰੀ ਤਰ੍ਹਾਂ ਪੀੜਤ ਹੋਏ।ਸਰਕਾਰ ਨੂੰ ਹੜ੍ਹਾਂ ਨਾਲ ਬੁਰੀ ਤਰ੍ਹਾਂ ਪ੍ਰਭਾਵਤ ਸਾਰੇ ਕਿਸਾਨਾਂ ਨੂੰ ਤੁਰੰਤ ਆਰਥਿਕ ਮੁਆਵਜ਼ਾ ਦੇਣ ਦੀ ਮੰਗ ਕੀਤੀ।

## ਫੌਜੀ ਸੁਖਦੇਵ ਸਿੰਘ ਇੰਸਾਂ ਦੀ ਬਰਸੀ 'ਤੇ ਦਿੱਤਾ ਰਾਸ਼ਨ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਬਲਾਕ ਭੁੱਚੋ ਮੰਡੀ ਦੇ ਪਿੰਡ ਚੱਕ ਬਖਤੂ ਦੇ ਵਸਨੀਕ ਸੱਚਖੰਡ ਵਾਸੀ ਪ੍ਰੇਮੀ ਸੁਖਦੇਵ ਸਿੰਘ ਇੰਸਾਂ ਫੌਜੀ ਦੀ ਬਰਸੀ ਨੂੰ ਮਨਾਉਂਦੇ ਹੋਏ ਉਸ ਦੇ ਪਰਿਵਾਰਕ ਮੈਂਬਰਾਂ ਵੱਲੋਂ 2 ਲੋੜਵੰਦ ਪਰਵਾਰਾਂ ਨੂੰ ਇੱਕ-ਇੱਕ ਮਹੀਨੇ ਦਾ ਰਾਸ਼ਨ ਦਿੱਤਾ ਗਿਆ। ਬਲਾਕ ਪ੍ਰੇਮੀ ਸੇਵਕ ਰਣਜੀਤ ਸਿੰਘ ਇੰਸਾਂ ਲਹਿਰਾ ਮੁਹੱਬਤ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਫੌਜੀ ਸੁਖਦੇਵ ਸਿੰਘ ਇੰਸਾਂ ਦੀ ਬਰਸੀ 'ਤੇ ਪਰਿਵਾਰਕ ਮੈਂਬਰਾਂ ਅੰਮ੍ਰਿਤਪਾਲ ਸਿੰਘ ਇੰਸਾਂ, ਅਮਨਦੀਪ ਸਿੰਘ ਇੰਸਾਂ ਤੇ ਛਿੰਦਰਪਾਲ ਕੌਰ ਇੰਸਾਂ ਆਦਿ ਨੇ ਪੂਜਨੀਕ ਗੁਰੂ ਸੰਤ ਡਾ. ਗੁਰਮੀਤ ਰਾਮ ਰਹੀਮ ਸਿੰਘ ਜੀ ਇੰਸਾਂ ਦੀ ਪਾਵਨ ਸਿੱਖਿਆ 'ਤੇ ਚਲਦੇ ਹੋਏ ਲੋੜਵੰਦ ਪਰਵਾਰਾਂ ਨੂੰ ਰਾਸ਼ਨ ਦਿੱਤਾ। ਰਾਸ਼ਨ ਲੈਣ ਵਾਲੇ ਪਰਵਾਰਾਂ ਨੇ ਪ੍ਰੇਮੀ ਪਰਵਾਰ ਦਾ ਧੰਨਵਾਦ ਕੀਤਾ। ਇਸ ਮੌਕੇ ਸ਼ਾਹ ਸਤਿਨਾਮ ਜੀ ਗਰੀਨ ਐੱਸ ਵੈੱਲਫੇਅਰ ਕਮੇਟੀ ਦੇ ਸੇਵਾਦਾਰ ਹਾਜ਼ਰ ਸਨ।

## 'ਆਪ' ਉਮੀਦਵਾਰ ਹਰਮੀਤ ਸੰਧੂ ਰਿਕਾਰਡ ਵੋਟਾਂ ਨਾਲ ਜਿੱਤੇਗਾ : ਸੰਧੂ



**ਮਮਦੋਟ (ਜਸਬੀਰ ਸਿੰਘ ਕੰਬੋਜ)**-ਵਿਧਾਨ ਸਭਾ ਹਲਕਾ ਤਰਨ ਤਾਰਨ ਦੀ ਹੋ ਰਹੀ ਜ਼ਿਮਨੀ ਚੋਣ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਹਰਮੀਤ ਸਿੰਘ ਸੰਧੂ ਦੇ ਹੱਕ ਵਿੱਚ ਆਮ ਆਦਮੀ ਪਾਰਟੀ ਦੀ ਹਲਕਾ ਫਿਰੋਜ਼ਪੁਰ ਦਿਹਾਤੀ ਦੀ ਟੀਮ ਵੱਲੋਂ ਬੜੇ ਜ਼ੋਰਾਂ ਸ਼ੋਰਾਂ ਨਾਲ ਚੋਣ ਪ੍ਰਚਾਰ ਕੀਤਾ ਜਾ ਰਿਹਾ ਹੈ।ਆਪ ਹਾਈ ਕਮਾਂਡ ਵੱਲੋਂ ਲਗਾਈ ਗਈ ਜ਼ਿੰਮੇਵਾਰੀ ਤਹਿਤ ਵਿਧਾਨ ਸਭਾ ਹਲਕਾ ਤਰਨ ਤਾਰਨ ਦੇ ਪਿੰਡ ਸਰਾਏ ਅਮਾਨਤ ਖਾਂ ਤੇ ਲਹੀਆਂ ਵਿੱਚ ਆਪ ਫਿਰੋਜ਼ਪੁਰ ਦਿਹਾਤੀ ਦੀ ਟੀਮ ਵੱਲੋਂ ਚੋਣ ਪ੍ਰਚਾਰ ਕੀਤਾ ਗਿਆ।ਇਸ ਮੌਕੇ ਗੱਲਬਾਤ ਕਰਦੇ ਹੋਏ ਬਲਰਾਜ ਸਿੰਘ ਸੰਧੂ ਚੇਅਰਮੈਨ ਮਾਰਕੀਟ ਕਮੇਟੀ ਮਮਦੋਟ ਤੇ ਬੇਅੰਤ ਸਿੰਘ ਹਕੂਮਤ ਸਿੰਘ ਵਾਲਾ ਚੇਅਰਮੈਨ ਮਾਰਕੀਟ ਕਮੇਟੀ ਫਿਰੋਜ਼ਪੁਰ ਛਾਉਣੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਦਾ ਉਮੀਦਵਾਰ ਰਿਕਾਰਡ ਤੋੜ ਵੋਟਾਂ ਨਾਲ ਜਿੱਤ ਹਾਸਿਲ ਕਰੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਉਨ੍ਹਾਂ ਨਾਲ ਜਸਵੰਤ ਸਿੰਘ ਰਿੰਕੂ ਸੋਢੀ ਗੁਰੂ ਹਰਸਹਾਏ, ਕੁਲਦੀਪ ਸਿੰਘ ਸਮਰਾ ਤਾਰੇਵਾਲਾ, ਹਰਪਾਲ ਸਿੰਘ ਸਰਪੰਚ ਲੋਹੀਆਂ, ਗੁਰਜੀਤ ਸਿੰਘ ਢਿੱਲੋਂ ਸਰਾਏ ਅਮਾਨਤ ਖਾਂ, ਬਚਿੱਤਰ ਸਿੰਘ ਸਾਬਕਾ ਸਰਪੰਚ ਸਰਾਏ ਅਮਾਨਤ ਖਾਂ, ਗੁਰਵੇਲ ਸਿੰਘ ਢਿੱਲੋਂ ਲੋਹੀਆਂ ਅਤੇ ਹੋਰ ਬਹੁਤ ਸਾਰੇ ਆਗੂ ਤੇ ਵਰਕਰ ਹਾਜ਼ਰ ਸਨ।

## ਮੇਅਰ ਗੋਗੀਆ ਵੱਲੋਂ ਸ਼ਹਿਰ 'ਚ ਸੜਕਾਂ ਦੇ ਨਿਰਮਾਣ ਦਾ ਉਦਘਾਟਨ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪਟਿਆਲਾ ਸ਼ਹਿਰ ਵਿੱਚ ਵਿਕਾਸ ਦੇ ਕੰਮਾਂ ਨੂੰ ਨਵੀਂ ਰਫ਼ਤਾਰ ਮਿਲ ਰਹੀ ਹੈ। ਸ਼ਹੀਦ ਭਗਤ ਸਿੰਘ ਚੌਕ ਤੋਂ ਲੈ ਕੇ ਮਹਿੰਦਰਾ ਕਾਲਜ ਤੱਕ ਸੜਕ ਨਿਰਮਾਣ ਪ੍ਰੋਜੈਕਟ ਦਾ ਉਦਘਾਟਨ ਮੇਅਰ ਕੁੰਦਨ ਗੋਗੀਆ ਵੱਲੋਂ ਕੀਤਾ ਗਿਆ।ਲਗਭਗ 57 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਹੋਣ ਵਾਲੀ ਇਹ ਸੜਕ ਸ਼ਹਿਰ ਦੇ ਸਭ ਤੋਂ ਵਿਅਸਤ



ਰਾਸਤਿਆਂ ਵਿੱਚੋਂ ਇੱਕ ਹੈ, ਜਿਸ ਨਾਲ ਹਜ਼ਾਰਾਂ ਵਾਹਨ ਹਰ ਰੋਜ਼ ਗੁਜ਼ਰਦੇ ਹਨ।ਇਸ ਮੌਕੇ ਮੇਅਰ ਗੋਗੀਆ ਨੇ ਕਿਹਾ ਕਿ ਪਟਿਆਲਾ ਸ਼ਹਿਰ ਦੀਆਂ ਸੜਕਾਂ, ਗਲੀਆਂ ਤੇ ਡਰੇਨ ਸਿਸਟਮ ਨੂੰ ਆਧੁਨਿਕ ਬਣਾਉਣ ਲਈ ਮਿਊਂਸਪਲ ਕਾਰਪੋਰੇਸ਼ਨ ਵੱਲੋਂ ਕਈ ਪ੍ਰੋਜੈਕਟ ਸ਼ੁਰੂ ਕੀਤੇ ਗਏ ਹਨ।ਉਨ੍ਹਾਂ ਕਿਹਾ ਕਿ ਇਹ ਸੜਕ ਸਿਰਫ਼ ਆਵਾਜਾਈ ਨੂੰ ਸੁਗਮ ਨਹੀਂ ਕਰੇਗੀ, ਸਗੋਂ ਸੜਕ ਦੇ ਨਾਲ ਲੱਗੇ ਵਪਾਰਕ ਇਲਾਕਿਆਂ ਤੇ ਮਹਿੰਦਰਾ ਕਾਲਜ ਦੇ ਵਿਦਿਆਰਥੀਆਂ ਲਈ ਵੀ ਵੱਡੀ ਸੁਵਿਧਾ ਸਾਬਿਤ ਹੋਵੇਗੀ।ਮੇਅਰ ਨੇ ਕਿਹਾ ਕਿ ਵਿਕਾਸ ਕੰਮਾਂ ਵਿੱਚ ਪਾਰਦਰਸ਼ਤਾ ਤੇ ਗੁਣਵੱਤਾ ਉਨ੍ਹਾਂ ਦੀ ਪਹਿਲੀ ਤਰਜੀਹ ਹੈ।ਸੜਕ ਦੀ ਮਜ਼ਬੂਤੀ ਤੇ ਲੰਬੇ ਸਮੇਂ ਦੀ ਟਿਕਾਊਤਾ ਨੂੰ ਯਕੀਨੀ ਬਣਾਉਣ ਲਈ ਵਿਸ਼ੇਸ਼ ਤੌਰ 'ਤੇ ਉੱਚ ਗੁਣਵੱਤਾ ਵਾਲਾ ਮਟੀਰੀਅਲ ਵਰਤਿਆ ਜਾ ਰਿਹਾ ਹੈ।ਉਨ੍ਹਾਂ ਸ਼ਹਿਰ ਵਾਸੀਆਂ ਨੂੰ ਭਰੋਸਾ ਦਿਵਾਇਆ ਕਿ ਕਿਸੇ ਵੀ ਇਲਾਕੇ ਨੂੰ ਵਿਕਾਸ ਤੋਂ ਅਣਛੂਹਤਾ ਨਹੀਂ ਰਹਿਣ ਦਿੱਤਾ ਜਾਵੇਗਾ।ਇਸ ਮੌਕੇ ਨਗਰ ਨਿਗਮ ਦੇ ਕਮਿਸ਼ਨਰ, ਇੰਜੀਨੀਅਰਿੰਗ ਵਿਭਾਗ ਦੇ ਅਧਿਕਾਰੀ, ਕੌਂਸਲਰ ਤੇ ਵੱਡੀ ਗਿਣਤੀ ਵਿੱਚ ਸ਼ਹਿਰ ਵਾਸੀ ਮੌਜੂਦ ਸਨ।ਸ਼ਹਿਰ ਵਾਸੀਆਂ ਨੇ ਮੇਅਰ ਗੋਗੀਆ ਦੇ ਵਿਕਾਸ ਯਤਨਾਂ ਦੀ ਖੁੱਲ੍ਹ ਕੇ ਸ਼ਲਾਘਾ ਕੀਤੀ ਤੇ ਕਿਹਾ ਕਿ ਲੰਬੇ ਸਮੇਂ ਤੋਂ ਪੈਂਡਿੰਗ ਪਏ ਕੰਮ ਹੁਣ ਤੇਜ਼ੀ ਨਾਲ ਮੁਕੰਮਲ ਹੋ ਰਹੇ ਹਨ।ਉਨ੍ਹਾਂ ਕਿਹਾ ਕਿ ਸ਼ਹਿਰ ਦੀ ਸੁੰਦਰਤਾ ਤੇ ਸਹੂਲਤਾਂ ਵਿੱਚ ਆ ਰਹੇ ਸੁਧਾਰਾਂ ਨਾਲ ਪਟਿਆਲਾ ਦਾ ਚਿਹਰਾ ਬਦਲ ਰਿਹਾ ਹੈ।ਸ਼ਹਿਰ ਵਾਸੀਆਂ ਵੱਲੋਂ ਮੇਅਰ ਗੋਗੀਆ ਨੂੰ ਇਸ ਪ੍ਰੋਜੈਕਟ ਲਈ ਧੰਨਵਾਦ ਦਿੱਤਾ ਗਿਆ ਤੇ ਉਮੀਦ ਜਤਾਈ ਗਈ ਕਿ ਇਸੇ ਤਰ੍ਹਾਂ ਸ਼ਹਿਰ ਦੇ ਹੋਰ ਇਲਾਕਿਆਂ ਵਿੱਚ ਵੀ ਵਿਕਾਸ ਦੇ ਕੰਮ ਜਾਰੀ ਰਹਿਣਗੇ।

## ਰਿਟਾਇਰਡ ਟੀਚਰਜ਼ ਤੇ ਪੈਨਸ਼ਨਰਜ਼ ਐਸੋਸੀਏਸ਼ਨ ਦੀ ਮੀਟਿੰਗ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਰਿਟਾਇਰਡ ਟੀਚਰਜ਼ ਤੇ ਪੈਨਸ਼ਨਰਜ਼ ਐਸੋਸੀਏਸ਼ਨ ਰਜਿ. ਵਿਖੇ ਮਾਸਕ ਮੀਟਿੰਗ ਬੁਲਾਈ ਗਈ। ਮੀਟਿੰਗ 'ਚ ਵੱਡੀ ਗਿਣਤੀ ਵਿਚ ਸਾਥੀਆਂ ਨੇ ਭਾਗ ਲਿਆ। ਇਸ 'ਚ ਜਥੇਬੰਦੀ ਸਰਗਰਮੀਆਂ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਦੇਸ਼ ਤੇ ਸਟੇਟ ਵਿਚ ਸਾਂਝੇ ਮੋਰਚੇ ਵੱਲੋਂ ਪੈਨਸ਼ਨ ਚੋਰ, ਗੱਦੀ ਛੋੜ, ਡੀਏ ਚੋਰ, ਝੂਠੇ ਲੀਡਰਾਂ ਦੇ ਨਾਅਰਿਆਂ ਪ੍ਰਤੀ ਸਰਗਰਮੀ ਰਹੀ, ਜਿਥੇ ਦੇਸ਼ ਵਿਚ ਵੱਡੇ-ਵੱਡੇ ਇਕੱਠ ਕਰਕੇ ਪੈਨਸ਼ਨਰਾਂ ਨੇ ਪੁਰਾਣੀ ਪੈਨਸ਼ਨ ਬਹਾਲ ਕਰੋ, ਪੁਰਾਣੀ ਪੈਨਸ਼ਨ ਸਾਡਾ ਸਵਾਭਿਆਨ ਹੈ, ਦੇ ਨਾਅਰੇ ਆਮ ਲੋਕਾਂ ਦੀ ਜੁਬਾਨ 'ਤੇ ਹਨ। ਪਿਛਲੀਆਂ ਸਰਕਾਰਾਂ ਵੱਲੋਂ ਖੋਹੇ ਹੋਏ ਭੱਤਿਆਂ ਨੂੰ ਬਹਾਲ ਕਰੋ। ਕਈ ਅਦਾਲਤੀ ਫੈਸਲੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੇ ਹੱਕ ਵਿਚ ਆਏ, ਪਰ ਸਰਕਾਰਾਂ ਇਸ ਨੂੰ ਲਾਗੂ ਕਰਨ 'ਚ ਨਾਕਾਮ ਰਹੀਆਂ। ਅਜੋਕੇ ਸਮੇਂ ਵਿਚ ਆਉਣ ਵਾਲੀਆਂ ਚੋਣਾਂ ਵਿਚ ਸਰਕਾਰ ਤੇ ਦਬਾਅ ਬਣਾ ਕੇ ਹੀ ਕੁਝ ਮਿਲ ਸਕਦਾ ਹੈ। ਜਿਵੇਂ ਕਿ ਬਾਕੀ ਕਈ ਸਟੇਟਾਂ ਨੇ ਡੀਏ ਦੀਆਂ ਕਿਸ਼ਤਾਂ ਦਿੱਤੀਆਂ ਹਨ ਤੇ ਬਕਾਏ ਬਾਰੇ ਵੀ ਕਿਹਾ ਹੈ, ਪਰ ਸਾਡੀ ਪੰਜਾਬ ਸਰਕਾਰ ਇਸ ਤੋਂ ਲਗਾਤਾਰ ਚੁੱਪ ਧਾਰੀ ਬੈਠੀ ਹੈ। ਜਥੇਬੰਦੀ ਦੇ ਪ੍ਰਧਾਨ ਨਛੱਤਰ ਸਿੰਘ ਨੇ ਆਪਣੇ ਵਿਚਾਰ ਰੱਖੇ। ਸਾਥੀ ਦੀਵਾਨ ਚੰਦ ਸੁਖੀਜਾ ਨੇ ਸਰਕਾਰਾਂ ਦੀ ਕਾਰਗੁਜ਼ਾਰੀ ਤੇ ਪੈਨਸ਼ਨਰ ਸਾਥੀਆਂ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ। ਸਾਥੀ ਨੱਥੂ ਰਾਮ ਨੇ ਅਪਾਣੇ ਵਤਿਾ ਰਹੀਂ ਅਗਾਂਹਵਧੂ ਵਿਚਾਰਾਂ ਦਾ ਪ੍ਰਗਟਾਵਾ ਕੀਤਾ।

## ਸ਼ਹੀਦੀ ਨਗਰ ਕੀਰਤਨ ਦੀਆਂ ਤਿਆਰੀਆਂ ਲਈ ਮੀਟਿੰਗਾਂ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਹਿਬ ਤੇ ਉਨ੍ਹਾਂ ਨਾਲ ਦਿੱਲੀ ਵਿੱਚ ਸ਼ਹੀਦ ਹੋਏ ਸਿੰਘਾਂ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਤ ਸਜਾਏ ਜਾ ਰਹੇ ਨਗਰ ਕੀਰਤਨ ਦਾ ਪਾਤੜਾਂ ਇਲਾਕੇ 'ਚ ਪੁੱਜਣ 'ਤੇ ਸਵਾਗਤ ਕਰਨ ਲਈ ਧਰਮ ਪ੍ਰਚਾਰ ਕਮੇਟੀ ਤਖਤ ਸ੍ਰੀ ਦਮਦਮਾ ਸਹਿਬ ਦੇ ਇੰਚਾਰਜ ਭੋਲਾ ਸਿੰਘ ਦੀ ਅਗਵਾਈ 'ਚ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ।ਸ਼ਹਿਰ ਦੇ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਦਾਰ ਸਹਿਬ ਦੀ ਪ੍ਰਬੰਧਕ ਕਮੇਟੀ ਨਾਲ ਕੀਤੀ ਗਈ ਮੀਟਿੰਗ ਮਗਰੋਂ ਧਰਮ ਪ੍ਰਚਾਰ ਕਮੇਟੀ ਦੇ ਇੰਚਾਰਜ ਭੋਲਾ ਸਿੰਘ, ਸੁਪਰਵਾਇਜ਼ਰ ਗੁਰਮੀਤ ਸਿੰਘ, ਜਗਮੀਤ ਸਿੰਘ ਹਰਿਆਉ ਜਿਲ੍ਹਾ ਪ੍ਰਧਾਨ ਅਕਾਲੀ ਦਲ ਤੇ ਐਸਜੀਪੀਸੀ ਪ੍ਰਚਾਰਕ ਬੇਅੰਤ ਸਿੰਘ ਨੇ ਦੱਸਿਆ ਕਿ ਕਸ਼ਮੀਰ ਦੇ ਪੰਡਤਾਂ ਦੀ ਪੁਕਾਰ ਸੁਣ ਕੇ ਉਨ੍ਹਾਂ ਦੇ ਤਿਲਕ ਜੰਜੂ ਨੂੰ ਬਚਾਉਣ ਲਈ ਦਿੱਲੀ 'ਚ ਜਾ ਕੇ ਸ਼ਹੀਦ ਹੋਏ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ, ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਦੇ 350 ਸਾਲਾ ਸ਼ਹੀਦੀ ਸ਼ਤਬਾਦੀ ਦੇ ਸਬੰਧ ਵਿੱਚ ਅਤੇ ਗੁਰੂ ਗੋਬਿਦ ਸਿੰਘ ਜੀ ਦੇ 350 ਸਾਲਾ ਗੁਰਿਆਈ ਦਿਵਸ ਨੂੰ ਸਮਰਪਤ ਸ਼ਹੀਦੀ ਨਗਰ ਕੀਰਤਨ ਗੁਰਦੁਆਰਾ ਧੋਬਤੀ ਸਾਹਿਬ ਅਸਾਮ ਤੋਂ ਆਰੰਭ ਹੋ ਕੇ ਤਖਤ ਸ੍ਰੀ ਆਨੰਦਪੁਰ ਸਾਹਿਬ ਜਾ ਰਿਹਾ ਹੈ।29 ਅਕਤੂਬਰ ਨੂੰ ਦਿਨ ਦੇ ਕਰੀਬ 2 ਵਜੇ ਪਾਤੜਾਂ ਇਲਾਕੇ 'ਚ ਪੁੱਜਣ 'ਤੇ ਇਸ ਦਾ ਸਵਾਗਤ ਸਾਰੇ ਧਰਮਾਂ ਤੇ ਅਤੇ ਰਾਜਨੀਤਕ ਪੱਧਰ ਤੋਂ ਉਪਰ ਉੱਠ ਕੇ ਸਮੁੱਚੀ ਸੰਗਤ ਵੱਲੋਂ ਕੀਤਾ ਜਾ ਰਿਹਾ ਹੈ ਤੇ ਸੰਗਤਾਂ ਇਸ ਨਗਰ ਕੀਰਤਨ ਦੇ ਦਰਸ਼ਨ ਕਰਨ ਲਈ ਕਾਫੀ ਉਤਵਾਲੀਆਂ ਹਨ।ਜ਼ਿਲ੍ਹਾ ਪ੍ਰਧਾਨ ਜਗਮੀਤ ਸਿੰਘ ਹਰਿਆਉ ਨੇ ਦੱਸਿਆ ਕਿ ਪਿੰਡ ਖਾਨੇਵਾਲ ਤੋਂ ਪਟਿਆਲਾ ਜ਼ਿਲ੍ਹੇ 'ਚ ਦਾਖਲ ਹੋਣ ਤੇ ਇਲਾਕੇ ਦੀਆਂ ਸੰਗਤਾਂ ਵੱਲੋਂ ਬਹੁਤ ਹੀ ਸ਼ਾਨਦਾਰ ਸਵਾਗਤ ਕੀਤਾ ਜਾਵੇਗਾ, ਜਦੋਂ ਕਿ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਕਰਮਜੀਤ ਸਿੰਘ ਕਾਲੋਕਾ ਨੇ ਦੱਸਿਆ ਕਿ ਪਾਤੜਾਂ ਵਿਖੇ ਪੁੱਜੇ ਨਗਰ ਕੀਰਤਨ ਦਾ ਬਹੁਤ ਹੀ ਸ਼ਰਧਾ ਨਾਲ ਜਿੱਥੇ ਸਵਾਗਤ ਕੀਤਾ ਜਾਵੇਗਾ, ਉੱਥੇ ਹੀ ਨਗਰ ਕੀਰਤਨ 'ਚ ਸ਼ਾਮਲ ਸੰਗਤਾਂ ਲਈ ਲੰਗਰ ਦਾ ਪ੍ਰਬੰਧ ਵੀ ਕੀਤਾ ਜਾ ਰਿਹਾ ਹੈ।

# ਸਾਬਕਾ ਸੈਨਿਕਾਂ ਨੂੰ ਕਿਸੇ ਕਿਸਮ ਦੀ ਕੋਈ ਪ੍ਰੇਸ਼ਾਨੀ ਨਹੀਂ ਆਉਣ ਦਿੱਤੀ ਜਾਵੇਗੀ : ਬ੍ਰਿਗੇਡੀਅਰ ਨਿੱਝਰ

ਡੇਰਾ ਬਾਬਾ ਨਾਨਕ-(ਰਮੇਸ਼ ਸ਼ਰਮਾ) ਸ਼ਹੀਦ ਸਿਪਾਹੀ ਰਘਬੀਰ ਸਿੰਘ (ਸੈਨਾ ਮੈਡਲ) ਕਮਿਊਨਿਟੀ ਹਾਲ ਸੈਨਿਕ ਸਦਨ ਡੇਰਾ ਬਾਬਾ ਨਾਨਕ ਵਿਖੇ ਹੜ੍ਹ ਪ੍ਰਭਾਵਿਤ ਖੇਤਰ ਡੇਰਾ ਬਾਬਾ ਨਾਨਕ ਦੇ ਨਾਲ ਲੱਗਦੇ ਵੱਖ-ਵੱਖ ਪਿੰਡਾਂ ਦੇ ਸਾਬਕਾ ਸੈਨਿਕਾਂ ਵੱਲੋਂ ਇੱਕ ਵਿਸ਼ੇਸ਼ ਮੀਟਿੰਗ ਬਲਾਕ ਪ੍ਰਧਾਨ ਰਸਾਲਦਾਰ ਬਲਬੀਰ ਸਿੰਘ ਦੀ ਪ੍ਰਧਾਨਗੀ ਹੇਠ ਰੱਖੀ ਗਈ। ਇਸ ਮੌਕੇ ਗੋਰਖਾ ਰੈਜੀਮੈਂਟ ਦੇ ਸਾਬਕਾ ਬ੍ਰਿਗੇਡੀਅਰ ਅਮਨਦੀਪ ਸਿੰਘ ਨਿੱਝਰ ਅਤੇ ਸਾਬਕਾ ਕਰਨਲ ਐਮ ਐਸ ਕੁਲਾਰ ਨੇ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਹੜ੍ਹ ਪ੍ਰਭਾਵਿਤ ਸਾਬਕਾ ਸੈਨਿਕਾਂ ਅਤੇ ਸ਼ਹੀਦ ਸੈਨਿਕਾਂ ਦੇ ਪਰਿਵਾਰਿਕ ਮੈਂਬਰਾਂ ਨੂੰ ਹੌਸਲਾ ਦਿੰਦੇ ਹੋਏ ਉਨ੍ਹਾਂ ਨੂੰ ਸਹਾਇਤਾ ਰਾਸ਼ੀ ਵੰਡੀ ਗਈ।ਇਸ ਮੌਕੇ ਸੰਬੋਧਨ ਕਰਦਿਆਂ ਗੋਰਖਾ ਰੈਜੀਮੈਂਟ ਦੇ ਸਾਬਕਾ ਬ੍ਰਿਗੇਡੀਅਰ ਅਮਨਦੀਪ ਸਿੰਘ ਨਿੱਝਰ ਅਤੇ ਸਾਬਕਾ ਕਰਨਲ ਐਮ ਐਸ ਕੁਲਾਰ ਨੇ ਕਿਹਾ ਕਿ ਅਸੀਂ ਸਾਰੇ ਇਸ ਮੁਸ਼ਕਲ ਸਮੇਂ ਇੰਡੀਅਨ ਆਰਮੀ ਦੇ ਸਾਬਕਾ ਸੈਨਿਕਾਂ ਅਤੇ ਸ਼ਹੀਦ ਸੈਨਿਕਾਂ ਦੇ ਪਰਵਾਰਾਂ ਨਾਲ ਖੜੇ ਹਾਂ।ਸਾਨੂੰ ਮਾਣ ਹੈ ਕਿ ਸਾਨੂੰ ਦੇਸ਼ ਦੀ ਸੇਵਾ ਕਰਨ ਦਾ ਮੌਕਾ ਮਿਲਿਆ। ਚਾਹੇ ਫਲੱਡ ਦੀ ਮਾਰ ਹੋਵੇ ਚਾਹੇ ਦੇ ਮੁਲਕਾਂ ਦੇ ਵਿੱਚ ਜਦੋਂ ਕੋਈ ਟੈਨਸ਼ਨ ਹੁੰਦੀ ਆ ਜਾ ਲੜਾਈ ਹੁੰਦੀ ਆ ਉਦੋਂ ਇਹ



ਬਾਰਡਰ ਦੇ ਇਲਾਕੇ ਦੇ ਲੋਕ ਸਭ ਤੋਂ ਜ਼ਿਆਦਾ ਸਫਰ ਕਰਦੇ ਹਨ । ਫੌਜ ਵਿੱਚ ਇਹੋ ਜਿਹਾ ਅਦਾਰਾ ਜਿਹੜਾ ਹਜੇ ਵੀ ਖੜ੍ਹਾ ਇਮਾਨਦਾਰੀ ਦੇ ਪੱਧਰ ਦੇ ਉੱਤੇ ਸਾਡੇ ਸਾਰੇ ਅਦਾਰੇ ਚਾਹੇ ਕੋਈ ਵੀ ਲੈ ਲਓ ਉਹਦਾ ਬਿਲਕੁੱਲ ਪਤਨ ਹੋ ਗਿਆ ਹੈ । ਆਖਿਰ ਵਿੱਚ ਇਹ ਛੋਟੀ ਜਿਹੀ ਅਸੀਂ ਮਦਦ ਕਰੀ ਆ ਇਹ ਰਿਟਾਇਰਡ ਸੈਨਿਕ ਅਫਸਰ ਡੇਰਾਬੱਸੀ ਤੋਂ ਉਹਨਾਂ ਨੇ ਆਪਣੀ ਪੈਨਸ਼ਨ ਚੋਂ ਪੈਸੇ ਇਕੱਠੇ ਕਰਕੇ ਡੇਰਾ ਬਾਬਾ ਨਾਨਕ ਗੁਰਦਾਸਪੁਰ ਤੋਂ ਲੈ ਕੇ ਫਿਰੋਜ਼ਪੁਰ ਤੱਕ ਜਿੰਨੇ ਵੀ ਲੋੜਵੰਦ ਲੋਕ ਸੀ ਉਹਨਾਂ ਪ੍ਰਤੀ ਸਾਡੇ ਵੱਲੋਂ ਥੋੜੀ ਜਿਹ ਮਦਦ ਕੀਤੀ ਗਈ ਹੈ। ਬਲਾਕ ਪ੍ਰਧਾਨ ਰਸਾਲਦਾਰ ਬਲਬੀਰ ਸਿੰਘ, ਕੈਪਟਨ ਬਲਵਿੰਦਰ ਸਿੰਘ, ਸੂਬੇਦਾਰ ਮੇਜਰ ਨਿਰੰਜਨ ਸਿੰਘ ਬਾਜਵਾ, ਵਾਈਸ ਪ੍ਰਧਾਨ ਰਣਜੀਤ ਸਿੰਘ ਸ਼ਾਮਪੁਰਾ ਵੱਲੋਂ ਸਾਬਕਾ ਸੈਨਿਕ ਉੱਚ ਅਧਿਕਾਰੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਵਿਸ਼ੇਸ਼ ਉਪਰਾਲਾ ਕਰਕੇ ਸਾਬਕਾ ਸੈਨਿਕਾਂ ਅਤੇ ਸ਼ਹੀਦ ਸੈਨਿਕਾਂ ਦੇ ਪਰਵਾਰਾਂ ਦੀ ਮਦਦ ਕਰਨ ਲਈ ਬਹੁਤ ਵੱਡਾ ਉਪਰਾਲਾ ਕੀਤਾ ਹੈ।

ਇਸ ਮੌਕੇ ਸਾਬਕਾ ਸੂਬੇਦਾਰ ਮੇਜਰ ਨਿਰੰਜਨ ਸਿੰਘ ਬਾਜਵਾ, ਹੌਲਦਾਰ ਮੁਖਤਾਰ ਸਿੰਘ, ਵਾਈਸ ਪ੍ਰਧਾਨ ਰਣਜੀਤ ਸਿੰਘ ਸ਼ਾਮਪੁਰਾ, ਹੌਲਦਾਰ ਕਰਤਾਰ ਸਿੰਘ, ਸਾਬਕਾ ਸੂਬੇਦਾਰ ਮੇਜਰ ਸੁਖਦੇਵ ਸਿੰਘ, ਨਾਇਕ ਤਰਲੋਕ ਸਿੰਘ, ਨਾਇਕ ਲਖਵਿੰਦਰ ਸਿੰਘ, ਰਸਾਲਦਾਰ ਸੂਬੇਦਾਰ ਹਰਭਜਨ ਸਿੰਘ, ਕੈਪਟਨ ਕੁਲਬੀਰ ਸਿੰਘ ਤੋਂ ਇਲਾਵਾ ਸ਼ਹੀਦ ਫੌਜੀ ਜਵਾਨਾਂ ਦੇ ਪਰਵਾਰਿਕ ਮੈਂਬਰ ਹਾਜ਼ਰ ਸਨ।

# ਜ਼ਿਲ੍ਹਾ ਚੋਣ ਅਧਿਕਾਰੀ ਨੇ ਉਪ ਚੋਣ ਦੀਆਂ ਤਿਆਰੀਆਂ ਦਾ ਲਿਆ ਜਾਇਜ਼ਾ

ਪੱਟੀ (ਬਲਦੇਵ ਸਿੰਘ ਸੰਧੂ)-ਤਰਨ ਤਾਰਨ ਦੀ ਉਪ ਚੋਣ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਜ਼ਿਲ੍ਹਾ ਚੋਣ ਅਧਿਕਾਰੀ-ਕਮ-ਡਿਪਟੀ ਕਮਿਸ਼ਨਰ ਰਾਹੁਲ, ਆਈ.ਏ.ਐਸ. ਵੱਲੋਂ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਮੀਟਿੰਗ ਹਾਲ ਵਿਖੇ ਜ਼ਿਮਨੀ ਚੋਣ ਲਈ ਗਠਿਤ ਵੱਖ-ਵੱਖ ਟੀਮਾਂ ਦੇ ਨੋਡਲ ਅਫਸਰਾਂ ਨਾਲ ਮੀਟਿੰਗ ਕੀਤੀ ਗਈ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਰਜਨੀਸ਼ ਸਿੰਘ ਬਰਾੜ, ਰਿਟਰਨਿੰਗ ਅਫਸਰ ਗੁਰਮੀਤ ਸਿੰਘ, ਸਹਾਇਕ ਕਮਿਸ਼ਨਰ ਕਰਨਵੀਰ ਸਿੰਘ ਸਮੇਤ ਹੋਰ ਅਧਿਕਾਰੀ ਵੀ ਹਾਜ਼ਰ ਸਨ।ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਜ਼ਿਲ੍ਹਾ ਚੋਣ ਅਧਿਕਾਰੀ-ਕਮ-ਡਿਪਟੀ ਕਮਿਸ਼ਨਰ ਤਰਨ ਤਾਰਨ ਸ੍ਰ ਰਾਹੁਲ ਨੇ ਅਧਿਕਾਰੀਆਂ ਨੂੰ ਕਿਹਾ ਕਿ ਮਾਣਯੋਗ ਚੋਣ ਕਮਿਸ਼ਨ ਵੱਲੋਂ ਜ਼ਿਮਨੀ ਚੋਣ ਸੰਬੰਧੀ ਜਾਰੀ ਪ੍ਰੋਗਰਾਮ ਅਨੁਸਾਰ ਸਮਾਂ ਰਹਿੰਦੇ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਜਾਣ। ਉਨ੍ਹਾਂ ਦੱਸਿਆ ਕਿ ਵਿਧਾਨ ਸਭਾ ਹਲਕਾ ਤਰਨ ਤਾਰਨ ਵਿੱਚ ਕੁੱਲ 193742 ਵੋਟਰ ਹਨ ਜਿਨ੍ਹਾਂ ਵਿਚ 101494 ਮਰਦ, 92240 ਔਰਤਾਂ ਹਨ ਅਤੇ ਹਲਕੇ ਵਿੱਚ ਸਰਵਿਸ ਵੋਟਰਾਂ ਦੀ ਗਿਣਤੀ 1356 ਹੈ। ਉਨ੍ਹਾਂ ਦੱਸਿਆ ਕਿ ਵਿਧਾਨ ਸਭਾ ਹਲਕਾ ਤਰਨ ਤਾਰਨ ਵਿੱਚ 114 ਪੋਲਿੰਗ ਲੋਕੇਸ਼ਨਾਂ ਉਪਰ 222 ਪੋਲਿੰਗ ਬੂਥ ਬਣਾਏ ਗਏ ਹਨ। ਇਨ੍ਹਾਂ ਵਿਚੋਂ 4 ਮਾਡਲ ਪੋਲਿੰਗ ਬੂਥ, 3 ਪਿੰਕ ਵੋਮੈਨ ਪੋਲਿੰਗ ਸਟੇਸ਼ਨ ਅਤੇ 1 ਪੀ ਡਬਲਿਊ ਡੀ. ਪੋਲਿੰਗ ਸਟੇਸ਼ਨ ਬਣਾਏ ਗਏ ਹਨ।ਜ਼ਿਲ੍ਹਾ ਚੋਣ ਅਧਿਕਾਰੀ ਨੇ ਕਿਹਾ ਕਿ ਪੋਲਿੰਗ ਬੂਥਾਂ,

ਕਾਊਂਟਿੰਗ ਹਾਲ ਅਤੇ ਸਟਰਾਂਗ ਰੂਮ ਵਿੱਚ ਢੁਕਵੇਂ ਪ੍ਰਬੰਧ ਤੇ ਸੁਰੱਖਿਆ ਯਕੀਨੀ ਬਣਾਈ ਗਈ ਹੈ। ਇਸ ਤੋਂ ਇਲਾਵਾ ਵੋਟਰਾਂ ਦੀ ਸਹੂਲਤ ਲਈ ਪੋਲਿੰਗ ਬੂਥਾਂ 'ਤੇ ਪੀਣ ਵਾਲੇ ਪਾਣੀ, ਵੇਟਿੰਗ



ਏਰੀਆ, ਪਖਾਨਿਆਂ ਅਤੇ ਦਿਵਿਆਂਗ ਵੋਟਰਾਂ ਲਈ ਵਹੀਲ ਚੇਅਰਾਂ ਆਦਿ ਦੀ ਸਹੂਲਤ ਮੁਹੱਈਆ ਕਰਵਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸਾਰੇ ਬੂਥਾਂ ਦੀ ਸੀ ਸੀ ਟੀ ਵੀ ਕੈਮਰੇ ਲਗਾ ਕੇ 100 ਫ਼ੀਸਦੀ ਵੈੱਬ ਕਾਸਟਿੰਗ ਯਕੀਨੀ ਬਣਾਈ ਜਾਵੇਗੀ। ਉਨ੍ਹਾਂ ਕਿਹਾ ਕਿ ਚੋਣ ਜ਼ਾਬਤੇ ਦੀ ਉਲੰਘਣਾ ਦੀਆਂ ਸ਼ਿਕਾਇਤਾਂ ਲਈ ਜ਼ਿਲ੍ਹਾ ਪੱਧਰ 'ਤੇ ਇੱਕ ਸ਼ਿਕਾਇਤ ਸੈੱਲ ਗਠਿਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਸੀ-ਵਿਜ਼ਿਲ ਐਪ ਉਪਰ ਵੀ ਚੋਣ ਜ਼ਾਬਤੇ ਦੀ ਉਲੰਘਣਾ ਸਬੰਧੀ ਆ ਰਹੀਆਂ ਸ਼ਿਕਾਇਤਾਂ ਉਪਰ ਤੁਰੰਤ ਕਾਰਵਾਈ ਕੀਤੀ ਜਾ ਰਹੀ ਹੈ। ਜ਼ਿਲ੍ਹਾ ਚੋਣ ਅਧਿਕਾਰੀ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਤਰਨ ਤਾਰਨ ਜ਼ਿਮਨੀ ਚੋਣ ਲਈ ਪੂਰੀ ਤਰ੍ਹਾਂ ਤਿਆਰ ਹੈ ਅਤੇ ਜ਼ਿਮਨੀ ਚੋਣ ਪੂਰੀ ਤਰ੍ਹਾਂ ਨਿਰਪੱਖ ਅਤੇ ਅਜ਼ਾਦਾਨਾ ਮਾਹੌਲ ਵਿੱਚ ਨੇਪਰੇ ਚਾੜ੍ਹੀ ਜਾਵੇਗੀ।ਜ਼ਿਲ੍ਹਾ ਚੋਣ ਅਧਿਕਾਰੀ ਨੇ ਸਾਰੇ ਨੋਡਲ ਅਫ਼ਸਰਾਂ ਨੂੰ ਹਦਾਇਤ ਕੀਤੀ ਕਿ ਉਹ ਮਾਣਯੋਗ ਚੋਣ ਕਮਿਸ਼ਨ ਵੱਲੋਂ ਜਾਰੀ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨ। ਉਨ੍ਹਾਂ ਕਿਹਾ ਕਿ ਫਲਾਇੰਗ ਸਕੁਐਡ, ਸਟੈਟਿਕ ਸਰਵੀਲੈਂਸ ਟੀਮਾਂ ਪੂਰੀ ਤਰ੍ਹਾਂ ਚੌਕਸੀ ਵਰਤਣ।

ਉਨ੍ਹਾਂ ਕਿਹਾ ਕਿ ਉਮੀਦਵਾਰਾਂ ਦੀ ਹਰ ਚੋਣ ਗਤੀਵਿਧੀ ਉੱਪਰ ਤਿੱਖੀ ਨਜ਼ਰ ਰੱਖੀ ਜਾਵੇ ਅਤੇ ਇਹ ਯਕੀਨੀ ਬਣਾਇਆ ਜਾਵੇ ਕਿ ਆਦਰਸ਼ ਚੋਣ ਜ਼ਾਬਤੇ ਦੀ ਕਿਸੇ ਵੀ ਸੂਰਤ ਵਿੱਚ ਉਲੰਘਣਾ ਨਾ ਹੋਵੇ। ਉਨ੍ਹਾਂ ਕਿਹਾ ਕਿ ਚੋਣਾਂ ਦੌਰਾਨ ਸ਼ਰਾਬ ਅਤੇ ਨਕਦੀ ਦੀ ਵਰਤੋਂ ਨੂੰ ਰੋਕਣ ਲਈ ਸ਼ਰਾਬ ਦੇ ਉਤਪਾਦਨ/ਸ਼ਰਾਬ ਦੇ ਠੇਕਿਆਂ 'ਤੇ ਨਿਗਰਾਨੀ ਰੱਖਣ ਦੇ ਨਾਲ-ਨਾਲ ਵਾਹਨਾਂ ਦੀ ਚੈਕਿੰਗ ਖਾਸ ਕਰ ਅੰਤਰ-ਜ਼ਿਲ੍ਹਾ ਨਾਕਿਆਂ 'ਤੇ ਯਕੀਨੀ ਬਣਾਈ ਜਾਵੇ।ਜ਼ਿਲ੍ਹਾ ਚੋਣ ਅਧਿਕਾਰੀ ਰਾਹੁਲ ਨੇ ਜ਼ਿਲ੍ਹਾ ਸਿੱਖਿਆ ਅਫ਼ਸਰ ਨੂੰ ਹਦਾਇਤ ਕੀਤੀ ਕਿ ਵਿਧਾਨ ਸਭਾ ਹਲਕਾ ਤਰਨ ਤਾਰਨ ਵਿੱਚ ਵੋਟਰਾਂ ਨੂੰ ਉਨ੍ਹਾਂ ਦੀ ਵੋਟ ਦੇ ਹੱਕ ਦੀ ਮਹੱਤਤਾ ਤੋਂ ਜਾਣੂ ਕਰਵਾਉਣ ਲਈ ਵਿਸ਼ੇਸ਼ ਸਵੀਪ ਮੁਹਿੰਮ ਚਲਾਈ ਜਾਵੇ। ਉਨ੍ਹਾਂ ਵਿਧਾਨ ਸਭਾ ਹਲਕਾ ਤਰਨ ਤਾਰਨ ਦੇ ਸਮੂਹ ਵੋਟਰਾਂ ਨੂੰ ਵੀ ਅਪੀਲ ਕੀਤੀ ਕਿ ਉਹ ਬਿਨ੍ਹਾਂ ਕਿਸੇ ਡਰ-ਭੈਅ, ਲਾਲਚ ਤੋਂ ਆਪਣੀ ਵੋਟ ਦੇ ਹੱਕ ਦਾ ਇਸਤੇਮਾਲ ਕਰਨ।

# ਮਜ਼ਦੂਰ ਯੂਨੀਅਨ ਦੇ ਪ੍ਰਧਾਨ ਦਲਬੀਰ ਸਿੰਘ ਸਾਥੀਆਂ ਸਮੇਤ 'ਆਪ' 'ਚ ਸ਼ਾਮਲ

ਤਰਨ ਤਾਰਨ (ਨ ਜ਼ ਸ) ਤਰਨ ਤਾਰਨ ਜ਼ਿਮਨੀ ਚੋਣ ਤੋਂ ਪਹਿਲਾਂ ਆਮ ਆਦਮੀ ਪਾਰਟੀ ਨੂੰ ਵੱਡੀ ਸਫਲਤਾ ਮਿਲੀ ਹੈ।ਸਰਕਾਰ ਨੂੰ ਮੰਡੀ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਦਲਬੀਰ ਸਿੰਘ ਆਪਣੇ ਸਾਥੀਆਂ ਸਮੇਤ ਅਕਾਲੀ ਦਲ ਛੱਡ ਕੇ 'ਆਪ' ਵਿੱਚ ਸ਼ਾਮਲ ਹੋ ਗਏ।ਉਨ੍ਹਾਂ ਦੇ ਨਾਲ ਸ਼ਾਮਲ ਹੋਣ ਵਾਲਿਆਂ ਵਿੱਚ ਰਘਾ ਸਿੰਘ, ਸਾਹਬ ਸਿੰਘ, ਜਗਦੀਪ ਸਿੰਘ, ਪਾਲ ਸਿੰਘ, ਸੱਬਾ ਸਿੰਘ ਅਤੇ ਮਾਨ ਸਿੰਘ ਪ੍ਰਮੁੱਖ ਹਨ।ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਕਾਰਜਕਾਰੀ ਪ੍ਰਧਾਨ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਅਤੇ ਜਨਰਲ ਸਕੱਤਰ ਐਸ ਐਸ ਆਹਲੂਵਾਲੀਆ ਦੀ ਮੌਜੂਦਗੀ ਵਿੱਚ ਸਾਰੇ ਨਵੇਂ ਮੈਂਬਰਾਂ ਨੂੰ ਪਾਰਟੀ ਵਿੱਚ ਸ਼ਾਮਲ ਕਰਾਇਆ ਅਤੇ ਸਵਾਗਤ ਕੀਤਾ।ਮੰਤਰੀ ਭੁੱਲਰ ਨੇ ਕਿਹਾ ਕਿ ਸਾਡੇ ਮੈਂਬਰਾਂ ਦਾ ਪਾਰਟੀ ਵਿੱਚ ਸ਼ਾਮਲ ਹੋਣਾ ਭਗਵੰਤ ਮਾਨ ਸਰਕਾਰ ਦੀ ਇਮਾਨਦਾਰੀ, ਵਿਕਾਸ ਅਤੇ ਲੋਕ ਭਲਾਈ ਦੇ ਕੰਮਾਂ ਨਾਲ ਉਨ੍ਹਾਂ ਨੂੰ ਮਿਲੀ ਅਥਾਹ ਖੁਸ਼ੀ ਨੂੰ ਦਰਸਾਉਂਦਾ ਹੈ। ਉਨ੍ਹਾਂ ਕਿਹਾ ਕਿ ਅੱਜ ਹਰ ਵਰਗ ਦੇ ਲੋਕ, ਚਾਹੇ ਉਹ ਕਿਸਾਨ ਹੋਣ, ਮਜ਼ਦੂਰ ਹੋਣ ਜਾਂ ਵਪਾਰੀ, ਮੁੱਖ ਮੰਤਰੀ ਭਗਵੰਤ ਮਾਨ ਦੀਆਂ ਨੀਤੀਆਂ ਅਤੇ ਆਮ ਆਦਮੀ ਪਾਰਟੀ ਦੇ ਕੰਮ ਤੋਂ ਖੁਸ਼ ਹੋ ਕੇ



ਪਾਰਟੀ ਵਿੱਚ ਸ਼ਾਮਲ ਹੋ ਰਹੇ ਹਨ।ਇਹ ਜਨਤਾ ਦਾ ਵਿਸ਼ਵਾਸ ਹੈ ਜੋ ਪੰਜਾਬ ਵਿੱਚ ਬਦਲਾਅ ਦੀ ਇੱਕ ਨਵੀਂ ਕਹਾਣੀ ਲਿਖ ਰਿਹਾ ਹੈ।ਮੰਤਰੀ ਭੁੱਲਰ ਨੇ ਤਰਨ ਤਾਰਨ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਜ਼ਿਮਨੀ ਚੋਣ ਵਿੱਚ 'ਆਪ' ਉਮੀਦਵਾਰ ਹਰਮੀਤ ਸਿੰਘ ਸੰਧੂ ਨੂੰ ਵੱਡੇ ਫਰਕ ਨਾਲ ਜੇਤੂ ਬਣਾਉਣ ਤਾਂ ਜੋ ਮੁੱਖ ਮੰਤਰੀ ਭਗਵੰਤ ਮਾਨ ਦੇ ਹੱਥ ਮਜ਼ਬੂਤ ਹੋਣ ਅਤੇ ਵਿਕਾਸ ਦੀ ਰਫ਼ਤਾਰ ਹੋਰ ਵਧੇ।

# ਮਹਾਜਨ ਜੰਡਿਆਲ ਬਰਾਦਰੀ ਦੀ ਮੇਲ 5 ਨੂੰ

ਗੁਰਦਾਸਪੁਰ (ਜਨਕ ਮਹਾਜਨ)- ਅਖਿਲ ਭਾਰਤੀ ਮਹਾਜਨ ਜੰਡਿਆਲ ਬਰਾਦਰੀ ਦੀ ਮੇਲ 5 ਨਵੰਬਰ ਨੂੰ ਕਸਬਾ ਤਾਰਾਗੜ੍ਹ ਜ਼ਿਲ੍ਹਾ ਪਠਾਨਕੋਟ ਵਿਖੇ ਮਨਾਈ ਜਾ ਰਹੀ ਹੈ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਸਤੀਸ਼ ਕੁਮਾਰ ਮਹਾਜਨ ਮਹਾਂ ਮੰਤਰੀ ਨੇ ਦੱਸਿਆ ਕਿ ਬਾਵਾ ਜੀ ਸਹਿਜ ਨਾਥ ਦਾ ਸਵੇਰੇ ਸਾਢੇ ਚਾਰ ਵਜੇ ਇਸ਼ਨਾਨ ਕਰਵਾਇਆ ਜਾਵੇਗਾ ਉਪਰੰਤ 9 ਵਜੇ ਧਵਜ ਪੂਜਾ ਤੋਂ ਬਾਅਦ 10 ਵਜੇ ਬਾਵਾ ਜੀ ਦਾ ਅਟੁੱਟ ਲੰਗਰ ਵਰਤਾਇਆ ਜਾਵੇਗਾ।ਉਨ੍ਹਾਂ ਦੱਸਿਆ ਕਿ ਇਸ ਮੇਲ ਸੰਬੰਧੀ ਸਾਰੇ ਕੰਮ ਦੀ ਦੇਖ-ਰੇਖ ਸਰਪ੍ਰਸਤ ਸੁਧੀਰ ਮਹਾਜਨ, ਪ੍ਰਧਾਨ ਵਿਜੇ ਕੁਮਾਰ ਮਹਾਜਨ, ਰਜਿੰਦਰ ਮਹਾਜਨ ਖਜ਼ਾਨਚੀ ਅਤੇ ਰਾਮਪਾਲ ਲੱਕੀ ਮੁੱਖ ਪ੍ਰਬੰਧਕ ਕਰ ਰਹੇ ਹਨ। ਸਤੀਸ਼ ਕੁਮਾਰ ਨੇ ਦੱਸਿਆ ਕਿ ਤਾਰਾਗੜ੍ਹ ਬਾਵਾ ਜੀ ਦੇ ਪਵਿੱਤਰ ਸਥਾਨ ਦੇ ਦਰਸ਼ਨ ਕਰਨ ਲਈ ਪੂਰੇ ਭਾਰਤ ਤੋਂ ਵੱਖ-ਵੱਖ ਥਾਵਾਂ ਤੋਂ ਲੋਕ ਆਉਂਦੇ ਹਨ।ਉਨ੍ਹਾਂ ਦੱਸਿਆ ਕਿ ਤਾਰਾਗੜ੍ਹ ਪੁੱਜਣ ਲਈ ਦੀਨਾਨਗਰ ਤੋਂ ਬੱਸਾਂ ਰਾਹੀਂ ਜਾਂ ਆਪਣੇ ਨਿੱਜੀ ਵਾਹਨਾਂ ਰਾਹੀਂ ਆਇਆ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਜੇਕਰ ਕਿਸੇ ਸ਼ਰਧਾਲੂ ਨੂੰ ਲੋੜ ਹੋਣ 'ਤੇ ਬੱਸ ਆਦਿ ਨਾ ਮਿਲੇ ਤਾਂ ਉਹ 94173-25237 ਨੰਬਰ 'ਤੇ ਰਾਮਪਾਲ ਲੱਕੀ ਨਾਲ ਸੰਪਰਕ ਕਰ ਸਕਦਾ ਹੈ। ਉਨ੍ਹਾਂ ਦੱਸਿਆ ਕਿ ਸ਼ਰਧਾਲੂਆਂ ਲਈ ਤਾਰਾਗੜ੍ਹ ਵਿਖੇ ਰਾਤ ਠਹਿਰਨ ਲਈ ਅਤੇ ਭੋਜਨ ਦਾ ਪੂਰਾ ਪ੍ਰਬੰਧ ਕੀਤਾ ਗਿਆ ਹੈ। ਉਨ੍ਹਾਂ ਇਹ ਵੀ ਸਪੱਸ਼ਟ ਕੀਤਾ ਕਿ ਜੇਕਰ ਕੋਈ ਸ਼ਰਧਾਲੂ ਬਾਵਾ ਜੀ ਦੇ ਇਸ ਸ਼ੁੱਭ ਦਿਹਾੜੇ 'ਤੇ ਬਰਾਦਰੀ ਦੀ ਸੇਵਾ ਲਈ ਖਾਣੇ ਆਦਿ ਲਈ ਕੋਈ ਸਟਾਲ ਲਗਾਉਣਾ ਚਾਹੇ ਤਾਂ ਉਹ 94173-25237 'ਤੇ ਸੰਪਰਕ ਕਰ ਸਕਦਾ ਹੈ। ਇਸ ਮੌਕੇ ਉਨ੍ਹਾਂ ਕਮੇਟੀ ਵਲੋਂ ਇਸ ਸਾਲ ਬਾਵਾ ਜੀ ਦੇ ਮੇਲਾ ਲਈ ਕਰਵਾਏ ਜਾ ਰਹੇ ਕੰਮਾਂ ਸੰਬੰਧੀ ਅਤੇ ਅਗਲੇ ਸਾਲ ਲਈ ਜ਼ਰੂਰੀ ਯੋਜਨਾਵਾਂ ਬਾਰੇ ਜਾਣਕਾਰੀ ਦਿੱਤੀ ਗਈ।

ਨੌਵੇਂ ਪਾਤਿਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ 350ਵਾਂ ਸ਼ਹੀਦੀ ਦਿਹਾੜਾ

# ਈ ਟੀ ਓ ਤੇ ਬਰਿੰਦਰ ਕੁਮਾਰ ਗੋਇਲ ਨੇ ਪੁਡੂਚੇਰੀ ਦੇ ਮੁੱਖ ਮੰਤਰੀ ਐੱਨ ਰੰਗਾਸਾਮੀ ਨੂੰ ਦਿੱਤਾ ਸੱਦਾ

ਚੰਡੀਗੜ੍ਹ (ਗੁਰਜੀਤ ਬਿੱਲਾ)-ਨੌਵੇਂ ਪਾਤਿਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਦਿਵਸ ਲਈ ਦੇਸ਼ ਭਰ ਦੇ ਮੁੱਖ ਮੰਤਰੀਆਂ ਨੂੰ ਸੱਦਾ ਦੇਣ ਦੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਪਹਿਲ ਤਹਿਤ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈ ਟੀ ਓ ਅਤੇ ਜਲ ਸਰੋਤ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ 27 ਅਕਤੂਬਰ ਨੂੰ ਪੁਡੂਚੇਰੀ ਦੇ ਮੁੱਖ ਮੰਤਰੀ ਐੱਨ ਰੰਗਾਸਾਮੀ ਨਾਲ ਮੁਲਾਕਾਤ ਕਰਕੇ ਉਨ੍ਹਾਂ ਨੂੰ ਅਗਲੇ ਮਹੀਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਣ ਵਾਲੇ ਮੁੱਖ ਸਮਾਗਮਾਂ ਵਿੱਚ ਸ਼ਾਮਲ ਹੋਣ ਲਈ ਰਸਮੀ ਸੱਦਾ ਦਿੱਤਾ।

ਇਨ੍ਹਾਂ ਸਮਾਗਮਾਂ ਵਾਸਤੇ ਨਿੱਜੀ ਤੌਰ 'ਤੇ ਸੱਦਾ ਦੇਣ ਲਈ ਪੰਜਾਬ ਸਰਕਾਰ ਦਾ ਧੰਨਵਾਦ ਕਰਦਿਆਂ ਪੁਡੂਚੇਰੀ ਦੇ ਮੁੱਖ ਮੰਤਰੀ ਨੇ ਕਿਹਾ ਕਿ ਗੁਰੂ ਸਾਹਿਬ ਦਾ ਅਮਨ-ਸ਼ਾਂਤੀ, ਆਪਸੀ ਭਾਈਚਾਰਕ ਸਾਂਝ ਅਤੇ ਸਰਬਸਾਂਝੀਵਾਲਤਾ ਦਾ ਸਦੀਵੀ ਸੰਦੇਸ਼ ਸਮੁੱਚੀ



ਲੋਕਾਈ ਲਈ ਹਮੇਸ਼ਾ ਪ੍ਰੇਰਨਾ ਸਰੋਤ ਬਣਿਆ ਰਹੇਗਾ।ਜ਼ਿਕਰਯੋਗ ਹੈ ਕਿ ਪੰਜਾਬ ਸਰਕਾਰ ਨੇ ਨੌਵੇਂ ਗੁਰੂ ਸਾਹਿਬ ਦੇ 350ਵੇਂ ਸ਼ਹੀਦੀ ਦਿਹਾੜੇ ਸਬੰਧੀ ਸਮਾਗਮਾਂ ਵਾਸਤੇ ਸਾਰੇ ਸੂਬਿਆਂ ਦੇ ਮੁੱਖ ਮੰਤਰੀਆਂ ਨੂੰ ਨਿੱਜੀ ਸੱਦਾ ਦੇਣ ਲਈ ਆਪਣੇ ਕੈਬਨਿਟ ਮੰਤਰੀਆਂ ਨੂੰ ਜ਼ਿੰਮੇਵਾਰੀ ਸੌਂਪੀ ਹੈ।

# ਸ਼੍ਰੀਰਾਮ ਸੁਪਰ 5-ਐੱਸ ਆਰ-05 ਤੇ 272 ਕਣਕ ਦੇ ਬੀਜ ਕਿਸਾਨਾਂ ਦੀ ਪਹਿਲੀ ਪਸੰਦ ਬਣੇ

ਹੁਸ਼ਿਆਰਪੁਰ ਪੰਜਾਬ ਵਿੱਚ, ਸ਼੍ਰੀਰਾਮ ਫਾਰਮ ਸੋਲਯੂਸ਼ਨਜ਼ ਵੱਲੋਂ ਵਿਕਸਿਤ ਕੀਤੇ ਗਏ ਕਣਕ ਦੇ ਬੀਜ ਸ਼੍ਰੀਰਾਮ ਸੁਪਰ 5-ਐਸ ਆਰ-05 ਅਤੇ ਸ਼੍ਰੀਰਾਮ ਸੁਪਰ 272 ਨੇ ਕਣਕ ਦੀ ਖੇਤੀ ਵਿੱਚ ਮਹੱਤਵਪੂਰਣ ਬਦਲਾਅ ਲਿਆਂਦੇ ਹਨ। ਸ਼੍ਰੀਰਾਮ ਫਾਰਮ ਸੋਲਯੂਸ਼ਨਜ਼ ਦੇ ਵਿਸ਼ਵ ਪ੍ਰਸਿੱਧ ਕਣਕ ਵਿਗਿਆਨੀਆਂ ਵੱਲੋਂ ਵਿਕਸਿਤ ਕੀਤੀਆਂ ਇਹ ਕਿਸਮਾਂ ਸ਼੍ਰੀਰਾਮ ਸੁਪਰ 5-ਐਸ ਆਰ-05 ਅਤੇ ਸ਼੍ਰੀਰਾਮ ਸੁਪਰ 272 ਆਪਣੀ ਸ਼ਾਨਦਾਰ ਪੈਦਾਵਾਰ ਅਤੇ ਅਨੁਕੂਲਤਾ ਕਰਕੇ ਕਿਸਾਨਾਂ ਵਿੱਚ ਬਹੁਤ ਲੋਕਪ੍ਰਿਯ ਹਨ। ਇਹ ਕਿਸਮਾਂ ਵਿੱਚ ਵੱਧ ਟਿੱਲਰ, ਲੰਬੇ ਸਿੱਟੇ ਅਤੇ ਬਿਮਾਰੀਆਂ ਪ੍ਰਤੀ ਰੋਧਕਤਾ ਹੈ। ਧਿਆਨਯੋਗ ਗੱਲ ਹੈ ਕਿ ਕੁਦਰਤੀ ਤਬਦੀਲੀਆਂ ਦੇ ਨਵੇਂ ਚੈਲੇਂਜਾਂ ਵਿਚ ਵੀ ਇਹਨਾਂ ਦੀ ਪ੍ਰਦਰਸ਼ਨਸ਼ੀਲਤਾ ਸ਼ਾਨਦਾਰ ਰਹੀ ਹੈ। ਲੁਧਿਆਣਾ ਦੇ ਤਜਰਬੇਕਾਰ ਕਿਸਾਨ ਅਮਨਦੀਪ ਸਿੰਘ ਦੱਸਦੇ ਹਨ ਕਿ ਇਸ ਸਾਲ ਉਨ੍ਹਾਂ ਨੇ ਆਪਣੇ ਖੇਤ ਵਿੱਚ ਸ਼੍ਰੀਰਾਮ ਸੁਪਰ 5-ਐਸ ਆਰ-05 ਕਣਕ ਦੀ ਕਿਸਮ ਬੀਜੀ।

# ਅੱਜ ਬਿਜਲੀ ਸਪਲਾਈ ਬੰਦ ਰਹੇਗੀ

ਬਿਆਸ (ਪਰਮਜੀਤ ਸਿੰਘ ਰੱਖੜਾ) ਐਕਸੀਅਨ ਰਾਜ ਕੁਮਾਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਹੈ ਕਿ ਮਿਤੀ 28 ਅਕਤੂਬਰ, ਦਿਨ ਮੰਗਲਵਾਰ ਨੂੰ 66 ਕੇ.ਵੀ.ਗਰਿਡ ਸੈਦਪੁਰ ਤੋਂ ਚਲਦੇ 11ਕੇ ਵੀ ਇਨਡੋਰ ਬੱਸ ਬਾਰ ਫੀਡਰ ਏ ਪੀ 5, ਯੂ ਪੀ ਐਸ 2 , ਕੈਟਾਗਰੀ 1 ਅਤੇ ਇੰਡੀਪੈਂਡਟ 1 ਕੁੱਲ 9 ਫੀਡਰ ਸਮਾਂ ਸਵੇਰੇ 10-00 ਤੋਂ ਸ਼ਾਮ 5 ਵਜੇ ਤੱਕ ਰੂਟੀਨ ਦੀ ਜ਼ਰੂਰੀ ਮੈਂਨਟੀਨੈਂਸ ਹੋਣ ਕਰਕੇ ਇਸ ਸਮੇਂ ਦੌਰਾਨ ਬੰਦ ਰਹਿਣਗੇ ।

# ਤਰਨ ਤਾਰਨ ਦੇ ਲੋਕ 'ਆਪ' ਸਰਕਾਰ ਨੂੰ ਚੁਣਨਗੇ : ਹਰਮੀਤ ਸਿੰਘ ਸੰਧੂ

ਤਰਨ ਤਾਰਨ-ਤਰਨ ਤਾਰਨ ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਲਈ ਆਮ ਆਦਮੀ ਪਾਰਟੀ (ਆਪ) ਦੇ ਉਮੀਦਵਾਰ ਹਰਮੀਤ ਸਿੰਘ ਸੰਧੂ ਨੇ ਸੋਮਵਾਰ ਕਿਹਾ ਕਿ ਇਹ ਚੋਣ ਰਵਾਇਤੀ ਸਿਆਸਤ ਅਤੇ ਆਮ ਆਦਮੀ ਦੀ ਸਰਕਾਰ ਦੇ ਕੰਮਾਂ ਵਿਚਾਲੇ ਫੈਸਲਾ ਕਰੇਗੀ। ਉਨ੍ਹਾਂ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਆਪ ਸਰਕਾਰ ਵੱਲੋਂ ਹੜ੍ਹ ਪੀੜਤਾਂ ਲਈ ਕੀਤੇ ਗਏ ਇਤਿਹਾਸਕ ਕੰਮਾਂ ਦਾ ਹਵਾਲਾ ਦਿੰਦਿਆਂ ਕਿਹਾ ਕਿ ਤਰਨ ਤਾਰਨ ਦੇ ਲੋਕ ਹੁਣ ਸਿਰਫ਼ ਵਾਅਦੇ ਨਹੀਂ, ਸਗੋਂ ਜ਼ਮੀਨ 'ਤੇ ਹੋਇਆ ਅਸਲ ਕੰਮ ਦੇਖ ਕੇ ਵੋਟ ਪਾਉਣਗੇ। ਸੰਧੂ ਨੇ ਕਿਹਾ ਕਿ ਪੰਜਾਬ ਦੇ ਇਤਿਹਾਸ ਵਿੱਚ ਪਹਿਲੀ ਵਾਰ ਕਿਸੇ ਸਰਕਾਰ ਨੇ ਸਿਰਫ਼ 30 ਦਿਨਾਂ ਦੇ ਅੰਦਰ ਪੀੜਤਾਂ ਦੇ ਖਾਤਿਆਂ ਵਿੱਚ ਰਾਹਤ ਰਾਸ਼ੀ ਪਹੁੰਚਾ ਕੇ ਇੱਕ ਨਵਾਂ ਰਿਕਾਰਡ ਦਰਜ ਕੀਤਾ ਹੈ।ਆਪ ਉਮੀਦਵਾਰ ਹਰਮੀਤ ਸਿੰਘ ਸੰਧੂ ਨੇ ਅੱਜ ਇੱਥੇ ਜਾਰੀ ਇੱਕ ਬਿਆਨ ਵਿੱਚ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਸੰਕਟ ਦੇ ਸਮੇਂ ਵਿੱਚ ਗਲਿਆਰਿਆਂ ਵਿੱਚ ਨਹੀਂ, ਸਿੱਧਾ ਖੇਤਾਂ, ਮੰਡੀਆਂ ਅਤੇ ਪਿੰਡਾਂ ਵਿੱਚ ਆ ਕੇ ਲੋਕਾਂ ਦਾ ਹੱਥ ਫੜਿਆ ਹੈ। ਇਹ ਸਿਰਫ਼ ਸਿਆਸੀ ਪ੍ਰਦਰਸ਼ਨ ਨਹੀਂ, ਸਗੋਂ ਇੱਕ ਨਵੀਂ ਸ਼ਾਸਨ ਸ਼ੈਲੀ ਦੀ ਸ਼ੁਰੂਆਤ ਹੈ। ਉਨ੍ਹਾਂ ਕਿਹਾ ਕਿ ਜਦੋਂ ਹੜ੍ਹਾਂ ਨੇ ਪੰਜਾਬ ਦੇ ਕਿਸਾਨਾਂ ਦੀ ਕਮਰ ਤੋੜੀ, ਤਾਂ ਮਾਨ ਸਰਕਾਰ ਨੇ ਇੱਕ ਵੀ ਦਿਨ ਬਰਬਾਦ ਕੀਤੇ ਬਿਨਾਂ ਰਾਹਤ ਕਾਰਜ ਸ਼ੁਰੂ ਕੀਤੇ। ਪਿਛਲੀਆਂ ਸਰਕਾਰਾਂ ਦੇ ਕਾਰਜਕਾਲ ਦੌਰਾਨ ਕਿਸਾਨਾਂ ਨੂੰ ਆਪਣੀ ਫਸਲ ਦੇ ਨੁਕਸਾਨ ਦੇ ਮੁਆਵਜ਼ੇ ਲਈ ਸਾਲਾਂ ਤੱਕ ਇੰਤਜ਼ਾਰ ਕਰਨਾ ਪੈਂਦਾ ਸੀ ਪਰ ਇਸ ਵਾਰ ਸਿਰਫ਼ ਇੱਕ ਮਹੀਨੇ ਵਿੱਚ ਨੁਕਸਾਨੀ ਗਈ ਲਗਭਗ ਪੰਜ ਲੱਖ ਏਕੜ ਜ਼ਮੀਨ ਲਈ ਕਿਸਾਨਾਂ ਨੂੰ ਦੋ ਲੱਖ ਕੁਇੰਟਲ ਕਣਕ ਦਾ ਬੀਜ ਮੁਫ਼ਤ ਮੁਹੱਈਆ ਕਰਵਾਉਣ ਦਾ ਇਤਿਹਾਸਕ ਫੈਸਲਾ ਲਿਆ।ਸੰਧੂ ਨੇ ਦੱਸਿਆ ਕਿ ਇਸ ਕੰਮ ਲਈ 74 ਕਰੋੜ ਰੁਪਏ ਦਾ ਰਾਹਤ ਪੈਕੇਜ ਜਾਰੀ ਕੀਤਾ ਗਿਆ ਹੈ ਅਤੇ ਮੁੱਖ ਮੰਤਰੀ ਨੇ ਖੁਦ ਸੌਂਤ ਟਰੱਕਾਂ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਤਾਂ ਜੋ ਕਿਸਾਨਾਂ ਨੂੰ ਅਗਲੀ ਫਸਲ ਬੀਜਣ ਵਿੱਚ ਕੋਈ ਦਿੱਕਤ ਨਾ ਆਵੇ। ਇਸ ਤੋਂ ਇਲਾਵਾ ਕਿਸਾਨਾਂ ਨੂੰ 20,000 ਰੁਪਏ ਪ੍ਰਤੀ ਏਕੜ ਦਾ ਮੁਆਵਜ਼ਾ ਵੀ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਸਰਕਾਰ ਇਸ ਗੰਭੀਰ ਸੰਕਟ ਦੀ ਘੜੀ ਵਿੱਚ ਸੂਬੇ ਦੇ ਅੰਨਦਾਤਾ ਨਾਲ ਪੂਰੀ ਮਜ਼ਬੂਤੀ ਨਾਲ ਖੜ੍ਹੀ ਹੈ ਅਤੇ ਉਨ੍ਹਾਂ ਨੂੰ ਇਸ ਮੁਸ਼ਕਲ ਵਿੱਚੋਂ ਕੱਢਣ ਲਈ ਕੋਈ ਕਸਰ ਬਾਕੀ ਨਹੀਂ ਛੱਡੇਗੀ।ਹਰਮੀਤ ਸਿੰਘ ਸੰਧੂ ਨੇ ਹੜ੍ਹਾਂ ਨਾਲ ਹੋਈ ਭਾਰੀ ਤਬਾਹੀ ਦੇ ਅੰਕੜੇ ਪੇਸ਼ ਕਰਦਿਆਂ ਕਿਹਾ ਕਿ ਇਹ ਨੁਕਸਾਨ ਅਸਹਿ ਸੀ, ਪਰ ਸਰਕਾਰ ਨੇ ਇਸ ਨੂੰ ਇੱਕ ਚੁਣੌਤੀ ਵਜੋਂ ਲਿਆ।ਆਪ ਉਮੀਦਵਾਰ ਨੇ ਜ਼ੋਰ ਦੇ ਕੇ ਕਿਹਾ ਕਿ ਮਾਨ ਸਰਕਾਰ ਦੀ ਨੀਅਤ ਸਾਫ਼ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੇ ਸਿਰਫ਼ ਮੁਆਵਜ਼ਾ ਨਹੀਂ ਵੰਡਿਆ, ਸਗੋਂ ਹਰ ਵਰਗ ਦਾ ਖਿਆਲ ਰੱਖਿਆ। ਰਾਹਤ ਦਾ ਦਾਇਰਾ ਸਿਰਫ਼ ਵੱਡੇ ਕਿਸਾਨਾਂ ਤੱਕ ਨਹੀਂ, ਸਗੋਂ ਖੇਤ ਮਜ਼ਦੂਰਾਂ, ਛੋਟੇ ਵਪਾਰੀਆਂ ਅਤੇ ਗਰੀਬ ਤਬਕੇ ਤੱਕ ਵਧਾਇਆ ਗਿਆ। ਕਿਸਾਨਾਂ ਨੂੰ ਉਨ੍ਹਾਂ ਦੀ ਜ਼ਮੀਨ 'ਤੇ ਜੰਮੀ ਰੇਤ ਅਤੇ ਸਿਲਟ ਨੂੰ 15 ਨਵੰਬਰ ਤੱਕ ਬਿਨਾਂ ਕਿਸੇ ਸਰਕਾਰੀ ਐਨ ਓ ਸੀ ਦੇ ਵੇਚਣ ਦੀ ਛੁੱਟ ਦਿੱਤੀ ਗਈ ਤਾਂ ਜੋ ਉਹ ਆਰਥਿਕ ਤੌਰ 'ਤੇ ਮੁੜ ਖੜ੍ਹੇ ਹੋ ਸਕਣ।ਹਰਮੀਤ ਸਿੰਘ ਸੰਧੂ ਨੇ ਤਰਨ ਤਾਰਨ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਵਿੱਚ ਆਏ ਇਸ ਸਿਆਸੀ ਬਦਲਾਅ ਦਾ ਹਿੱਸਾ ਬਣਨ। ਤੁਹਾਡੀ ਵੋਟ ਇਹ ਯਕੀਨੀ ਬਣਾਏਗੀ ਕਿ ਤਰਨ ਤਾਰਨ ਵੀ ਇਸੇ ਤੇਜ਼ ਰਫ਼ਤਾਰ ਵਿਕਾਸ ਦਾ ਹਿੱਸਾ ਬਣੇ।

# ਡਾਇਗਨੋਸਟਿਕ ਟੈਸਟਾਂ ਤੇ ਸੀ ਸੀ ਪੀ ਪ੍ਰੋਗਰਾਮ ਸੰਬੰਧੀ ਟ੍ਰੇਨਿੰਗ ਕਰਵਾਈ

ਗੁਰਦਾਸਪੁਰ (ਦਿਨੇਸ਼ ਕੁਮਾਰ)-ਸਿਵਲ ਸਰਜਨ ਗੁਰਦਾਸਪੁਰ ਡਾ. ਜਸਵਿੰਦਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸੀ ਐਚ ਓ (ਕਮਿਊਨਿਟੀ ਹੈਲਥ ਅਫਸਰ) ਦੀ ਡਾਇਗਨੋਸਟਿਕ ਟੈਸਟਾਂ ਅਤੇ ਸੀ ਸੀ ਪੀ ਪ੍ਰੋਗਰਾਮ ਸਬੰਧੀ ਜ਼ਿਲ੍ਹਾ ਪੱਧਰੀ ਟ੍ਰੇਨਿੰਗ ਸਿਵਲ ਸਰਜਨ ਦਫਤਰ ਗੁਰਦਾਸਪੁਰ ਵਿਖੇ ਕਰਵਾਈ ਗਈ। ਇਸ ਦੌਰਾਨ ਜ਼ਿਲ੍ਹਾ ਗੁਰਦਾਸਪੁਰ ਦੀਆਂ ਵੱਖ ਵੱਖ ਸਿਹਤ ਸੰਸਥਾਵਾਂ ਵਿੱਚ ਕੰਮ ਕਰ ਰਹੇ ਸੀ ਐਚ ਓ ਨੂੰ ਜ਼ਿਲ੍ਹਾ ਪਰਵਾਰ ਭਲਾਈ ਅਫ਼ਸਰ ਡਾ. ਤੇਜਿੰਦਰ ਕੌਰ, ਡਾ. ਮਨਪ੍ਰੀਤ ਕੌਰ ਪੈਥੋਲੋਜਿਸਟ ਜ਼ਿਲ੍ਹਾ ਹਸਪਤਾਲ, ਡੀ ਪੀ ਐਮ ਗੁਰਪ੍ਰੀਤ ਸਿੰਘ, ਡਾ. ਸਪਨਾ ਮਾਸਟਰ ਟ੍ਰੇਨਰ ਸੀ ਸੀ ਪੀ ਪ੍ਰੋਗਰਾਮ ਨੇ ਵੱਖ-ਵੱਖ ਵਿਸ਼ਿਆਂ ਦੀ ਜਾਣਕਾਰੀ ਦਿੱਤੀ।ਇਸ ਮੌਕੇ ਜ਼ਿਲ੍ਹਾ ਪਰਵਾਰ ਭਲਾਈ ਅਫ਼ਸਰ ਡਾ. ਤੇਜਿੰਦਰ ਕੌਰ ਵੱਲੋਂ ਸਮੂਹ ਸੀ ਐਚ ਓ ਨੂੰ 6 ਜ਼ਰੂਰੀ ਟੈਸਟਾਂ ਦੀ ਟ੍ਰੇਨਿੰਗ ਦਿੱਤੀ ਗਈ। ਇਨ੍ਹਾਂ ਟੈਸਟਾਂ ਵਿੱਚ ਹੀਮੋਗਲੋਬਿਨ, ਐਚ ਆਈ ਵੀ, ਐਚ ਸੀ ਵੀ, ਸਿਫਿਲਿਸ, ਮਲੇਰੀਆ, ਸਾਲਟ ਟੈਸਟਿੰਗ ਸ਼ਾਮਲ ਹਨ। ਟ੍ਰੇਨਿੰਗ ਤੋਂ ਬਾਅਦ



ਸੀ ਐਚ ਓ ਆਪਣੇ ਆਯੁਸ਼ਮਾਨ ਅਰੋਗਿਆ ਕੇਂਦਰਾਂ 'ਤੇ ਇਹ ਟੈਸਟ ਕਰਨਗੇ। ਉਨਾਂ ਕਿਹਾ ਕਿ ਕੰਪਰ ਕੰਪੇਨੀਅਨ ਪ੍ਰੋਗਰਾਮ ਤਹਿਤ ਮਰੀਜ਼ਾਂ ਨੂੰ ਬਿਮਾਰੀ ਦੇ ਲੱਛਣ ਅਤੇ ਇਲਾਜ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ। ਸ਼ੁਰੂਆਤੀ ਜਾਂਚ ਨਾਲ ਇਲਾਜ ਆਸਾਨ ਹੋ ਜਾਂਦਾ ਹੈ।

# ਪਰਾਲੀ ਪ੍ਰੋਟੈਕਸ਼ਨ ਫੋਰਸ ਦੀ ਟੀਮ ਪਿੰਡ ਬਾਘੇ, ਮਾੜੀ ਬੁੱਚੀਆਂ ਤੇ ਸ਼ਕਾਲਾ ਪਹੁੰਚੀ

ਸ੍ਰੀ ਹਰਗੋਬਿੰਦਪੁਰ ਸਾਹਿਬ/ਬਟਾਲਾ (ਡਾਕਟਰ ਮਲਵਿੰਦਰ ਸਿੰਘ)-ਆਦਿੱਤਿਆ ਉੱਪਲ, ਡਿਪਟੀ ਕਮਿਸ਼ਨਰ ਗੁਰਦਾਸਪੁਰ ਵੱਲੋਂ ਦਿੱਤੇ ਸਖ਼ਤ ਦਿਸ਼ਾ ਨਿਰਦੇਸ਼ਾਂ ਹੇਠ ਪਰਾਲੀ ਪ੍ਰੋਟੈਕਸ਼ਨ ਫੋਰਸ ਦੀ ਟੀਮ ਪਿੰਡ ਬਾਘੇ, ਮਾੜੀ ਬੁੱਚੀਆਂ ਅਤੇ ਸ਼ਕਾਲਾ ਪਹੁੰਚੀ ਅਤੇ ਕਿਸਾਨਾਂ ਨੂੰ ਫਸਲ ਦੀ ਰਹਿੰਦ-ਖੂੰਹਦ ਨੂੰ ਅੱਗ ਨਾ ਲਾਉਣ ਦੀ ਅਪੀਲ ਕੀਤੀ।ਐਸ.ਡੀ.ਐਮ ਬਟਾਲਾ ਵਿਕਰਮਜੀਤ ਸਿੰਘ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਦੇ ਆਦੇਸ਼ਾਂ 'ਤੇ ਸਬ ਡਵੀਜ਼ਨ ਬਟਾਲਾ ਵਿੱਚ ਤਾਇਨਾਤ ਪਰਾਲੀ ਪ੍ਰੋਟੈਕਸ਼ਨ ਫੋਰਸ ਦੀਆਂ ਟੀਮਾਂ ਪੂਰੀ ਮੁਸ਼ਤੈਦੀ ਨਾਲ ਪਿੰਡਾਂ ਵਿੱਚ ਜਾ ਰਹੀਆਂ ਹਨ ਅਤੇ ਕਿਸਾਨਾਂ, ਪੰਚਾਂ ਸਰਪੰਚਾਂ ਤੇ ਮੋਹਤਬਰਾਂ ਨੂੰ ਮਿਲ ਕੇ ਫਸਲ ਦੀ ਰਹਿੰਦ ਖੂੰਹਦ ਨੂੰ ਨਾ ਸਾੜਨ ਅਤੇ ਪਰਾਲੀ ਪ੍ਰਬੰਧਨ ਲਈ ਪ੍ਰੇਰਿਤ ਕਰ ਰਹੀਆਂ ਹਨ।ਉਨ੍ਹਾਂ ਦੱਸਿਆ ਕਿ ਸਿਵਲ ਤੇ ਪੁਲਸ ਵਿਭਾਗ ਦੀਆਂ ਸਾਂਝੀਆਂ ਟੀਮਾਂ ਵਲੋਂ ਪਿੰਡ ਵਾਸੀਆਂ ਨੂੰ ਨੈਸ਼ਨਲ ਗਰੀਨ ਟ੍ਰਿਬਿਊਨਲ ਅਤੇ ਸੁਪਰੀਮ ਕੋਰਟ ਦੀਆਂ ਹਦਾਇਤਾਂ ਤੋਂ ਜਾਣੂੰ ਕਰਵਾਇਆ ਗਿਆ ਕਿ ਪਰਾਲੀ ਪ੍ਰਬੰਧਨ ਲਈ ਮੌਜੂਦ ਖੇਤੀ ਮਸ਼ੀਨਰੀ ਦੀ ਵਰਤੋਂ ਦੇ ਬਾਵਜੂਦ ਜੇਕਰ ਕੋਈ ਕਿਸਾਨ ਫਸਲ ਦੀ ਰਹਿੰਦ ਖੂੰਹਦ ਨੂੰ ਸਾੜਦਾ ਹੈ ਤਾਂ ਉਸ ਵਿਰੁੱਧ ਨਿਯਮਾਂ ਤਹਿਤ ਕਾਰਵਾਈ ਕੀਤੀ ਜਾਵੇਗੀ।ਉਨ੍ਹਾਂ ਦੱਸਿਆ ਕਿ ਪਰਾਲੀ ਪ੍ਰੋਟੈਕਸ਼ਨ ਫੋਰਸ ਜਿਸ ਵਿੱਚ ਸਿਵਲ ਤੇ ਪੁਲਸ ਅਧਿਕਾਰੀ ਸ਼ਾਮਲ ਹਨ ਵਲੋਂ ਰੋਜ਼ਾਨਾ ਪਿੰਡਾਂ ਵਿੱਚ ਵਿਜ਼ਿਟ ਕੀਤੀ ਜਾ ਰਹੀ ਹੈ ਅਤੇ ਪੂਰੇ ਸੀਜ਼ਨ ਦੌਰਾਨ ਪਿੰਡਾਂ ਵਿੱਚ ਕਿਸਾਨਾਂ ਨਾ ਸਾੜਨ ਨੂੰ ਰੋਕਣ ਲਈ ਸਰਗਰਮੀ ਨਾਲ ਕੰਮ ਕਰੇਗੀ।ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਜ਼ਿਲ੍ਹੇ ਵਿੱਚ ਪਰਾਲੀ ਪ੍ਰਬੰਧਨ ਲਈ ਲੋੜੀਂਦੀ



ਖੇਤੀ ਮਸ਼ੀਨਰੀ ਉਪਲੱਬਧ ਕਰਵਾਈ ਗਈ ਹੈ, ਜਿਸ ਦੀ ਮੈਪਿੰਗ ਕੀਤੀ ਜਾ ਚੁੱਕੀ ਹੈ। ਫਿਰ ਵੀ ਜੇਕਰ ਕਿਸੇ ਕਿਸਾਨ ਨੂੰ ਪਰਾਲੀ ਪ੍ਰਬੰਧਨ ਲਈ ਖੇਤੀ ਮਸ਼ੀਨਰੀ ਦੀ ਲੋੜ ਹੋ ਤਾਂ ਉਹ ਜ਼ਿਲ੍ਹਾ ਪੱਧਰ 'ਤੇ ਸਥਾਪਤ ਕੰਟਰੋਲ ਰੂਮ ਦੇ ਫੋਨ ਨੰਬਰ 01874-266376 'ਤੇ ਸੰਪਰਕ ਕਰ ਸਕਦਾ ਹੈ। ਉਸ ਕਿਸਾਨ ਨੂੰ ਪਿੰਡਾਂ ਵਿੱਚ ਤਾਇਨਾਤ ਨੋਡਲ/ਕਲੱਸਟਰ ਅਫਸਰਾਂ ਵਲੋਂ ਖੇਤੀ ਮਸ਼ੀਨਰੀ ਮੁਹੱਈਆ ਕਰਵਾਈ ਜਾਵੇਗੀ।

# ਪ੍ਰਿੰਸੀਪਲ ਸੁਜਾਨ ਸਿੰਘ ਯਾਦਗਾਰੀ ਸਨਮਾਨ ਸਮਾਰੋਹ 30 ਨੂੰ

ਧਾਰੀਵਾਲ (ਗੁਰਦਾਸਪੁਰ) (ਮਨਦੀਪ ਸਿੰਘ ਵਿੱਕੀ,ਜਨਕ ਮਹਾਜਨ)- ਸ਼ਹੀਦ ਭਗਤ ਸਿੰਘ ਯਾਦਗਾਰੀ ਹਾਲ ਗੁਰਦਾਸਪੁਰ ਵਿਖੇ ਜ਼ਿਲ੍ਹਾ ਸਾਹਿਤ ਕੇਂਦਰ ਗੁਰਦਾਸਪੁਰ ਦੇ ਅਹੁਦੇਦਾਰਾਂ ਦੀ ਇੱਕ ਜ਼ਰੂਰੀ ਮੀਟਿੰਗ ਬੁਲਾਈ ਗਈ।ਮੀਟਿੰਗ ਵਿੱਚ ਪ੍ਰਿੰਸੀਪਲ ਸੁਜਾਨ ਸਿੰਘ ਯਾਦਗਾਰੀ ਸਨਮਾਨ ਸਮਾਰੋਹ ਜੋ ਹਰ ਸਾਲ ਨਵੰਬਰ/ਦਸੰਬਰ ਮਹੀਨੇ ਆਯੋਜਿਤ ਕੀਤਾ ਜਾਂਦਾ ਹੈ ਨੂੰ ਸਫਲਤਾ ਪੂਰਵਕ ਨੇਪਰੇ ਚਾੜ੍ਹਨ ਲਈ ਗਹਿਰੀਆਂ ਵਿਚਾਰਾਂ ਕੀਤੀਆਂ ਗਈਆਂ।ਹਾਜ਼ਰ ਮੈਂਬਰਾਂ ਨੇ ਸਮਾਗਮ ਨੂੰ ਹੋਰ ਮਿਆਰੀ ਬਣਾਉਣ ਲਈ ਆਪੋ ਆਪਣੇ ਸੁਝਾਅ ਪੇਸ਼ ਕੀਤੇ।ਸਰਬਸੰਮਤੀ ਨਾਲ ਇਸ ਵਾਰ ਇਹ ਸਨਮਾਨ ਸਮਾਰੋਹ 30 ਨਵੰਬਰ ਨੂੰ ਰਾਮ ਸਿੰਘ ਦੱਤ ਯਾਦਗਾਰੀ ਹਾਲ ਗੁਰਦਾਸਪੁਰ ਵਿਖੇ ਆਯੋਜਿਤ ਕਰਨ ਦਾ ਫ਼ੈਸਲਾ ਕੀਤਾ ਗਿਆ।ਇਸ ਵਾਰ ਪ੍ਰਵਾਸ, ਚਣੌਤੀਆਂ ਤੇ ਸਮਾਧਾਨ ਵਿਸ਼ੇ ਉੱਤੇ ਵਿਸ਼ੇਸ਼ ਵਿਚਾਰ-ਚਰਚਾ ਕਰਨ ਲਈ ਵੀ ਸਹਿਮਤੀ ਪ੍ਰਗਟਾਈ ਗਈ।ਸਮਾਗਮ ਦਾ ਘੇਰਾ ਹੋਰ ਮੋਕਲਾ ਕਰਨ ਵਾਸਤੇ ਨਵਿਆਇਆ ਸਾਹਿਤ ਸਭਾਵਾਂ, ਜਥੇਬੰਦੀਆਂ ਅਤੇ ਐਨ ਜੀ ਓਜ਼ ਨਾਲ ਰਾਬਤਾ ਕਾਇਮ ਕਰਨ ਦੀਆਂ ਡਿਊਟੀਆਂ ਵੀ ਲਗਾਈਆਂ ਗਈਆਂ।ਇਹ ਤੋਂ ਉਪਰੰਤ ਪਿਛਲੇ ਮਹੀਨੇ ਜ਼ਿਲ੍ਹਾ ਸਾਹਿਤ ਕੇਂਦਰ ਵੱਲੋਂ ਹਿੰਦੂ ਕੰਨਿਆ ਮਹਾਂਵਿਦਿਆਲਾ ਧਾਰੀਵਾਲ ਵਿਖੇ ਕਰਵਾਏ ਗਏ ਕਵੀ ਦਰਬਾਰ ਤੇ ਸਨਮਾਨ ਸਮਾਰੋਹ ਦੀ ਨਜ਼ਰਸਾਨੀ ਵੀ ਕੀਤੀ ਗਈ।ਇਸ ਸਮਾਰੋਹ ਨੂੰ ਸਫਲਤਾ ਪੂਰਵਕ ਸਿਰੇ ਚਾੜ੍ਹਨ ਲਈ ਹੋਰਨਾਂ ਤੋਂ ਇਲਾਵਾ ਕਾਲਜ ਮੈਨੇਜਮੈਂਟ, ਪ੍ਰਿੰਸੀਪਲ



ਡਾਕਟਰ ਰਜਵਿੰਦਰ ਕੌਰ ਨਾਗਰਾ, ਕਾਲਜ ਸਟਾਫ, ਕਾਲਜ ਵਿਦਿਆਰਥਣਾਂ ਦਾ ਅਤੇ ਮੀਡੀਆ ਕਰਮੀਆਂ ਦਾ ਉਨ੍ਹਾਂ ਵੱਲੋਂ ਕੀਤੀ ਗਈ ਕਵਰੇਜ ਲਈ ਵਿਸ਼ੇਸ਼ ਧੰਨਵਾਦ ਕੀਤਾ ਗਿਆ।ਸੀਨੀਅਰ ਮੀਤ ਪ੍ਰਧਾਨ ਸੁਲੱਖਣ ਸਰਹੱਦੀ ਦੀ ਪ੍ਰਧਾਨਗੀ ਹੇਠ ਹੋਈ ਇਸ ਮੀਟਿੰਗ ਵਿੱਚ ਜ਼ਿਲ੍ਹਾ ਸਾਹਿਤ ਕੇਂਦਰ ਦੇ ਪ੍ਰਧਾਨ ਡਾਕਟਰ ਲੇਖ ਰਾਜ, ਜਨਰਲ ਸਕੱਤਰ ਮੰਗਤ ਚੰਚਲ, ਸੀ. ਮੀਤ ਪ੍ਰਧਾਨ ਸੀਤਲ ਸਿੰਘ ਗੁੰਨੋਪੁਰੀ, ਗੁਰਮੀਤ ਸਿੰਘ ਬਾਜਵਾ, ਬੂਟਾ ਰਾਮ ਆਜ਼ਾਦ, ਨਿਸ਼ਾਨ ਸਿੰਘ ਜੌੜਾਸਿੰਘਾ, ਸੰਤੋਖ ਸਿੰਘ, ਰਾਜਨ ਤਰੇੜੀਆ, ਗੁਰਦਾਸ ਧਿਆਨ ਸਿੰਘ ਤੇ ਸ਼ਿਵ ਕੁਮਾਰ ਹਾਜ਼ਰ ਰਹੇ। ਜ਼ਿਲ੍ਹਾ ਸਾਹਿਤ ਕੇਂਦਰ ਦੇ ਸੰਯੋਜਕ ਮੱਖਣ ਕੁਹਾੜ ਨੇ ਕਨੇਡਾ ਤੋਂ ਫੋਨ ਰਾਹੀਂ ਆਪਣੀ ਹਾਜ਼ਰੀ ਲਵਾਈ।

# ਗੀਤ ਮੁਕਾਬਲੇ 'ਚ ਜੀ ਆਰ ਡੀ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਨੇ ਮੇਲਾ ਲੁੱਟਿਆ

ਅਜਨਾਲਾ (ਸੁਖਵਿੰਦਰ ਸਿੰਘ ਰਾਜੂ) ਮੰਚ ਲੋਕ ਅੰਮ੍ਰਿਤਸਰ ਵੱਲੋਂ ਸਰਕਾਰੀ ਐਲੀਮੈਂਟਰੀ ਸਮਾਰਟ ਸਕੂਲ ਉਮਰਪੁਰਾ ਵਿਖੇ ਤਹਿਸੀਲ ਲੈਵਲ 'ਤੇ 26ਵਾਂ ਗੁਰਦਿਆਲ ਸਿੰਘ ਫੁੱਲ ਯਾਦਗਾਰੀ ਸਮਾਗਮ ਕਰਵਾਇਆ ਗਿਆ।ਜਿਸ ਦੀ ਪ੍ਰਧਾਨਗੀ ਜੀ ਆਰ ਡੀ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਅਜਨਾਲਾ ਦੇ ਪ੍ਰਿੰਸੀਪਲ ਗੁਰਵਰਨ ਬਜਾਜ ਨੇ ਕੀਤੀ।ਜਿਸ ਵਿੱਚ ਵੱਖ ਵੱਖ ਸਕੂਲਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ।ਇਸ ਵਿੱਚ ਗੀਤ ਮੁਕਾਬਲਾ, ਭਾਸ਼ਣ ਮੁਕਾਬਲਾ, ਨਾਅਰਾ ਲੇਖਣ ਮੁਕਾਬਲਾ, ਸੁੰਦਰ ਲਿਖਾਈ ਮੁਕਾਬਲਾ ਤੇ ਆਦਿ ਹੋਰ ਵੀ ਕਈ ਮੁਕਾਬਲੇ ਕਰਵਾਏ ਗਏ।ਇਨ੍ਹਾਂ ਮੁਕਾਬਲਿਆਂ ਵਿੱਚ ਜੀ ਆਰ ਡੀ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਦੇ ਵੀ ਵਿਦਿਆਰਥੀ ਨੇ ਗੀਤ ਮੁਕਾਬਲੇ ਵਿੱਚ ਜੂਨੀਅਰ ਵਰਗ ਦੇ ਜਸਕੀਰਤ ਮਹਿਤਾ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ ਤੇ ਸੀਨੀਅਰ ਵਰਗ ਵਿੱਚ ਪਰਵ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ।ਭਾਸ਼ਣ ਮੁਕਾਬਲਿਆਂ ਵਿੱਚ ਜੂਨੀਅਰ ਵਰਗ ਦੇ ਵਿੱਚ ਹਰਮਸੀਰਤ ਕੌਰ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ ਤੇ ਸੀਨੀਅਰ ਵਰਗ ਵਿੱਚ ਤਰਨਵੀਰ ਕੌਰ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਨਾਅਰਾ ਲੇਖਣ ਵਿੱਚ ਗੁਰਸੀਰਤ ਕੌਰ ਨੇ ਪਹਿਲਾ ਸਥਾਨ, ਗਰੀਮਾ ਨੇ ਦੂਜਾ ਸਥਾਨ ਅਤੇ ਗੁਰਲੀਨ ਨੇ ਤੀਸਰਾ ਸਥਾਨ ਹਾਸਲ ਕੀਤਾ।ਸੁੰਦਰ ਲਿਖਾਈ ਵਿੱਚ ਤਨਵੀਰ ਨੇ ਪਹਿਲਾ ਸਥਾਨ ਸਿਮਰਨ ਨੇ ਦੂਜਾ ਸਥਾਨ ਅਤੇ ਅਰਮਾਨ ਜੋਤ ਕੌਰ ਨੇ ਤੀਸਰਾ ਸਥਾਨ ਹਾਸਿਲ ਕੀਤਾ



।ਚਾਰਟ ਮੇਕਿੰਗ ਦੇ ਵਿੱਚ ਮੁਸਕਾਨ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ। ਸਕੂਲ ਦੇ ਪ੍ਰਿੰਸੀਪਲ ਗੁਰਵਰਨ ਬਜਾਜ ਜੀ ਵੱਲੋਂ ਸਾਰੇ ਸਟਾਫ ਮੈਂਬਰ ਅਤੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਤਾ ਪਿਤਾ ਨੂੰ ਵਧਾਈ ਦਿੱਤੀ ਗਈ। ਇਸ ਮੌਕੇ 'ਤੇ ਪ੍ਰਿੰਸੀਪਲ ਗੁਰਵਰਨ ਬਜਾਜ ਜੀ ਐਮ ਡੀ ਮੈਡਮ ਸੰਤੋਸ਼ ਬਜਾਜ, ਸਰਕਾਰੀ ਐਲੀਮੈਂਟਰੀ ਸਕੂਲ ਉਮਰਪੁਰਾ ਦੇ ਪ੍ਰਿੰਸੀਪਲ, ਪ੍ਰਿੰਸੀਪਲ ਹਰਜਿੰਦਰ ਸਿੰਘ ਢਿੱਲੋਂ ਮਾਕੋਵਾਲ, ਜਸਦੀਪ ਕੌਰ, ਰਜਿੰਦਰ ਕੌਰ, ਸੁਖਰਾਜ ਕੌਰ, ਨੀਲਮ ਕੌਰ, ਮੀਨੂੰ, ਕਵਿਤਾ, ਰੇਨੂੰ, ਮਨਪ੍ਰੀਤ ਕੌਰ, ਬਲਜਿੰਦਰ ਕੌਰ, ਭਾਵਨਾ, ਸਿਮਰ ਮੈਡਮ, ਗੁਰਜਿੰਦਰ ਸਰ ਆਦਿ ਅਧਿਆਪਕ ਸ਼ਾਮਲ ਸਨ।

# ਪਰਾਲੀ ਦੇ ਮਸਲੇ 'ਤੇ ਠੋਸ ਹੱਲ ਕੱਢਣ 'ਚ ਸਰਕਾਰਾਂ ਫੇਲ੍ਹ : ਧਾਰੀਵਾਲ

ਪੱਟੀ ( ਬਲਦੇਵ ਸਿੰਘ ਸੰਧੂ) ਪਰਾਲੀ ਦੇ ਮਸਲੇ ਤੇ ਠੋਸ ਹੱਲ ਨਾ ਕੱਢਣ ਵਿੱਚ ਕੇਂਦਰ ਅਤੇ ਪੰਜਾਬ ਸਰਕਾਰ ਫੇਲ੍ਹ ਸਾਬਤ ਹੋ ਰਹੀ ਹੈ ਇਹ ਗੱਲ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਆਗੂ ਗੁਰਬੱਚਨ ਸਿੰਘ ਧਾਰੀਵਾਲ, ਤਰਸੇਮ ਸਿੰਘ ਧਾਰੀਵਾਲ, ਜਸਬੀਰ ਸਿੰਘ ਹਰੀਕੇ, ਗੁਰਜੰਟ ਸਿੰਘ ਭੱਗੂਪੁਰ ਹਰਵਿੰਦਰ ਸਿੰਘ ਆਸਲ ਗੁਰ ਸਿੰਘ ਸੈਦੋਂ ਨੇ ਪ੍ਰੈਸ ਨੂੰ ਲਿਖਤੀ ਪ੍ਰੈਸ ਨੋਟ ਜਾਰੀ ਕਰਦਿਆਂ ਕਹੀ।ਕਿਸਾਨ ਆਗੂਆਂ ਨੇ ਕਿਹਾ ਪਰਾਲੀ ਸਾੜਨ ਵਾਲੇ ਕਿਸਾਨਾਂ 'ਤੇ ਪਰਚੇ ਦਰਜ ਕੀਤੇ ਜਾ ਰਹੇ ਹਨ ਪਰ ਸਰਕਾਰ ਵੱਲੋਂ ਪਰਾਲੀ ਦੀ ਸਾਂਭ ਸੰਭਾਲ 'ਤੇ ਕੋਈ ਖਾਸ ਪ੍ਰਬੰਧ ਨਹੀਂ ਕੀਤੇ ਗਏ ਛੋਟੇ ਕਿਸਾਨਾਂ ਨੂੰ ਪਰਾਲੀ ਦੀਆਂ ਗੱਠਾਂ ਬੰਨਣ ਵਾਲੇ ਬੇਲਰ ਨਹੀਂ ਮਿਲ ਰਹੇ ਜਿਹੜੇ ਕਿਸਾਨ ਗੱਠਾਂ ਬੰਨ੍ਹ ਚੁੱਕੇ ਹਨ ਉਹਨਾਂ ਦੀਆਂ ਗੱਠਾਂ ਜ਼ਮੀਨ ਵਿਚੋਂ ਚੁੱਕੀਆਂ ਨਹੀਂ ਜਾ ਰਹੀਆਂ ਜਿਸ ਵਿੱਚ ਕਿਸਾਨਾਂ ਦੀ ਵੱਡੀ ਲੁੱਟ ਹੋ ਰਹੀ। ਡੀਜ਼ੇ ਦਾ ਭਾਅ ਘੱਟ ਹੋਣ ਕਰਕੇ ਕਿਸਾਨ ਪਹਿਲਾਂ ਪ੍ਰੇਸ਼ਾਨ ਹੈ ਦੂਜੇ ਪਾਸੇ ਕਣਕ ਦੀ ਬਿਜਾਈ ਵਿੱਚ ਦਿਨ ਲੇਟ ਹੋ ਰਹੀ ਹੈ ਜਿਸ ਕਰਕੇ ਕਿਸਾਨ ਪਰਾਲੀ ਨੂੰ ਅੱਗ ਲਾਉਣ ਲਈ ਮਜ਼ਬੂਰ ਹਨ ਅਤੇ ਜੇਕਰ ਕਿਸਾਨ ਪਰਾਲੀ ਸਾੜਦਾ ਹੈ ਤਾਂ ਉਹਨਾਂ 'ਤੇ ਪਰਚੇ ਦਰਜ ਕੀਤੇ ਜਾ ਰਹੇ ਹਨ ਪਰ ਸਰਕਾਰ ਕਦੇ ਵੀ ਕਿਸਾਨਾਂ ਦੇ ਹੱਕ ਵਿੱਚ ਨਹੀਂ ਖੜੀ।



ਮਜ਼ਦੂਰ ਸੰਘਰਸ਼ ਕਮੇਟੀ ਵੱਲੋਂ ਮੀਟਿੰਗ ਸੱਦ ਕੇ ਐਸ ਡੀ ਐਮ ਪੱਟੀ ਦੇ ਦਫ਼ਤਰ ਅੱਗੇ ਹਜ਼ਾਰਾਂ ਦੀ ਗਿਣਤੀ ਵਿੱਚ ਕਿਸਾਨਾਂ ਮਜ਼ਦੂਰਾਂ ਵੱਲੋਂ ਇਕੱਠ ਕਰਕੇ ਟਰਾਲਿਆਂ ਵਿੱਚ ਲਿਆ ਕੇ ਪਰਾਲੀ ਦੇ ਢੇਰ ਲਗਾਏ ਜਾਣਗੇ, ਜਿਸ ਦੀ ਜ਼ਿੰਮੇਵਾਰੀ ਪੰਜਾਬ ਸਰਕਾਰ ਤੇ ਪ੍ਰਸ਼ਾਸਨ ਦੀ ਹੋਵੇਗੀ।ਕਿਸਾਨ ਆਗੂਆਂ ਨੇ ਮੰਗ ਕਰਦਿਆਂ ਕਿਹਾ ਕਿ ਜੇਕਰ ਸਰਕਾਰ ਕੋਲ ਪਰਾਲੀ ਦੀ ਸਾਂਭ ਸੰਭਾਲ ਲਈ ਠੋਸ ਹੱਲ ਨਹੀਂ ਹੈ ਤਾਂ ਕਿਸਾਨ ਨੂੰ 200 ਰੁਪਏ ਪ੍ਰਤੀ ਕੁਇੰਟਲ ਬੋਨਸ ਦਿੱਤਾ ਜਾਵੇ ਤਾਂ ਜੋ ਕਿਸਾਨ ਪਰਾਲੀ ਦੀ ਸਾਂਭ ਸੰਭਾਲ ਕਰ ਸਕਣ।ਇਸ ਤੋਂ ਇਲਾਵਾ ਉਹਨਾਂ ਅਪੀਲ ਕੀਤੀ ਕਿ ਖਾਦ ਦੇ ਤੇ ਹੋ ਰਹੀ ਕਾਲਾਬਾਜ਼ਾਰੀ 'ਤੇ ਰੋਕ ਲਗਾਈ ਜਾਵੇ ਤਾਂ ਜੋ ਲੋਕ ਲੁੱਟ ਦਾ ਸ਼ਿਕਾਰ ਨਾ ਬਣਨ।

# ਪੰਜਾਬ 'ਚ ਅਮਨ ਸ਼ਾਂਤੀ ਤੇ ਖੁਸ਼ਹਾਲੀ ਸਿਰਫ ਕਾਂਗਰਸ ਹੀ ਲਿਆ ਸਕਦੀ : ਗੁਰਜੀਤ, ਸਰਕਾਰੀਆ

ਝਬਾਲ (ਮੱਖਣ ਮਨੋਜ)-ਕਾਂਗਰਸੀ ਉਮੀਦਵਾਰ ਕਰਨਬੀਰ ਸਿੰਘ ਬੁਰਜ ਦੇ ਹੱਕ 'ਚ ਕਾਂਗਰਸੀ ਵਰਕਰਾਂ ਦਾ ਭਾਰੀ ਇਕੱਠ ਚੇਅਰਮੈਨ ਗੁਰਬਖਸ਼ ਸਿੰਘ ਬੁਰਜ ਅਤੇ ਸਾਬਕਾ ਚੇਅਰਮੈਨ ਲਖਬੀਰ ਸਿੰਘ ਬੁਰਜ ਦੇ ਗ੍ਰਹਿ ਵਿਖੇ ਐਡਾ ਪੰਜਵੜ ਵਿਖੇ ਹੋਇਆ।

ਜਿਸ ਵਿੱਚ ਸਾਬਕਾ ਮੰਤਰੀ ਰਾਣਾ ਗੁਰਜੀਤ ਸਿੰਘ ਅਤੇ ਸਾਬਕਾ ਮੰਤਰੀ ਸੁਖਬਿੰਦਰ ਸਿੰਘ ਸੁੱਖ ਸਰਕਾਰੀਆ ਉਚੇਚੇ ਤੌਰ 'ਤੇ ਪਹੁੰਚੇ ਜਿਹਨਾਂ ਇਕੱਤਰ ਵਰਕਰਾਂ ਨੇ ਕਾਂਗਰਸੀ ਉਮੀਦਵਾਰ ਕਰਨ ਬੁਰਜ ਨੂੰ ਵੱਧ ਤੋਂ ਵੱਧ ਵੋਟਾਂ ਪਾ ਕੇ ਜਿਤਾਉਣ ਦੀ ਅਪੀਲ ਕਰਦਿਆਂ ਕਿਹਾ ਕਿ ਪੰਜਾਬ ਵਿੱਚ ਜੇਕਰ ਖੁਸ਼ਹਾਲੀ ਤੇ ਅਮਨ ਸ਼ਾਂਤੀ ਚਾਹੁੰਦੇ ਹੋ ਤਾਂ ਕਾਂਗਰਸ ਨੂੰ ਜਿਤਾਉਣਾ। ਇਸ ਸਮੇਂ ਚੇਅਰਮੈਨ ਭਰਾਵਾਂ ਗੁਰਬਖਸ਼ ਸਿੰਘ ਬੁਰਜ ਅਤੇ ਸਾਬਕਾ ਚੇਅਰਮੈਨ ਲਖਬੀਰ ਸਿੰਘ ਬੁਰਜ, ਮਹਾਂਬੀਰ ਸਿੰਘ ਬੁਰਜ ਅਤੇ ਕਰਨ ਬੁਰਜ ਰਵਿੰਦਰਾ ਸਕੂਲ ਵਾਲੇ ਨੇ ਆਏ ਹੋਏ ਪਤਵੰਤੇ ਵਿਅਕਤੀਆਂ ਦਾ ਸਨਮਾਨ ਕੀਤਾ। ਇਸ ਸਮੇਂ ਪਹੁੰਚੇ ਵਿਅਕਤੀਆਂ ਵਿੱਚ ਸਾਬਕਾ ਵਿਧਾਇਕ ਤਰਸੇਮ ਸਿੰਘ



ਡੀ ਸੀ, ਡਿਪਟੀ ਮੇਅਰ ਰਮਨ ਬਖਸ਼ੀ, ਜੀਤ ਰਤਨ ਸਿੰਘ ਖਹਿਰਾ, ਹਰਬਰਨ ਸਿੰਘ ਮੱਲਾ ਸੋਹਲ, ਮਹਾਂਬੀਰ ਸਿੰਘ ਬੁਰਜ, ਕਰਨਬੀਰ ਸਿੰਘ ਬੁਰਜ, ਪੀ ਏ ਗੁਰਜਿੰਦਰ

ਸਿੰਘ ਸੰਧੂ, ਸਾਬਕਾ ਸਰਪੰਚ ਮਿਲਖਾ ਸਿੰਘ, ਹਰਭਜਨ ਸਿੰਘ ਬੁਰਜ, ਰਾਜਦੀਪ ਸਿੰਘ ਖਡੂਰ ਸਾਹਿਬ, ਮੁਖਤਾਰ ਸਿੰਘ ਬੁਰਜ, ਸਵਿੰਦਰ ਸਿੰਘ ਡੱਲਾ, ਸੰਤੋਖ ਸਿੰਘ ਬੁਰਜ, ਬਾਜ ਸਿੰਘ ਬੁਰਜ, ਦਿਲਬਾਗ ਸਿੰਘ ਮੈਂਬਰ, ਲਾਲੀ ਬੁਰਜ ਗੁਰਮੇਜ ਸਿੰਘ, ਧੰਨਾ ਸਿੰਘ, ਭੁਪਿੰਦਰ ਸਿੰਘ, ਕੈਪਟਨ ਸਿੰਘ, ਵਰਿੰਦਰ ਸਿੰਘ, ਪੰਮਾ ਬੁਰਜ, ਸੋਨੂੰ ਬੁਰਜ, ਵਿਰਸਾ ਸਿੰਘ, ਅਵਤਾਰ ਸਿੰਘ ਆਦਿ ਹਾਜ਼ਰ ਸਨ।

# ਅਕਾਲੀ ਵਰਕਰਾਂ ਖ਼ਿਲਾਫ਼ ਝੂਠੇ ਕੇਸ ਦਾਇਰ ਕਰ ਕੇ 'ਆਪ' ਨੇ ਆਪਣੀ ਹਾਰ ਕਬੂਲੀ : ਹਰਸਿਮਰਤ ਕੌਰ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-ਸੀਨੀਅਰ ਅਕਾਲੀ ਆਗੂ ਹਰਸਿਮਰਤ ਕੌਰ ਬਾਦਲ ਨੇ 27 ਅਕਤੂਬਰ ਨੂੰ ਕਿਹਾ ਕਿ ਆਮ ਆਦਮੀ ਪਾਰਟੀ ਨੇ ਤਰਨ ਤਾਰਨ ਜ਼ਿਮਨੀ ਚੋਣ ਵਿਚ ਅਕਾਲੀ ਦਲ ਦੇ ਉਮੀਦਵਾਰ ਦੀ ਧੀ ਕੰਚਨਪ੍ਰੀਤ ਕੌਰ ਅਤੇ ਹੋਰ ਅਕਾਲੀ ਆਗੂਆਂ ਖ਼ਿਲਾਫ਼ ਝੂਠੇ ਕੇਸ ਦਰਜ ਕਰ ਕੇ ਆਪਣੀ ਹਾਰ ਕਬੂਲ ਲਈ ਹੈ। ਇਥੇ ਪਾਰਟੀ ਉਮੀਦਵਾਰ ਪ੍ਰਿੰਸੀਪਲ ਸੁਖਵਿੰਦਰ ਕੌਰ ਰੰਧਾਵਾ ਦੇ ਹੱਕ ਵਿਚ ਇਕ ਜਨਤਕ ਮੀਟਿੰਗ ਨੂੰ ਸੰਬੋਧਨ ਕਰਦਿਆਂ ਬਠਿੰਡਾ ਦੇ ਐਮ ਪੀ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਧਰਮੀ ਫੌਜੀ ਦੇ ਪਰਵਾਰ ਦੀ ਹਮਾਇਤ ਕਰਨ ਜੋ ਸਮਾਜ ਸੇਵਾ ਲਈ ਦ੍ਰਿੜ੍ਹ ਸੰਕਲਪ ਹੈ ਜਦੋਂ ਕਿ ਦੂਜੇ ਪਾਸੇ 'ਆਪ' ਉਮੀਦਵਾਰ ਹਰਮੀਤ ਸਿੰਘ ਸੰਧੂ ਦਾ ਪਰਵਾਰ ਗੈਂਗਸਟਰਾਂ ਦੀ ਹਮਾਇਤ ਨਾਲ ਚੋਣ ਲੜ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਕਿਵੇਂ ਝੂਠੇ ਕੇਸ ਦਰਜ ਕਰਕੇ ਪਾਰਟੀਆਂ ਵਿਚ ਨੁਕਸਾਨ ਕਰ ਰਹੀ ਹੈ ਤੇ ਇਸ ਲਈ ਹਮਾਇਤ ਕਰ ਕੇ ਪੰਜਾਬ ਵਿਰੋਧੀ ਸਾਜ਼ਿਸ਼ਾਂ ਵਿਚ ਤਾਕਤਾਂ ਦਾ ਸਾਥ ਦੇ ਰਹੀਆਂ ਹਨ। ਉਨ੍ਹਾਂ ਕਿਹਾ ਕਿ ਸਿਆਸੀ ਹਿੱਤਾਂ ਲਈ ਪੰਜਾਬੀਆਂ ਨੂੰ ਵੰਡਣ 'ਤੇ ਤੁਲੀਆਂ ਹੋਈਆਂ ਹਨ।ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਆਪ ਸਰਕਾਰ ਤਰਨ ਤਾਰਨ ਜ਼ਿਮਨੀ ਚੋਣ ਦੀ ਲੜਾਈ ਸੰਚਾਰੀ ਤੇ ਝੂਠ ਵਿਚਾਲੇ ਲੜਾਈ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਤੇ 'ਆਪ' ਨੇ ਤਰਨਤਾਰਨ ਚੋਣ ਨੂੰ ਵੀ ਪ੍ਰਭਾਵਿਤ ਕਰਨ ਲਈ ਵਾਲੀਆਂ ਗੱਡੀਆਂ ਨਾਲ ਨਾਟਕ ਕਰ ਕੇ ਸੱਤਾ 'ਤੇ ਚੜ੍ਹਨਾ ਚਾਹੁੰਦਾ ਹੈ। ਅਕਾਲੀ ਦਲ ਦੇ ਪਰਵਾਰ ਦੀ ਸੇਵਾ ਦੇ ਕੇ ਕਿਹਾ ਕਿ ਇਹਨਾਂ ਆਧਾਰਿਤ ਸਾਰੀਆਂ



ਪਾਰਟੀਆਂ ਵਿਰੁੱਧ ਹਨ ਤੇ ਅਕਾਲੀ ਦਲ ਦੇ ਖ਼ਿਲਾਫ਼ ਹਨ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਖੇਤਰੀ ਪਾਰਟੀ ਦੀ ਹਮਾਇਤ ਕਰ ਕੇ ਪੰਜਾਬ ਵਿਰੋਧੀ ਸਾਰੀਆਂ ਤਾਕਤਾਂ ਨੂੰ ਸਬਕ ਸਿਖਾਉਣ ਕਿਉਂਕਿ ਇਹ ਸਭ 'ਤੇ ਤੁਲੀਆਂ ਹੋਈਆਂ ਹਨ।ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਆਪ ਸਰਕਾਰ ਬਦਲੇ ਦੀ ਭਾਵਨਾ ਨਾਲ ਕੰਮ ਕਰ ਰਹੀ ਹੈ। ਉਨ੍ਹਾਂ ਨੇ ਆਮ ਆਦਮੀ ਪਾਰਟੀ ਦੀ 'ਆਪ' ਨੇ ਤਰਨਤਾਰਨ ਨਾਲ ਲਗਾਤਾਰ ਧੋਖਾ ਕੀਤਾ ਹੈ। ਇਹਨਾਂ ਵਿੱਚ ਕੋਈ ਵੀ ਪਾਰਟੀ ਹਾਲ ਹੀ ਵਿਚ ਤਬਾਹੀ ਭਰੇ ਹੜ੍ਹਾਂ ਵਿਚ ਪੰਜਾਬੀਆਂ ਨਾਲ ਨਹੀਂ ਖੜ੍ਹੀ। ਉਹਨਾਂ ਕਿਹਾ ਕਿ ਇਕੱਲਾ ਅਕਾਲੀ ਦਲ ਹੀ ਕਿਸਾਨਾਂ ਦੀ ਮਦਦ ਵਾਸਤੇ ਨਿਤਰਿਆ ਅਤੇ ਇਸ ਨੇ ਪੰਜ ਲੱਖ ਏਕੜ ਜ਼ਮੀਨ ਵਾਸਤੇ ਕਣਕ ਦੇ ਸਰਟੀਫਾਈਡ ਬੀਜ ਪ੍ਰਦਾਨ ਕਰ ਰਿਹਾ ਹੈ। ਬਾਦਲ ਨੇ ਕਿਹਾ ਕਿ ਅਕਾਲੀ ਦਲ ਨੇ ਪਹਿਲਾਂ ਆਪਣੀ ਸਰਕਾਰ ਵੇਲੇ ਸਰਹੱਦੀ ਪੱਟੀ ਵਿਚ ਵੱਖ-ਵੱਖ ਵਿਕਾਸ ਸਕੀਮਾਂ ਲਾਗੂ ਕੀਤੀਆਂ। ਉਹਨਾਂ ਕਿਹਾ ਕਿ ਪਾਰਟੀ ਨੇ ਹੀ ਕੰਡਿਆਲੀ ਤਾਰ ਤੋਂ ਪਾਰ ਜ਼ਮੀਨ ਵਿਚ ਖੇਤੀ ਕਰਦੇ ਕਿਸਾਨਾਂ ਨੂੰ ਮੁਆਵਜ਼ਾ ਪ੍ਰਦਾਨ ਕੀਤਾ। ਇਸ ਮੌਕੇ ਅਕਾਲੀ ਆਗੂ ਗੁਰਚਰਨ ਸਿੰਘ ਗਰੇਵਾਲ, ਬੀਬੀ ਕੰਚਨਪ੍ਰੀਤ ਕੌਰ , ਪਰਮਬੰਸ ਸਿੰਘ ਰੋਮਾਣਾ, ਗੁਰੂਵ ਵਲਟੋਹਾ, ਪਰਮਜੀਤ ਸਿੰਘ ਮੱਖਣ ਲਾਲਕਾ, ਗੁਰਸੇਵਕ ਸਿੰਘ ਸ਼ੇਖ ਤੋਂ ਗਗਨਦੀਪ ਸਿੰਘ ਖੰਡੇਬਾਦ ਆਦਿ ਹਾਜ਼ਰ ਸਨ ।

# ਡਾਕਟਰ ਜਸਬੀਰ ਸਿੰਘ ਭਿੰਡੀ ਔਲਖ ਦਾ ਸਨਮਾਨ

ਅਜਨਾਲਾ (ਸੁਖਵਿੰਦਰ ਸਿੰਘ ਰਾਜੂ) ਗੁਰਮਤਿ ਗਿਆਨ ਸਭਾ ਨਰਾਇਣਗੜ੍ਹ, ਛੇਹਰਟਾ ਜੋ ਕਿ ਗੁਰਦੁਆਰਾ ਛੋਹਰਟਾ ਸਾਹਿਬ ਵਿਖੇ ਹਰ ਪੰਦਰਵੀ ਮੌਕੇ ਗੁਰਮਤਿ ਗਿਆਨ ਦਾ ਕੈਂਪ ਲਗਾ ਕੇ ਸੰਗਤਾਂ ਅਤੇ ਬੱਚਿਆਂ ਤੋਂ ਗੁਰਮਤਿ ਗਿਆਨ ਦਾ ਪੱਧਰ ਲੈ ਕੇ ਧਰਮ ਦੀ ਜਾਣਕਾਰੀ ਦਿੰਦਾ ਹੈ ਅਤੇ ਸਮੇਂ ਸਮੇਂ ਸਮਾਜ ਵਿੱਚ ਉੱਚਾ ਆਚਰਨ ਰੱਖਣ ਵਾਲੇ ਅਤੇ ਸਮਾਜ ਸੇਵੀ ਸ਼ਖ਼ਸੀਅਤਾਂ ਨੂੰ ਸਨਮਾਨਿਤ ਵੀ ਕੀਤਾ ਜਾਂਦਾ ਹੈ।

ਗੁਰਮਤਿ ਗਿਆਨ ਸਭਾ ਦੇ ਮੁੱਖ ਸੇਵਾਦਾਰ ਪ੍ਰਿੰਸੀਪਲ ਮੇਜਰ ਸਿੰਘ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਕੈਂਪ ਦੌਰਾਨ ਸਰਹੱਦੀ ਇਲਾਕੇ ਦੇ ਜੁਝ ਕਲੱਬ ਭਿੰਡੀ ਔਲਖ ਦੇ ਮੈਂਬਰ ਜੋ ਕਿ ਗੁਰਦੁਆਰਾ ਦਮਦਮਾ ਸਾਹਿਬ ਵਿਖੇ ਵੀ ਹਰ ਸਾਲ ਦੇ ਰੋਜ਼ਾ ਦਵਾਈਆਂ ਦਾ ਫਰੀ ਕੈਂਪ ਵੀ ਲਗਾਉਂਦੇ ਹਨ ।

ਆਪਣੇ ਇਲਾਕੇ ਦੀਆ ਹਰ ਸਮਾਜ ਸੇਵੀ ਸੇਵਾਵਾਂ ਵਿੱਚ ਭਾਗ ਲੈਂਦੇ ਹਨ ਅਤੇ ਵਾਹਿਗੁਰੂ ਦੇ ਸ਼ੁਕਰ ਤੇ ਸ਼ੁਕਰਾਨੇ ਵਿੱਚ ਆਪਣਾ ਸੁਚੱਜਾ ਜੀਵਨ ਜੀ ਰਹੇ ਹਨ।ਉਹਨਾਂ ਦੀਆਂ ਸੇਵਾਵਾਂ ਨੂੰ ਮੁੱਖ ਰੱਖਦੇ ਹੋਏ



ਗੁਰਮਤਿ ਗਿਆਨ ਸਭਾ ਦੇ ਮੁੱਖ ਸੇਵਾਦਾਰ ਅਤੇ ਸਭਾ ਦੇ ਮੈਂਬਰਾਂ ਵੱਲੋਂ ਗੁਰਮਤਿ ਗਿਆਨ ਪ੍ਰਸ਼ਨੋਤਰੀ ਦੇ ਨਾਲ ਸਨਮਾਨਿਤ ਕੀਤਾ ਗਿਆ।

ਇਸ ਸਮੇਂ ਮੁੱਖ ਤੌਰ 'ਤੇ ਹਾਜ਼ਰ ਸਨ ਪ੍ਰਿੰਸੀਪਲ ਮੇਜਰ ਸਿੰਘ ਡੱਲੇਕੇ, ਤਰਨਜੀਤ ਸਿੰਘ, ਰਣਵੰਤ ਸਿੰਘ ਕੋਟਲਾ, ਪ੍ਰੇਮ ਸਿੰਘ, ਸੂਬੇਦਾਰ ਮੇਜਰ ਨਿਰੰਜਨ ਸਿੰਘ, ਬਲਦੇਵ ਸਿੰਘ, ਸਰਮੁੱਖ ਸਿੰਘ ਬਰਗਾੜ, ਤਰਲੋਚਨ ਸਿੰਘ ਘਈ, ਕੁਲਦੀਪ ਸਿੰਘ ਭੈਣੀ, ਡਾ. ਗਗਨਦੀਪ ਸਿੰਘ, ਗੁਰਦੁਆਰਾ ਛੇਹਰਟਾ ਸਾਹਿਬ ਦੇ ਹੈੱਡ ਗ੍ਰੰਥੀ ਭਾਈ ਹਰਦੇਵ ਸਿੰਘ ਮੁੱਖ ਤੌਰ 'ਤੇ ਹਾਜ਼ਰ ਸਨ।

# ਵਾਲੀਬਾਲ ਮੁਕਾਬਲੇ 'ਚ ਐੱਸ ਆਰ ਐੱਸ ਵਿੱਦਿਆਪੀਠ ਦੇ ਵਿਦਿਆਰਥੀਆਂ ਨੇ ਮਾਰੀਆਂ ਮੱਲਾਂ

**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)** 25 ਅਕਤੂਬਰ ਨੂੰ ਪਟਿਆਲਾ ਸਹੋਦਿਆ ਸਕੂਲ ਕੰਪਲੈਕਸ ਵੱਲੋਂ ਵਾਲੀਬਾਲ (ਅੰਡਰ-19 ਤੇ ਅੰਡਰ-14 ਮੁੰਡਿਆਂ) ਖੇਡ ਮੁਕਾਬਲਾ ਨਵਨੀਤ ਪਬਲਿਕ ਸਕੂਲ ਨਰਮਾਣਾ (ਨਾਭਾ) ਵਿਖੇ ਆਯੋਜਿਤ ਕੀਤਾ ਗਿਆ।



ਮੁਕਾਬਲੇ ਵਿੱਚ ਕਈ ਸਕੂਲਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ।ਐੱਸ.ਆਰ.ਐੱਸ ਵਿੱਦਿਆਪੀਠ ਸਮਾਣਾ ਦੇ ਵਿਦਿਆਰਥੀਆਂ ਨੇ ਵੀ ਇਸ ਮੁਕਾਬਲੇ ਵਿੱਚ ਵਧ-ਚੜ੍ਹ ਕੇ ਹਿੱਸਾ ਲਿਆ ਤੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਵਾਲੀਬਾਲ (ਅੰਡਰ -19) ਖੇਡ ਮੁਕਾਬਲੇ ਵਿੱਚ ਨਵਰਾਜ ਸਿੰਘ, ਵਾਰਿਸ ਸਿੰਘ, ਅਵੀਜੋਤ ਸਿੰਘ, ਅਵਤਾਰ ਸਿੰਘ, ਦਿਲਜਾਨ ਸਿੰਘ, ਗੁਰਜੋਤ ਸਿੰਘ, ਅਸ਼ਮੀਤ ਸਿੰਘ, ਹਰਮਨ ਸਿੰਘ, ਕਿਰਤਮਾਨ, ਐਸ਼ਮੀਤ ਸਿੰਘ, ਗੁਰਜੋਤ ਸਿੰਘ, ਅਤੇ ਹੇਵਿਨ ਨੇ ਭਾਗ ਲਿਆ ਤੇ ਆਪਣੇ ਜੋਸ਼ ਤੇ ਦ੍ਰਿੜ ਇਰਾਦੇ ਨਾਲ ਖੇਡ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਪਹਿਲਾ ਸਥਾਨ ਹਾਸਲ ਕੀਤਾ।ਅੰਡਰ -14 ਮੁਕਾਬਲੇ ਵਿੱਚ ਦਾਨਵੀਰ ਸਿੰਘ, ਅਰਸ਼ਦੀਪ ਸਿੰਘ, ਮੋਹਿਤ ਸ਼ਰਮਾ, ਐਸ਼ਵੀਰ ਸਿੰਘ, ਮਨਤਾਜ ਸਿੰਘ, ਇਸ਼ਾਨਵੀਰ ਸਿੰਘ, ਮਾਨਵਿੰਦਰ ਸਿੰਘ, ਗੁਰਨੂਰ ਸਿੰਘ ਅਤੇ ਗੁਰਮਨ ਸਿੰਘ ਨੇ ਭਾਗ ਲਿਆ ਅਤੇ ਆਪਣੀ ਖੇਡ ਕਲਾ ਦੇ ਜੌਹਰ ਦਿਖਾਉਂਦੇ ਹੋਏ ਫਸਟ ਰਨਰਅਪ ਦਾ ਸਥਾਨ ਹਾਸਲ ਕੀਤਾ।ਇਨ੍ਹਾਂ ਹੋਣਹਾਰ ਵਿਦਿਆਰਥੀਆਂ ਨੇ ਸ਼ਾਨਦਾਰ ਸਫ਼ਲਤਾ ਪ੍ਰਾਪਤ ਕਰਕੇ ਆਪਣੇ ਸਕੂਲ ਅਤੇ ਮਾਤਾ-ਪਿਤਾ ਦਾ ਨਾਂਅ ਰੌਸ਼ਨ ਕੀਤਾ।ਪਹਿਲਾ ਸਥਾਨ ਹਾਸਲ ਕਰਨ 'ਤੇ ਅਤੇ ਫਸਟ ਰਨਰਅਪ ਦਾ ਸਥਾਨ ਹਾਸਲ ਕਰਨ 'ਤੇ ਇਹਨਾਂ ਖਿਡਾਰੀਆਂ ਨੂੰ ਤਮਗਿਆਂ ਅਤੇ ਟਰਾਫੀ ਨਾਲ ਸਨਮਾਨਤ ਕੀਤਾ ਗਿਆ।

# ਸ਼ਹੀਦੀ ਸ਼ਤਾਬਦੀ ਮੌਕੇ ਸੜਕਾਂ, ਨਾਲੀਆਂ ਤੇ ਗਲੀਆਂ ਦੀ ਮੁਰੰਮਤ ਸ਼ੁਰੂ



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਅਗਲੇ ਮਹੀਨੇ ਨਵੰਬਰ ਵਿਚ ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 350 ਸਾਲਾ ਪਾਵਨ ਸ਼ਹੀਦੀ ਸ਼ਤਾਬਦੀ ਮੌਕੇ ਗੁਰੂ ਨਗਰੀ ਸ੍ਰੀ ਅਨੰਦਪੁਰ ਸਾਹਿਬ ਨੂੰ ਸੁੰਦਰ ਤੇ ਸਾਫ਼-ਸੁਥਰਾ ਬਣਾਉਣ ਲਈ ਪ੍ਰਸ਼ਾਸਨ ਵੱਲੋਂ ਸ਼ਹਿਰ ਦੀਆਂ ਸੜਕਾਂ, ਨਾਲੀਆਂ ਤੇ ਗਲੀਆਂ ਦੀ ਮੁਰੰਮਤ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਬੁਲਾਰੇ ਨੇ ਦੱਸਿਆ ਕਿ ਕੈਬਨਟ ਮੰਤਰੀ ਹਰਜੋਤ ਸਿੰਘ ਬੈਂਸ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਡਿਪਟੀ ਕਮਿਸ਼ਨਰ ਰੂਪਨਗਰ ਵਰਜੀਤ ਵਾਲੀਆ ਦੇ ਹੁਕਮਾਂ 'ਤੇ ਨਗਰ ਕੌਂਸਲ ਪ੍ਰਧਾਨ ਹਰਜੀਤ ਸਿੰਘ ਜੀਤਾ ਦੀ ਦੇਖ-ਰੇਖ ਹੇਠ ਇਹ ਕੰਮ ਜਾਰੀ ਹੈ। ਬੁਲਾਰੇ ਨੇ ਦੱਸਿਆ ਕਿ ਵਿਸ਼ੇਸ਼ ਟੀਮ ਐਮੀ ਜਵਾਹਰ ਸਾਗਰ, ਏ ਐੱਮ ਈ ਹਰਪ੍ਰੀਤ ਸਿੰਘ ਭੰਗੂ, ਜੇ ਈ ਮਨਜੀਤ ਸਿੰਘ ਅਤੇ ਠੇਕੇ ਕੁਮਾਰ ਵੱਲੋਂ ਸ਼ਹਿਰ ਦਾ ਨਿਰੰਤਰ ਦੌਰਾ ਕੀਤਾ ਜਾ ਰਿਹਾ ਹੈ।ਇਸ ਮੌਕੇ ਸ਼ਹਿਰ ਦੀਆਂ ਵੱਖ-ਵੱਖ ਜਗ੍ਹਾਂ ਦਾ ਦੌਰਾ ਵੀ ਕੀਤਾ ਗਿਆ। ਦੌਰੇ ਦੌਰਾਨ ਵਪਾਰ ਮੰਡਲ ਸ੍ਰੀ ਅਨੰਦਪੁਰ ਸਾਹਿਬ ਦੇ ਪ੍ਰਧਾਨ ਇੰਦਰਜੀਤ ਸਿੰਘ ਅਰੋੜਾ ਨੇ ਵੀ ਸ਼ਮੂਲੀਅਤ ਕੀਤੀ ਅਤੇ ਵੱਖ-ਵੱਖ ਥਾਵਾਂ 'ਤੇ ਹੋਣ ਵਾਲੇ ਕੰਮਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ।

# ਪ੍ਰਾਈਵੇਟ ਪਲੇਅ-ਵੇਅ ਸਕੂਲਾਂ ਦੀ ਰਜਿਸਟ੍ਰੇਸ਼ਨ ਲਾਜ਼ਮੀ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਜ਼ਿਲ੍ਹਾ ਪ੍ਰੋਗਰਾਮ ਅਫ਼ਸਰ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵੱਲੋਂ ਜਾਣਕਾਰੀ ਦਿੰਦੇ ਹੋਏ ਦੱਸਿਆ ਗਿਆ ਕਿ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ, ਪੰਜਾਬ ਬੱਚਿਆਂ ਦੇ ਸਰਬਪੱਖੀ ਵਿਕਾਸ ਲਈ ਸਰਕਾਰ ਵੱਲੋਂ ਪ੍ਰਾਈਵੇਟ ਸਕੂਲ/ਸੰਸਥਾਵਾਂ/ਪਲੇਅ-ਵੇਅ ਸਕੂਲ ਜੋ ਕਿ 'ਅਰਲੀ ਚਾਈਲਡ ਕੇਅਰ ਐਂਡ ਐਜੂਕੇਸ਼ਨ' ਦੇ ਖੇਤਰ ਵਿਚ ਕੰਮ ਕਰ ਰਹੀਆਂ ਹਨ, ਨੂੰ ਰਜਿਸਟਰ ਕਰਨ ਲਈ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਸਬੰਧੀ ਜ਼ਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਅਧੀਨ 3 ਤੋਂ 6 ਸਾਲ ਦੇ ਬੱਚਿਆਂ ਲਈ ਈ ਸੀ ਸੀ ਈ ਖੇਤਰ 'ਚ ਕੰਮ ਕਰ ਰਹੀਆਂ ਸੰਸਥਾਵਾਂ ਦੀ ਵਿਭਾਗ ਨਾਲ ਰਜਿਸਟ੍ਰੇਸ਼ਨ ਲਾਜ਼ਮੀ ਕਰਵਾਉਣ ਲਈ ਤੁਰੰਤ ਦਫ਼ਤਰ ਜ਼ਿਲ੍ਹਾ ਪ੍ਰੋਗਰਾਮ ਅਫਸਰ [illegible], ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਸੈਕਟਰ-76 ਮੋਹਾਲੀ ਵਿਖੇ ਸੰਪਰਕ ਕੀਤਾ ਜਾ ਸਕਦਾ ਹੈ। ਉਨ੍ਹਾਂ ਨੇ ਕਿਹਾ ਕਿ ਜ਼ਿਲ੍ਹੇ ਅਧੀਨ ਚੱਲ ਰਹੇ ਪਲੇਅ-ਵੇਅ ਸਕੂਲਾਂ ਲਈ ਰਜਿਸਟ੍ਰੇਸ਼ਨ ਕਰਵਾਉਣਾ ਲਾਜ਼ਮੀ ਹੈ। ਉਨ੍ਹਾਂ ਕਿਹਾ ਕਿ ਇਸ ਲਈ ਜੇਕਰ ਬਿਨਾਂ ਰਜਿਸਟ੍ਰੇਸ਼ਨ ਦੇ ਕੋਈ ਵੀ ਪਲੇਅ-ਵੇਅ ਸਕੂਲ ਚਲਦਾ ਪਾਇਆ ਜਾਂਦਾ ਹੈ ਤਾਂ ਇਸ ਸਬੰਧੀ ਬਣਦੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ।

# ਖੂਬਸੂਰਤ ਸੀਰਤ ਤੇ ਸੂਰਤ ਵਾਲੇ ਸਨ ਮਾਸਟਰ ਲਾਲ ਚੰਦ ਗਿੱਲ

ਮਾਸਟਰ ਲਾਲ ਚੰਦ ਦੀ ਸ਼ਖ਼ਸੀਅਤ ਨੂੰ ਪ੍ਰੀਭਾਸ਼ਤ ਕਰਨਾ ਹੋਵੇ ਤਾਂ ਕਿਹਾ ਜਾ ਸਕਦਾ ਹੈ ਕਿ ਉਹ ਖੂਬਸੂਰਤ ਸਮਾਜ ਸਿਰਜਣ ਦੀ ਤਾਂਘ ਰੱਖਣ ਵਾਲੇ ਇੱਕ ਖੂਬਸੂਰਤ ਸੂਰਤ ਤੇ ਸੀਰਤ ਵਾਲੇ ਵਿਅਕਤੀ ਸਨ। ਉਹ ਰਿਸ਼ਤਿਆਂ ਦੀ ਪਾਕੀਜ਼ਗੀ ਨੂੰ ਸਮਝਣ ਵਾਲੇ ਤੇ ਰਿਸ਼ਤੇ ਨਿਭਾਉਣ ਵਾਲੇ ਮਨੁੱਖ ਸਨ।



ਉਹ ਇੱਕ ਆਦਰਸ਼ ਅਧਿਆਪਕ ਸਨ। ਉਹ ਆਪਣੇ ਵਿਦਿਆਰਥੀਆਂ ਵਿੱਚ ਇੱਕ ਦੋਸਤ ਵਾਂਗ ਵਿਚਰਦੇ ਰਹੇ। ਉਹ ਇੱਕ ਚੰਗੇ ਪਤੀ ਤੇ ਜ਼ਿੰਮੇਵਾਰ ਪਿਤਾ ਵੀ ਸਨ।

ਉਨ੍ਹਾਂ ਦੀ ਸ਼ਖ਼ਸੀਅਤ ਵਿੱਚ ਅਨੇਕਾਂ ਮਨੁੱਖਵਾਦੀ ਗੁਣ ਸਨ। ਨਿਮਰਤਾ ਉਨ੍ਹਾਂ ਦਾ ਸਭ ਤੋਂ ਵੱਡਾ ਗੁਣ ਸੀ। [illegible] ਉਨ੍ਹਾਂ ਦੇ ਸੁਭਾਅ ਦਾ ਇੱਕ ਹੋਰ ਅਹਿਮ ਗੁਣ ਸੀ।

ਮਾਸਟਰ ਲਾਲ ਚੰਦ ਹੁਰਾਂ ਦੀ ਗੁਣਵੰਤੀ ਸ਼ਖ਼ਸੀਅਤ ਦਾ ਪ੍ਰਭਾਵ ਉਨ੍ਹਾਂ ਦੀ ਔਲਾਦ 'ਤੇ ਪ੍ਰਤੱਖ ਵੇਖਿਆ ਜਾ ਸਕਦਾ ਹੈ। ਉਨ੍ਹਾਂ ਦੀਆਂ ਧੀਆਂ ਤੇ ਪੁੱਤਰ ਬੜੇ ਹੀ ਸੁਲਝੇ ਹੋਏ ਹਨ। ਉਨ੍ਹਾਂ ਦੀ ਵੱਡੀ ਧੀ ਸੀਨਾ ਅਮਰੀਕਾ ਵਿੱਚ ਆਪਣੇ ਪਰਵਾਰ ਨਾਲ ਵਸਦੀ ਹੈ ਤੇ ਛੋਟੀ ਪ੍ਰਵੀਨ ਦਿੱਲੀ ਵਿੱਚ ਸੈਟਲ ਹੈ। ਉਨ੍ਹਾਂ ਦਾ ਪੁੱਤਰ ਮਾਸਟਰ ਸਾਹਿਬ ਗਿੱਲ ਵੀ ਐਂਜਲਜ਼ ਕੈਨੇਡਾ ਦਾ ਸ਼ਹਿਰੀ ਹੈ।

ਮਾਸਟਰ ਜੀ ਦਾ ਇਲਾਜ ਦਿੱਲੀ ਦੇ ਸਫ਼ਦਰ ਜੰਗ ਹਸਪਤਾਲ ਵਿੱਚ ਚੱਲਦਾ ਸੀ। ਬਿਮਾਰੀ ਦੌਰਾਨ ਵੀ ਉਹ ਚੜ੍ਹਦੀ ਕਲਾ ਵਿੱਚ ਰਹੇ। ਡਾਕਟਰਾਂ ਅਤੇ ਪਰਵਾਰ ਦੀਆਂ ਸੰਜੀਦਾ ਕੋਸ਼ਿਸ਼ਾਂ ਦੇ ਬਾਵਜੂਦ ਉਹ 20 ਅਕਤੂਬਰ ਨੂੰ ਉਥੇ ਚਲੇ ਗਏ, ਜਿੱਥੋਂ ਕੋਈ ਵਾਪਸ ਨਹੀਂ ਪਰਤਦਾ।

ਤਸੱਲੀ ਦੀ ਗੱਲ ਇਹ ਹੈ ਕਿ ਉਹ 84 ਸਾਲ ਦੀ ਮਾਣਮੱਤੀ ਜ਼ਿੰਦਗੀ ਬਸਰ ਕਰਕੇ ਗਏ ਅਤੇ ਪਿੱਛੇ ਖੂਬਸੂਰਤ ਪਰਵਾਰਕ ਫੁੱਲਵਾੜੀ ਛੱਡ ਕੇ ਗਏ ਹਨ।

ਅੱਜ 28 ਅਕਤੂਬਰ ਨੂੰ ਉਨ੍ਹਾਂ ਨਮਿਤ ਪ੍ਰਾਰਥਨਾ ਸਭਾ ਸੀ ਐੱਨ ਆਈ ਚਰਚ ਸਲੇਮਾਂ ਰੋਡ ਸ਼ਾਹਕੋਟ ਵਿਖੇ 12 ਵਜੇ ਹੋਵੇਗੀ।

—ਗਿਆਨ ਸੈਦਪੁਰੀ

# ਜਪੁਜੋਤ ਕੌਰ ਨੇ ਉੱਚੀ ਛਾਲ ਪ੍ਰਤੀਯੋਗਤਾ 'ਚ ਚਾਂਦੀ ਦਾ ਤਮਗਾ ਜਿੱਤਿਆ



**ਬਲਾਚੌਰ (ਜਸਵਿੰਦਰ ਬੈਂਸ)**- ਸ਼ਹੀਦ ਭਗਤ ਸਿੰਘ ਨਗਰ ਦੀ ਸਬ ਡਿਵੀਜ਼ਨ ਬਲਾਚੌਰ ਦੇ ਪਿੰਡ ਲੋਹਟ ਵਿਖੇ ਜਸਵਿੰਦਰ ਸੂਰੀ ਨੇ ਪੱਤਰਕਾਰਾਂ ਨਾਲ ਗੱਲ ਕਰਦੇ ਦੱਸਿਆ ਕਿ ਲੁਧਿਆਣਾ ਵਿਖੇ ਚੱਲ ਰਹੀਆਂ ਪੰਜਾਬ ਰਾਜ ਅੰਤਰ ਜ਼ਿਲਾ ਸਕੂਲ ਖੇਡਾਂ ਵਿੱਚੋਂ ਜਪਜੋਤ ਕੌਰ ਸੂਰੀ ਵੱਲੋਂ ਅੰਡਰ 17 ਦੇ ਉੱਚੀ ਛਾਲ ਪ੍ਰਤੀਯੋਗਤਾ ਵਿੱਚ ਪੰਜਾਬ ਭਰ ਵਿੱਚੋਂ ਸਿਲਵਰ ਮੈਡਲ ਜਿੱਤਿਆ ਹੈ, ਪਿਛਲੇ ਚਾਰ ਪੰਜ ਸਾਲਾਂ ਤੋਂ ਲਗਾਤਾਰ ਵੱਖ ਵੱਖ ਖੇਡਾਂ ਖੇਡਾਂ ਵਿੱਚ ਮੱਲਾਂ ਮਾਰ ਰਹੀ ਹੈ। ਜਿੱਥੇ ਆਪਣੇ ਮਾਂ ਬਾਪ ਦਾ ਨਾਂ ਰੋਸ਼ਨ ਕੀਤਾ ਉੱਥੇ ਪੂਰੇ ਇਲਾਕੇ ਦਾ ਮਾਣ ਵਧਾਇਆ ਹੈ।

# ਨੌਵੇਂ ਪਾਤਸ਼ਾਹ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਤ ਹੋਵੇਗਾ ਦਸਤਾਰ ਮੁਕਾਬਲਾ

**ਪਟਿਆਲਾ (ਰਾਜਿੰਦਰ ਥਿੰਦ)** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਦਸਤਾਰ ਏ ਖਾਲਸਾ ਵੱਲੋਂ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਤ ਦਸਤਾਰ ਮੁਕਾਬਲਾ ਕਰਾਇਆ ਜਾਵੇਗਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅੰਤ੍ਰਿੰਗ ਕਮੇਟੀ ਮੈਂਬਰ ਜਥੇਦਾਰ ਸੁਰਜੀਤ ਸਿੰਘ ਗੜ੍ਹੀ ਨੇ ਅੱਜ ਦਸਤਾਰ ਮੁਕਾਬਲਿਆਂ ਨਾਲ ਸਬੰਧਤ ਪੋਸਟਰ ਰਿਲੀਜ਼ ਕਰਨ ਮੌਕੇ ਦਿੱਤੀ।ਜਥੇਦਾਰ ਸੁਰਜੀਤ ਸਿੰਘ ਗੜ੍ਹੀ ਨੇ ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਵਿਖੇ ਦਸਤਾਰ ਏ ਖਾਲਸਾ ਜਥੇਬੰਦੀ ਦੇ ਅਹੁਦੇਦਾਰ ਸਾਹਿਬਾਨਾਂ ਨਾਲ ਮੀਟਿੰਗ ਕੀਤੀ ਅਤੇ ਦਸਤਾਰ ਮੁਕਾਬਲਿਆਂ ਨਾਲ ਸਬੰਧਤ ਪੋਸਟਰ ਰਿਲੀਜ਼ ਕਰਦਿਆਂ ਦੱਸਿਆ ਕਿ ਜਿਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾਂ ਸ਼ਤਾਬਦੀ ਸਮਾਗਮਾਂ ਦੇ ਸਬੰਧ ਵਿਚ ਪ੍ਰੋਗਰਾਮ ਉਲੀਕੇ ਹਨ, ਉਥੇ ਹੀ ਸਿੱਖ ਜਥੇਬੰਦੀਆਂ, ਸੁਸਾਇਟੀਆਂ ਵੱਲੋਂ ਅਜਿਹੇ ਸਮਾਗਮ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਕਰਵਾਏ ਜਾ ਰਹੇ ਹਨ, ਜਿਸ ਤਹਿਤ ਦਸਤਾਰ ਏ ਖਾਲਸਾ ਕਲੱਬ ਵੱਲੋਂ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਸਮਰਪਿਤ ਦਸਤਾਰ ਅਤੇ ਦੁਮਾਲੇ ਮੁਕਾਬਲੇ ਕਰਾਏ ਜਾਣਗੇ। ਜਥੇਦਾਰ ਸੁਰਜੀਤ ਸਿੰਘ ਗੜ੍ਹੀ ਨੇ ਦੱਸਿਆ ਕਿ ਅਜੋਕੀ ਪੀੜ੍ਹੀ ਨੂੰ ਅਮੀਰ ਵਿਰਸੇ, ਇਤਿਹਾਸ ਤੇ ਆਪਣੇ ਸ਼ਾਨਾਮੱਤੀ ਇਤਿਹਾਸ ਦੀਆਂ ਪ੍ਰੰਪਰਾਵਾਂ ਨਾਲ ਜੋੜਨ ਲਈ ਅਜਿਹਾ ਪ੍ਰੋਗਰਾਮ ਉਲੀਕਿਆ ਹੈ, ਜਿਸ ਵਿਚ ਨੌਜਵਾਨ ਦਸਤਾਰ ਤੇ ਦੁਮਾਲੇ ਮੁਕਾਬਲਿਆਂ ਵਿਚ ਭਾਗ ਲੈ ਸਕਣਗੇ।ਦਸਤਾਰ ਏ ਖਾਲਸਾ ਕਲੱਬ ਦੇ ਅਹੁਦੇਦਾਰਾਂ ਨੇ ਦੱਸਿਆ ਕਿ ਦਸਤਾਰ ਤੇ ਦੁਮਾਲੇ ਮੁਕਾਬਲੇ 2 ਨਵੰਬਰ ਨੂੰ ਝੰਡਾ ਗਰਾਊਂਡ ਰਾਜਪੁਰਾ ਵਿਖੇ ਹੋਣਗੇ।



# ਪੰਜਾਬ ਦੇ ਸੰਯੁਕਤ ਮੁੱਖ ਚੋਣ ਅਫਸਰ ਵੱਲੋਂ ਈ ਵੀ ਐੱਮ ਵੇਅਰਹਾਊਸ ਦੀ ਸਮੀਖਿਆ

**ਸ਼ਹੀਦ ਭਗਤ ਸਿੰਘ ਨਗਰ (ਮਨੋਜ ਲਾਡੀ)**- ਪੰਜਾਬ ਦੇ ਸੰਯੁਕਤ ਮੁੱਖ ਚੋਣ ਅਫਸਰ ਸਕੱਤਰ ਸਿੰਘ ਬੱਲ ਨੇ 27 ਅਕਤੂਬਰ ਨੂੰ ਸਥਾਨਕ ਡਾ.ਬੀ.ਆਰ. ਅੰਬੇਡਕਰ ਭਵਨ, ਗੁੱਜਰਪੁਰ ਕਲਾਂ ਵਿਖੇ ਸਥਿਤ ਜ਼ਿਲ੍ਹੇ ਦੇ ਈ.ਵੀ.ਐਮ. ਵੈਅਰਹਾਊਸ ਦੀ ਚੈਕਿੰਗ ਕੀਤੀ।ਵਧੀਕ ਡਿਪਟੀ ਕਮਿਸ਼ਨਰ ਰਾਜੀਵ ਵਰਮਾ ਅਤੇ ਸਹਾਇਕ ਕਮਿਸ਼ਨਰ ਜਗਦੀਪ ਸਿੰਘ ਵੱਲੋਂ ਸੰਯੁਕਤ ਮੁੱਖ ਚੋਣ ਅਫਸਰ ਸਕੱਤਰ ਸਿੰਘ ਬੱਲ ਦੇ ਸਵਾਗਤ ਉਪਰੰਤ ਵੱਖ-ਵੱਖ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਦੀ ਮੌਜੂਦਗੀ 'ਚ ਵੇਅਰ ਹਾਊਸ ਦੀ ਸਮੀਖਿਆ ਕੀਤੀ ਗਈ । ਸਕੱਤਰ ਸਿੰਘ ਬੱਲ ਨੇ ਸਿਆਸੀ ਨੁਮਾਇੰਦਿਆਂ ਨਾਲ ਗੱਲਬਾਤ ਕਰਦਿਆਂ ਵੋਟਰ ਸੂਚੀਆਂ ਦੇ ਸੁਧਾਈ ਅਤੇ ਚੋਣ ਪ੍ਰਕਿਰਿਆ ਬਾਰੇ ਵਿਚਾਰ ਵਟਾਂਦਰਾ ਕੀਤਾ । ਉਨ੍ਹਾਂ ਨੇ ਨੁਮਾਇੰਦਿਆਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਪਾਰਟੀ ਦੇ ਬੂਥ ਲੈਵਲ ਏਜੰਟ ਨਿਯੁਕਤ ਕਰਨ ਨੂੰ ਤਰਜੀਹ ਦੇਣ ਤਾਂ ਜੋ ਇਹ ਏਜੰਟ ਬੀ ਐੱਲ ਓਜ਼ ਨਾਲ ਤਾਲਮੇਲ ਕਰਕੇ ਵੋਟਰ ਸੂਚੀ ਤਿਆਰ ਕਰਨ ਵਿੱਚ ਸਹਿਯੋਗ ਕਰਨ । ਉਨ੍ਹਾਂ ਦੱਸਿਆ ਕਿ ਚੋਣ ਕਮਿਸ਼ਨ ਦੀਆਂ ਸਰਗਰਮੀਆਂ ਲਗਾਤਾਰ ਜਾਰੀ ਰਹਿੰਦੀਆਂ ਹਨ ਅਤੇ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਲਈ ਸਥਾਨਕ ਜਿਲ੍ਹਾ ਚੋਣ ਦਫਤਰ ਨਾਲ ਰਾਬਤਾ ਕੀਤਾ ਜਾ ਸਕਦਾ ਹੈ। ਵੱਖ-ਵੱਖ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਨੇ ਸੰਯੁਕਤ ਮੁੱਖ ਚੋਣ ਅਧਿਕਾਰੀ ਨਾਲ ਗੱਲਬਾਤ ਕਰਦਿਆਂ ਅਹਿਮ ਜਾਣਕਾਰੀ ਹਾਸਲ ਕੀਤੀ । ਇਸ ਮੌਕੇ ਆਮ ਆਦਮੀ ਪਾਰਟੀ ਤੋਂ ਸਤਨਾਮ ਸਿੰਘ ਜਲਵਾਹਾ ਤੇ ਗਗਨ ਅਗਨੀਹੋਤਰੀ, ਭਾਜਪਾ ਤੋਂ ਕੁਲਵਿੰਦਰ ਸਿੰਘ, ਸ਼੍ਰੋਮਣੀ ਅਕਾਲੀ ਦਲ ਤੋਂ ਨਰਿੰਦਰ ਸਿੰਘ, ਬਸਪਾ ਤੋਂ ਹਰਮੇਸ਼ ਲਾਲ, ਸੀ.ਪੀ.ਆਈ. (ਐਮ.) ਚਰਨਜੀਤ ਸਿੰਘ, ਚੋਣ ਤਹਿਸੀਲਦਾਰ ਹਰਮਿੰਦਰ ਸਿੰਘ ਅਤੇ ਚੋਣ ਕਾਨੂੰਗੋ ਅਮਨਦੀਪ ਸਿੰਘ ਆਦਿ ਹਾਜਰ ਸਨ।



# ਵਿਧਾਇਕ ਜਿੰਪਾ ਨੇ ਸ਼ੇਰਗੜ੍ਹ ਤੋਂ ਛਾਉਣੀ ਕਲਾਂ ਤੱਕ ਸੜਕ ਨਿਰਮਾਣ ਕਾਰਜ ਦੀ ਕਰਵਾਈ ਸ਼ੁਰੂਆਤ



**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)**- ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਸ਼ੇਰਗੜ੍ਹ ਤੋਂ ਛਾਉਣੀ ਕਲਾਂ ਤੱਕ ਸੜਕ ਨਿਰਮਾਣ ਕਾਰਜ ਦੀ ਸਥਾਨਕ ਪਿੰਡ ਵਾਸੀਆਂ ਅਤੇ ਪਾਰਟੀ ਵਰਕਰਾਂ ਦੀ ਮੌਜੂਦਗੀ ਵਿਚ ਰਸਮੀ ਸ਼ੁਰੂਆਤ ਕੀਤੀ।ਉਨ੍ਹਾਂ ਕਿਹਾ ਕਿ ਲੱਗਭਗ 32 ਲੱਖ ਰੁਪਏ ਦੀ ਲਾਗਤ ਨਾਲ ਇਸ ਸੜਕ ਦਾ ਨਿਰਮਾਣ ਕਰਵਾਇਆ ਜਾ ਰਿਹਾ ਹੈ, ਜਿਸ ਨਾਲ ਇਲਾਕੇ ਦੇ ਲੋਕਾਂ ਨੂੰ ਆਵਾਜਾਈ ਵਿਚ ਵੱਡੀ ਰਾਹਤ ਮਿਲੇਗੀ। ਉਨ੍ਹਾਂ ਅੱਗੇ ਕਿਹਾ ਕਿ ਇਹ ਪ੍ਰੋਜੈਕਟ ਸਥਾਨਕ ਨਿਵਾਸੀਆਂ ਨੂੰ ਬਿਹਤਰ ਸਹੂਲਤਾਂ ਪ੍ਰਦਾਨ ਕਰੇਗਾ ਅਤੇ ਇਲਾਕੇ ਦੇ ਸਮੁੱਚੇ ਵਿਕਾਸ ਨੂੰ ਯਕੀਨੀ ਬਣਾਏਗਾ।ਇਸ ਮੌਕੇ ਪਵਨ ਸ਼ਰਮਾ, ਕੁਲਵਿੰਦਰ ਕੌਰ ਪੰਚ, ਜਗਦੀਪ ਸਿੰਘ ਸਰਪੰਚ, ਰਾਜੀਵ ਸ਼ਰਮਾ, ਜਸਵਿੰਦਰ ਸਿੰਘ, ਚਰਨਜੀਤ ਸਿੰਘ, ਰਜਿੰਦਰ ਕੌਰ ਪੰਚ, ਨਛੱਤਰ ਸਿੰਘ, ਸਵਿਤਾ ਪੰਚ, ਬਲਬੀਰ ਸਿੰਘ, ਸੰਤ ਸੁਭਾਸ਼ ਜੀ, ਹਰਭਜਨ ਸਿੰਘ ਸੈਣੀ, ਤਰਲੋਚਨ ਸਿੰਘ, ਭੁਪਿੰਦਰ ਤੋਂ ਇਲਾਵਾ ਹੋਰ ਪਿੰਡ ਵਾਸੀ ਵੀ ਮੌਜੂਦ ਸਨ।

# ਤਿੰਨ ਦਿਨਾ 'ਕਹਿ ਰਵਿਦਾਸ' ਧਾਰਮਿਕ ਸਮਾਗਮ 30 ਤੋਂ 1 ਤੱਕ

**ਫਿਲੌਰ (ਨਿਰਮਲ)**- ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨੂੰ ਸਮਰਪਿਤ ਤਿੰਨ ਦਿਨਾਂ ਸਤਿਸੰਗ ਸਮਾਗਮ 'ਕਹਿ ਰਵਿਦਾਸ' 30 ਅਕਤੂਬਰ ਤੋਂ 1 ਨਵੰਬਰ ਤੱਕ ਦਿਵਯ ਜਯੋਤੀ ਜਾਗ੍ਰਤੀ ਸੰਸਥਾਨ ਨੂਰਮਹਿਲ (ਜਲੰਧਰ) ਵੱਲੋਂ ਸ਼ਾਮ 6:30 ਤੋਂ ਰਾਤ 9:00 ਵਜੇਂ ਤੱਕ ਕਮਿਊਨਿਟੀ ਹਾਲ ਫਿਲੌਰ ਵਿਖੇ ਕਰਵਾਇਆ ਜਾ ਰਿਹਾ ਹੈ। ਮਹਾਂਪੁਰਸ਼ਾਂ ਵੱਲੋਂ ਪ੍ਰਵਚਨ ਕੀਤੇ ਜਾਣਗੇ, ਗੁਰੂ ਕਾ ਲੰਗਰ ਅਤੁੱਟ ਵਰਤੇਗਾ।

# ਜਾਗਰਣ ਮੌਕੇ ਜੀਤ ਲਾਲ ਭੱਟੀ ਨੇ ਲਗਾਈ ਹਾਜ਼ਰੀ



**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)**- ਪਿੰਡ ਢੱਡਾ ਸਨੌਰਾ ਵਿਖੇ ਨਵ ਦੁਰਗਾ ਭਜਨ ਮੰਡਲੀ ਵਲੋਂ ਕਰਵਾਏ ਗਏ ਭਗਵਤੀ ਜਾਗਰਣ ਮੌਕੇ ਜੀਤ ਲਾਲ ਭੱਟੀ ਡਾਇਰੈਕਟਰ ਪਨਬਸ ਪੰਜਾਬ ਵਲੋਂ ਹਾਜ਼ਰੀ ਲਗਾਈ। ਉਨ੍ਹਾਂ ਨਾਲ ਸੂਬੇਦਾਰ ਹੰਸ ਰਾਜ ਕੋਰਡੀਨੇਟਰ ਐਕਸ ਸਰਵਿਸਮੈਨ ਵਿੰਗ, ਰਮੇਸ਼ ਚੰਦਰ ਜਿਲ੍ਹਾ ਜੁਆਇਟ ਸਕੱਤਰ ਟਰੇਡ ਵਿੰਗ, ਸਤਨਾਮ ਮਨਕੋਟੀਆ, ਹਰਮੇਲ ਸਿੰਘ ਜਿਲ੍ਹਾ ਜੁਆਇਟ ਸਕੱਤਰ ਐਸ.ਸੀ ਵਿੰਗ, ਕਮਲਜੀਤ ਸਿੰਘ ਜਿਲ੍ਹਾ ਜੁਆਇਟ ਸਕੱਤਰ ਐੱਸ ਸੀ ਵਿੰਗ, ਐੱਮ ਸੀ ਸੁਖਦੇਵ ਲਾਲ ਤੇ ਹੋਰ ਮੌਜੂਦ ਸਨ।

# ਰਾਜ ਪੁਰਸਕਾਰ ਨਾਲ ਸਨਮਾਨਤ ਹੋਣਗੇ ਲੇਖਿਕਾ ਲਾਡੀ ਸੁਖਜਿੰਦਰ ਕੌਰ ਭੁੱਲਰ

**ਸੁਲਤਾਨਪੁਰ ਲੋਧੀ (ਬਲਵੀਰ ਸ਼ਾਲ੍ਹਪੁਰੀ)**- ਅੱਜ 28 ਅਕਤੂਬਰ ਨੂੰ ਨਾਮਵਾਰ ਲੇਖਕਾ ਲਾਡੀ ਸੁਖਜਿੰਦਰ ਕੌਰ ਭੁੱਲਰ ਨੂੰ ਉਨ੍ਹਾਂ ਦੀਆਂ ਸਾਹਿਤਕ ਸਮਾਜਿਕ ਗਤੀਵਿਧੀਆਂ ਵਿੱਚ ਵਡਮੂਲਾ ਯੋਗਦਾਨ ਪਉਣ ਲਈ, ਲੋਕ ਭਲਾਈ ਕਾਰਜ ਕਰ ਰਹੀ ਸੰਸਥਾ ਇੰਡੀਕ ਕਲਾ ਭਲਾਈ ਪ੍ਰੀਸ਼ਦ ਵੱਲੋਂ 18ਵਾਂ ਸਟੇਟ ਐਵਾਰਡ ਦੇਣ ਲਈ ਨਾਮਵਾਰ ਲੇਖਕਾ ਲਾਡੀ ਭੁੱਲਰ ਨੂੰ ਚੁਣਿਆ ਗਿਆ ਹੈ। ਉਨ੍ਹਾਂ ਦੀਆਂ ਸਾਹਿਤਕ ਸੇਵਾਵਾਂ ਖ਼ੂਨ ਦੇ ਹੰਝੂ (ਕਹਾਣੀ ਸੰਗ੍ਰਿਹ) ਖ਼ੂਨ ਦੇ ਹੰਝੂ(ਨਾਵਲ) ਪੰਜਾਬੀ ਵਿੱਚ, ਖ਼ੂਨ ਕੇ ਆਂਸੂ (ਨਾਵਲ ਹਿੰਦੀ ਵਿੱਚ), ਹੂਕ (ਗ਼ਜ਼ਲ ਸੰਗ੍ਰਿਹ) ਪੰਜਾਬੀ ਵਿਰਾਸਤੀ ਕਾਇਦਾ, ਰੁੱਖ ਪਾਣੀ ਅਨਮੋਲ (ਕਾਵਿ ਸੰਗ੍ਰਿਹ), ਛਪ ਚੁੱਕੀਆਂ ਨਾਮੀ ਛੇ ਪੁਸਤਕਾਂ ਸਾਹਿਤ ਦੀ ਝੋਲੀ ਪਾਈਆਂ ਗਈਆਂ, ਤੇ ਚਾਰ ਪੁਸਤਕਾਂ ਛਪਾਈ ਅਧੀਨ ਹਨ। ਲਾਡੀ ਭੁੱਲਰ ਦੀਆਂ ਰਚਨਾਵਾਂ ਵੱਖ-ਵੱਖ ਮੈਗਜ਼ੀਨਾਂ ਅਖ਼ਬਾਰਾਂ ਦਾ ਸ਼ਿੰਗਾਰ ਬਣਦੀਆਂ ਰਹਿੰਦੀਆਂ ਹਨ ਅਤੇ ਸਮਾਜਿਕ ਵੱਖ ਵੱਖ ਵਿਸ਼ਿਆਂ ਤੇ ਬਾਰਾਂ ਲਘੂ ਫਿਲਮਾਂ ਤੁਰੀਆਂ ਨਾਲ ਕਿਤਾਬਾਂ, ਹੜ੍ਹ ਤੇ ਰੱਖੜੀ, ਦਾਜ ਦੇ ਲੋਭੀ, ਬੇਰੋਜ਼ਗਾਰੀ, ਸੋਨੇ ਦੀ ਚੈਨ, ਜੂਨ ਦੀਆਂ ਛੁੱਟੀਆਂ, ਕਬਾੜਨ, ਸੋਚ ਆਦਿ। ਇਨ੍ਹਾਂ 12 ਲਘੂ ਫਿਲਮਾਂ ਦੇ ਡਾਇਰੈਕਟਰ, ਪ੍ਰੋਡਿਊਸਰ, ਅਦਾਕਾਰ, ਲੇਖਕ ਖੁਦ ਭੂਮਿਕਾ ਨਿਭਾਈ ਹੈ। ਲਾਡੀ ਭੁੱਲਰ ਦੀਆਂ ਸਾਹਿਤਕ ਗਤੀਵਿਧੀਆਂ ਨੂੰ ਮੁੱਖ ਰੱਖਦਿਆਂ ਹੋਇਆਂ, ਲੋਕ ਭਲਾਈ ਕਾਰਜ ਕਰ ਰਹੀ ਸੰਸਥਾ ਇੰਡੀਕ ਆਰਟਸ ਵੈਲਫੇਅਰ ਕੌਂਸਲ ਵੱਲੋਂ 28 ਅਕਤੂਬਰ ਨੂੰ ਰਾਜ ਐਵਾਰਡ ਦੇਣ ਲਈ ਚੁਣਿਆ ਹੈ। ਸਾਹਿਤਕ ਸੇਵਾਵਾਂ ਨਿਭਾਉਂਣ ਤੇ ਲਾਡੀ ਭੁੱਲਰ ਨੂੰ ਪਹਿਲਾਂ ਵੀ ਅਨੇਕਾਂ ਮਾਨ ਸਨਮਾਨ, ਐਵਾਰਡ ਵੱਖ-ਵੱਖ ਸਾਹਿਤ ਸਭਾਵਾਂ, ਸਮਾਜਿਕ ਅਤੇ ਧਾਰਮਿਕ ਸੰਸਥਾਵਾਂ ਵੱਲੋਂ ਦਿੱਤੇ ਜਾ ਚੁੱਕੇ ਹਨ। ਜਾਣਕਾਰੀ ਸਾਂਝੀ ਕਰਦਿਆਂ ਸੰਸਥਾ ਦੇ ਚੇਅਰਮੈਨ ਭੋਲਾ ਯਮਲਾ ਅਤੇ ਇਕਬਾਲ ਸਿੰਘ ਸਹੋਤਾ ਪ੍ਰਧਾਨ ਭਾਸ਼ਾ ਇਕਾਈ ਨੇ ਕਿਹਾ ਸਟੇਟ ਐਵਾਰਡ 28 ਅਕਤੂਬਰ ਨੂੰ ਕੋਟਕਪੂਰਾ ਵਿਖੇ ਪ੍ਰਦਾਨ ਕੀਤਾ ਜਾਵੇਗਾ।



# ਵਿਧਾਇਕ ਜਿੰਪਾ ਨੇ ਸ਼ਹਿਰ ਵਾਸੀਆਂ ਨੂੰ ਸਮਰਪਤ ਕੀਤਾ 1971 ਦਾ ਵਿਰਾਸਤੀ ਟੀ-55 ਜੰਗੀ ਟੈਂਕ

**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ, ਬਲਬੀਰ ਸਿੰਘ ਸੈਣੀ)**- ਹੁਸ਼ਿਆਰਪੁਰ ਸ਼ਹਿਰ ਲਈ 27 ਅਕਤੂਬਰ ਦਾ ਦਿਨ ਇਤਿਹਾਸਕ ਰਿਹਾ, ਜਦੋਂ ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ 1971 ਭਾਰਤ-ਪਾਕਿ ਜੰਗ ਵਿਚ ਭਾਰਤੀ ਸੈਨਾ ਵੱਲੋਂ ਵਰਤੇ ਗਏ ਵਿਰਾਸਤੀ ਟੀ-55 ਜੰਗੀ ਟੈਂਕ ਨੂੰ ਸ਼ਹਿਰ ਵਾਸੀਆਂ ਨੂੰ ਸਮਰਪਿਤ ਕੀਤਾ। ਇਹ ਟੈਂਕ ਹੁਣ ਗ੍ਰੀਨ ਵਿਊ ਪਾਰਕ ਵਿਚ ਸਥਾਈ ਤੌਰ 'ਤੇ ਸਥਾਪਿਤ ਕੀਤਾ ਗਿਆ ਹੈ, ਜੋ ਆਉਣ ਵਾਲੀਆਂ ਪੀੜ੍ਹੀਆਂ ਨੂੰ ਦੇਸ਼ ਦੀ ਫ਼ੌਜੀ ਗਾਥਾ ਤੋਂ ਪ੍ਰੇਰਿਤ ਕਰੇਗਾ।ਵਿਧਾਇਕ ਜਿੰਪਾ ਨੇ ਇਸ ਮੌਕੇ ਕਿਹਾ ਕਿ ਇਹ ਹੁਸ਼ਿਆਰਪੁਰ ਲਈ ਮਾਣ ਵਾਲਾ ਪਲ ਹੈ, ਜਦੋਂ ਪਹਿਲੀ ਵਾਰ ਸਾਡੇ ਸ਼ਹਿਰ ਵਿਚ ਜੰਗੀ ਟਰਾਫ਼ੀ ਲਿਆਂਦੀ ਗਈ ਹੈ। ਇਹ ਨਾ ਸਿਰਫ਼ ਭਾਰਤੀ ਫ਼ੌਜ ਦੀ ਬਹਾਦਰੀ ਦੀ ਯਾਦ ਦਿਵਾਉਂਦਾ ਹੈ, ਸਗੋਂ ਨੌਜਵਾਨਾਂ ਨੂੰ ਸਾਡੇ ਸ਼ਾਨਦਾਰ ਇਤਿਹਾਸ ਨਾਲ ਜੋੜਨ ਦਾ ਇਕ ਸਾਧਨ ਵੀ ਹੈ। ਉਨ੍ਹਾਂ ਕਿਹਾ ਕਿ ਇਸ ਇਤਿਹਾਸਕ ਪਹਿਲਕਦਮੀ ਨੂੰ ਹਕੀਕਤ ਵਿਚ ਬਦਲਣ ਵਿਚ ਜ਼ਿਲ੍ਹਾ ਪ੍ਰਸ਼ਾਸਨ, ਭਾਰਤੀ ਫ਼ੌਜ, ਹੁਸ਼ਿਆਰਪੁਰ ਦੇ ਸੇਵਾਮੁਕਤ ਫ਼ੌਜੀ ਅਧਿਕਾਰੀਆਂ ਅਤੇ ਸੋਨਾਲੀਕਾ ਗਰੁੱਪ ਦਾ ਮਹੱਤਵਪੂਰਨ ਯੋਗਦਾਨ ਰਿਹਾ ਹੈ। ਵਿਧਾਇਕ ਜਿੰਪਾ ਨੇ ਕਿਹਾ ਕਿ ਸਾਰਿਆਂ ਦੇ ਸਾਂਝੇ ਯਤਨਾਂ ਨਾਲ ਇਹ ਟੈਂਕ ਪੁਣੇ ਤੋਂ ਲਿਆਂਦਾ ਗਿਆ ਹੈ, ਜੋ ਹੁਣ ਸ਼ਹਿਰ ਦੇ ਸਨਮਾਨ ਦਾ ਪ੍ਰਤੀਕ ਬਣ ਜਾਵੇਗਾ ਅਤੇ ਹਰੇਕ ਨਾਗਰਿਕ ਵਿਚ ਦੇਸ਼ ਭਗਤੀ ਦੀ ਭਾਵਨਾ ਜਗਾਏਗਾ।ਵਿਧਾਇਕ ਨੇ ਕਿਹਾ ਕਿ ਗ੍ਰੀਨ ਵਿਊ ਪਾਰਕ ਵਿਚ ਟੈਂਕ ਦੀ ਸਥਾਪਨਾ ਸ਼ਹਿਰ ਦੀ ਪਛਾਣ ਵਿਚ ਇਕ ਨਵਾਂ ਪਹਿਲੂ ਜੋੜੇਗੀ। ਇਸ ਮੌਕੇ ਕਰਨਲ ਮਨਦੀਪ ਗਰੇਵਾਲ ਸੈਨਾ ਮੈਡਲ, ਲੈਫਟੀਨੈਂਟ ਜਨਰਲ ਅਜੇ ਚਾਂਦਪੁਰ ਵਰਜ ਕਾਰਪ ਕਮਾਂਡਰ, ਮੇਜਰ ਜਨਰਲ ਕਾਰਤਿਕ ਸ਼ੇਸ਼ਾਦਰੀ, ਬ੍ਰਿਗੇਡੀਅਰ ਐਸ. ਚੈਟਰਜੀ, ਕਰਨਲ ਐਲ. ਮੋਇਨੂਦੀਨ ਖ਼ਾਨ ਅਤੇ ਸ਼ਹਿਰ ਵਾਸੀ ਮੌਜੂਦ ਸਨ।



# ਤਰਨ ਤਾਰਨ ਜ਼ਿਮਨੀ ਚੋਣ 'ਚ 'ਆਪ' ਦੀ ਜਿੱਤ ਯਕੀਨੀ : ਸੰਜੇ ਅਟਵਾਲ



**ਗੁਰਾਇਆ (ਬਿੰਦਰ ਸੁੰਮਨ)**- ਤਰਨ ਤਾਰਨ ਦੀ ਜ਼ਿਮਨੀ ਚੋਣ ਜਿੱਤ ਕੇ ਹਰ ਹਾਲਤ ਵਿੱਚ ਆਮ ਆਦਮੀ ਦੀ ਝੋਲੀ ਵਿੱਚ ਪਾਈ ਜਾਵੇਗੀ। ਇਹ ਵਿਚਾਰ ਹਲਕਾ ਫਿਲੌਰ ਦੇ ਸੰਗਠਨ ਇੰਚਾਰਜ ਸੰਜੇ ਅਟਵਾਲ ਨੇ ਤਰਨ ਤਾਰਨ ਵਿੱਚ ਡੋਰ ਟੂ ਡੋਰ ਮੁਹਿੰਮ ਚਲਾਉਂਦੇ ਹੋਏ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਹਰ ਘਰ ਵਿੱਚ ਜਾ ਕੇ ਲੋਕਾਂ ਨਾਲ ਗੱਲਬਾਤ ਕਰਨ ਤੋਂ ਬਾਅਦ ਸਪੱਸ਼ਟ ਹੈ ਕਿ ਤਰਨ ਤਾਰਨ ਦੇ ਲੋਕ ਆਪ ਦੇ ਨਾਲ ਹਨ। ਲੋਕ ਆਮ ਆਦਮੀ ਪਾਰਟੀ ਨੂੰ ਦੋਬਾਰਾ ਮੌਕਾ ਦੇਣ ਲਈ ਉਤਾਵਲੇ ਹਨ। ਸੰਜੇ ਅਟਵਾਲ ਨੇ ਕਿਹਾ ਕਿ ਡੋਰ ਟੂ ਡੋਰ ਮਹਿੰਮ ਨੂੰ ਲਗਾਤਾਰ ਜਾਰੀ ਰੱਖਿਆ ਜਾਵੇਗਾ।

# ਆਦਿ ਧਰਮ ਮਿਸ਼ਨ ਸਮਾਜਿਕ, ਰਾਜਨੀਤਕ ਪਰਿਵਰਤਨ ਲਈ ਅਹਿਮ ਭੂਮਿਕਾ ਨਿਭਾਏਗਾ : ਸੰਤ ਸਰਵਣ ਦਾਸ, ਸੰਤ ਸਤਵਿੰਦਰ ਹੀਰਾ

**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ, ਬਲਬੀਰ ਸੈਣੀ)**- ਭਾਰਤ ਦੀ ਆਜ਼ਾਦੀ ਲਈ ਆਦਿ ਧਰਮ ਦੇ ਵਿਦਵਾਨਾਂ, ਰਹਿਬਰਾਂ ਦਾ ਮਹੱਤਵਪੂਰਨ ਰੋਲ ਰਿਹਾ ਹੈ, ਗਦਰੀ ਬਾਬਾ ਬਾਬੂ ਮੰਗੂ ਰਾਮ ਮੁਗੋਵਾਲੀਆ , ਭਾਰਤ ਰਤਨ, ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ , ਪੇਰੀਅਰ ਰਾਮਾ ਸਵਾਮੀ ਨਾਈਕਰ, ਸ਼ਾਹੂ ਜੀ ਛਤਰਪਤੀ ਮਹਾਰਾਜ, ਮਹਾਤਮਾ ਜੋਤੀਬਾ ਫੂਲੇ ਵਰਗੇ ਵਰਗੇ ਮਹਾਨ ਰਹਿਬਰਾਂ ਨੇ ਦੇਸ਼ ਦੀ ਆਜ਼ਾਦੀ ਅਤੇ ਆਦਿ ਧਰਮ ਦੇ ਸੰਵਿਧਾਨਕ ਮੌਲਿਕ ਅਧਿਕਾਰਾਂ ਲਈ ਸੰਘਰਸ਼ ਕੀਤੇ ਅਤੇ ਹੱਕਾਂ ਲਈ ਲੜਾਈਆਂ ਲੜੀਆਂ ਹਨ। ਇਨਾਂ ਮਹਾਨ ਰਹਿਬਰਾਂ ਦੇ ਮਿਸ਼ਨ ਨੂੰ ਜਨ ਜਨ ਤੱਕ ਪਹੁੰਚਾਉਣ ਲਈ ਆਲ ਇੰਡੀਆ ਆਦਿ ਧਰਮ ਮਿਸ਼ਨ ਭਾਰਤ ਪਿਛਲੇ ਲੰਮੇ ਸਮੇਂ ਤੋਂ ਸਰਗਰਮ ਭੂਮਿਕਾ ਨਿਭਾ ਰਿਹਾ ਹੈ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਮਹਾਨ ਚਿੰਤਕ ਕੌਮੀ ਪ੍ਰਧਾਨ ਆਲ ਇੰਡੀਆ ਆਦਿ ਧਰਮ ਸਾਧੂ ਸਮਾਜ ਸੰਤ ਸਰਵਣ ਦਾਸ ਸਲੇਮ ਟਾਵਰੀ ਸੀਨੀ. ਮੀਤ ਪ੍ਰਧਾਨ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਪੰਜਾਬ, ਸੰਤ ਸਤਵਿੰਦਰ ਹੀਰਾ ਕੌਮੀ ਪ੍ਰਧਾਨ ਆਲ ਇੰਡੀਆ ਆਦਿ ਧਰਮ ਮਿਸ਼ਨ ਭਾਰਤ ਨੇ ਕਿਹਾ ਕਿ ਆਲ ਇੰਡੀਆ ਆਦਿ ਧਰਮ ਮਿਸ਼ਨ ਭਾਰਤ ਆਦਿ ਧਰਮ ਰਹਿਬਰਾਂ ਦੇ ਮਿਸ਼ਨ ਨੂੰ ਜਨ ਜਨ ਤਕ ਪਹੁੰਚਾਉਣ ਅਤੇ ਪੂਰਾ ਕਰਨ ਲਈ ਅਹਿਮ ਰੋਲ ਨਿਭਾ ਰਿਹਾ ਹੈ ਅਤੇ ਦੇਸ਼ ਅੰਦਰ ਸਮਾਜਿਕ ਤੇ ਰਾਜਨੀਤਕ ਪਰਿਵਰਤਨ ਲਈ ਅਹਿਮ ਭੂਮਿਕਾ ਨਿਭਾਏਗਾ। ਉਨ੍ਹਾਂ ਕਿਹਾ ਕਿ ਆਦਿ ਧਰਮ ਦੇ ਮਹਾਨ ਕ੍ਰਾਂਤੀਕਾਰੀ ਫਲਸਫੇ ਰਾਹੀਂ ਸਮੂਹ ਆਦਿ ਵਾਸੀ ਮੂਲ ਨਿਵਾਸੀ ਸੰਗਤ ਨੂੰ ਇਕ ਪਲੇਟਫਾਰਮ 'ਤੇ ਇਕੱਠੇ ਕਰਕੇ ਜਲਦ ਹੀ ਕੌਮ ਨੂੰ ਨਵੇਂ ਪ੍ਰੋਗਰਾਮਾਂ ਤੋਂ ਜਾਣੂ ਕਰਾਇਆ ਜਾਵੇਗਾ ।



# ਵਿਜੀਲੈਂਸ ਬਿਊਰੋ ਵੱਲੋਂ ਜਾਗਰੂਕਤਾ ਹਫਤੇ ਦੀ ਸ਼ੁਰੂਆਤ

**ਸ਼ਹੀਦ ਭਗਤ ਸਿੰਘ ਨਗਰ (ਮਨੋਜ ਲਾਡੀ)**- ਵਿਜੀਲੈਂਸ ਬਿਊਰੋ ਵੱਲੋਂ 'ਚੌਕਸੀ: ਸਾਡੀ ਸਾਂਝੀ ਜ਼ਿੰਮੇਵਾਰੀ' ਸਲੋਗਨ ਤਹਿਤ ਪੰਜਾਬ ਭਰ 'ਚ ਮਨਾਏ ਜਾਣ ਵਾਲੇ ਵਿਜੀਲੈਂਸ ਜਾਗਰੂਕਤਾ ਹਫਤੇ ਦੀ 27 ਅਕਤੂਬਰ ਨੂੰ ਇੱਥੇ ਸ਼ੁਰੂਆਤ ਕਰਦਿਆਂ ਬਿਊਰੋ ਦੇ ਸਥਾਨਕ ਯੂਨਿਟ ਵੱਲੋਂ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਭ੍ਰਿਸ਼ਟਾਚਾਰ ਵਿਰੁੱਧ ਡਟਣ ਲਈ ਅਹਿਦ ਦਿਵਾਇਆ ਗਿਆ।ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਵਿਜੀਲੈਂਸ ਜਾਗਰੂਕਤਾ ਹਫਤੇ ਦੀ ਸ਼ੁਰੂਆਤ ਦੌਰਾਨ ਵਧੀਕ ਡਿਪਟੀ ਕਮਿਸ਼ਨਰ ਅਵਨੀਤ ਕੌਰ, ਡੀ.ਐਸ.ਪੀ. ਵਿਜੀਲੈਂਸ ਲਖਵਿੰਦਰ ਸਿੰਘ ਔਜਲਾ ਤੇ ਐੱਸ ਡੀ ਐੱਮ ਅਨਮਜਯੋਤ ਕੌਰ ਦੀ ਮੌਜੂਦਗੀ ਵਿੱਚ ਭ੍ਰਿਸ਼ਟਾਚਾਰ ਦੇ ਖਾਤਮੇ ਦਾ ਸੰਕਲਪ ਲਿਆ ਗਿਆ । ਡੀ ਐੱਸ ਪੀ ਲਖਵਿੰਦਰ ਸਿੰਘ ਔਜਲਾ ਨੇ ਦੱਸਿਆ ਕਿ ਰਾਸ਼ਟਰੀ ਐਂਟੀ ਕੁਰੱਪਸ਼ਨ ਕਮਿਸ਼ਨ ਦੇ ਨਿਰਦੇਸ਼ਾਂ 'ਤੇ ਦੇਸ਼ ਭਰ ਵਿੱਚ 2 ਨਵੰਬਰ ਤੱਕ ਵਿਜੀਲੈਂਸ ਜਾਗਰੂਕਤਾ ਹਫਤਾ ਮਨਾਇਆ ਜਾ ਰਿਹਾ ਹੈ ਜਿਸ ਤਹਿਤ ਵਿਜੀਲੈਂਸ ਬਿਊਰੋ ਦੇ ਮੁੱਖ ਡਾਇਰੈਕਟਰ ਪ੍ਰਵੀਨ ਕੁਮਾਰ ਸਿਨਹਾ ਅਤੇ ਵਿਜੀਲੈਂਸ ਬਿਊਰੋ ਰੇਂਜ ਜਲੰਧਰ ਦੇ ਸੀਨੀਅਰ ਕਪਤਾਨ ਪੁਲਿਸ ਹਰਪ੍ਰੀਤ ਸਿੰਘ ਮੰਡੇਰ ਦੀਆਂ ਹਦਾਇਤਾਂ 'ਤੇ ਸ਼ਹੀਦ ਭਗਤ ਸਿੰਘ ਨਗਰ ਵਿੱਚ ਚੌਕਸੀ ਬਾਰੇ ਵੱਖ-ਵੱਖ ਸਰਗਰਮੀਆਂ ਕਰਵਾਈਆਂ ਜਾਣਗੀਆਂ । ਉਨ੍ਹਾਂ ਦੱਸਿਆ ਕਿ ਇਸ ਵਾਰ ਦਾ ਸਲੋਗਨ 'ਚੌਕਸੀ:ਸਾਡੀ ਸਾਂਝੀ ਜ਼ਿੰਮੇਵਾਰੀ" ਦਰਸਾਉਂਦਾ ਹੈ ਕਿ ਰਿਸ਼ਵਤਖੋਰੀ ਦੇ ਖਾਤਮੇ ਲਈ ਸਾਰਿਆਂ ਨੂੰ ਇੱਕਮੁੱਠ ਹੋ ਕੇ ਕੰਮ ਕਰਨਾ ਚਾਹੀਦਾ ਹੈ ਤਾਂ ਜੋ ਇਸ ਅਲਾਮਤ ਨੂੰ ਖਤਮ ਕੀਤਾ ਜਾ ਸਕੇ। ਡੀ.ਐਸ.ਪੀ. ਲਖਵਿੰਦਰ ਸਿੰਘ ਔਜਲਾ ਨੇ ਦੱਸਿਆ ਕਿ ਅੱਜ ਲਏ ਸੰਕਲਪ ਵਿੱਚ ਜਾਣੂ ਕਰਵਾਇਆ ਗਿਆ ਕਿ ਰਿਸ਼ਵਤਖੋਰੀ ਦੇਸ਼ ਦੀ ਹਰ ਪੱਖੋਂ ਤਰੱਕੀ ਦੇ ਰਾਹ ਵਿੱਚ ਅੜਿੱਕੇ ਖੜੀ ਕਰਦੀ ਹੈ । ਮੰਗਲਵਾਰ ਨੂੰ ਸਥਾਨਕ ਡੀ.ਏ.ਐਨ. ਕਾਲਜ ਆਫ ਐਜੂਕੇਸ਼ਨ ਫਾਰ ਵਿਮੈਨ ਵਿਖੇ ਕਰਵਾਏ ਜਾਣ ਵਾਲੇ ਸਮਾਗਮ ਬਾਰੇ ਦੱਸਦਿਆਂ ਲਖਵਿੰਦਰ ਸਿੰਘ ਔਜਲਾ ਨੇ ਕਿਹਾ ਕਿ ਜਾਗਰੂਕਤਾ ਹਫਤੇ ਦੀ ਲੜੀ ਤਹਿਤ ਰੋਜਾਨਾ ਸਮਾਗਮ ਕਰਵਾਏ ਜਾਣਗੇ । ਉਨ੍ਹਾਂ ਦੱਸਿਆ ਕਿ 28 ਅਕਤੂਬਰ ਨੂੰ ਹੋਣ ਵਾਲੇ ਸਮਾਗਮ ਵਿੱਚ ਜ਼ਿਲ੍ਹਾ ਪ੍ਰਸ਼ਾਸ਼ਨ ਦੇ ਸੀਨੀਅਰ ਅਧਿਕਾਰੀਆਂ ਤੋਂ ਇਲਾਵਾ ਵਿਜੀਲੈਂਸ ਬਿਊਰੋ ਜਲੰਧਰ ਰੇਂਜ ਦੇ ਐੱਸ ਐੱਸ ਪੀ ਹਰਪ੍ਰੀਤ ਸਿੰਘ ਮੰਡੇਰ ਉਚੇਚੇ ਤੌਰ 'ਤੇ ਸ਼ਿਰਕਤ ਕਰਨਗੇ ਅਤੇ ਲੋਕਾਂ ਨੂੰ ਵਿਜੀਲੈਂਸ ਬਿਊਰੋ ਦੀਆਂ ਗਤੀਵਿਧੀਆਂ ਤੋਂ ਜਾਣੂ ਕਰਵਾਉਣਗੇ ।



# ਜ਼ਿਲ੍ਹੇ ਵਿੱਚ ਪਰਾਲੀ ਨੂੰ ਅੱਗ ਲੱਗਣ ਦੇ ਸਿਰਫ 2 ਮਾਮਲੇ ਆਏ ਸਾਹਮਣੇ

**ਨਵਾਂਸ਼ਹਿਰ (ਮਨੋਜ ਲਾਡੀ)** ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਹੇਠ ਝੋਨੇ ਦੀ ਪਰਾਲੀ ਦੀ ਸਾਂਭ ਸੰਭਾਲ ਲਈ ਚੱਲ ਰਹੀ ਮੁਹਿੰਮ ਤਹਿਤ ਪੰਜਾਬ ਰਿਮੋਟ ਸੈਂਸਿੰਗ ਸੈਂਟਰ, ਲੁਧਿਆਣਾ ਦੀ ਰਿਪੋਰਟ ਮੁਤਾਬਕ 26 ਅਕਤੂਬਰ ਤੱਕ ਜ਼ਿਲ੍ਹੇ ਵਿੱਚ ਸਿਰਫ 2 ਅੱਗ ਲੱਗਣ ਦੀਆਂ ਘਟਨਾਵਾਂ ਸਾਹਮਣੇ ਆਈਆਂ ਹਨ ਜਦਕਿ ਪਿਛਲੇ ਸਾਲ ਹੁਣ ਤੱਕ 04 ਅੱਗ ਲੱਗਣ ਦੀਆਂ ਘਟਨਾਵਾਂ ਜ਼ਿਲ੍ਹੇ ਵਿੱਚ ਆਈਆਂ ਸਨ। ਇਸ ਬਾਰੇ ਜਾਣਕਾਰੀ ਦਿੰਦਿਆਂ ਮੁੱਖ ਖੇਤੀਬਾੜੀ ਅਫਸਰ ਡਾ. ਰਾਕੇਸ਼ ਕੁਮਾਰ ਸ਼ਰਮਾ ਨੇ ਦੱਸਿਆ ਕਿ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਖੇ ਝੋਨੇ ਦੀ ਪਰਾਲੀ ਦੀ ਸਾਂਭ ਸੰਭਾਲ ਕਾਫੀ ਸੁਚੱਜੇ ਢੰਗ ਨਾਲ ਚੱਲ ਰਹੀ ਹੈ ਅਤੇ ਹੁਣ ਤੱਕ 65% ਏਰੀਏ ਵਿੱਚ ਵਾਢੀ ਪੂਰੀ ਹੋ ਗਈ ਹੈ । ਉਨ੍ਹਾਂ ਦੱਸਿਆ ਕਿ ਖੇਤੀਬਾੜੀ ਵਿਭਾਗ, ਜਿਲ੍ਹਾ ਪ੍ਰਸ਼ਾਸ਼ਨ ਦੀਆਂ ਟੀਮਾਂ ਅਤੇ ਮਾਹਰਾਂ ਦੀ ਅਗਵਾਈ ਵਿੱਚ ਕਿਸਾਨਾਂ ਨੂੰ ਲਗਾਤਾਰ ਜਾਗਰੂਕ ਕੀਤਾ ਜਾ ਰਿਹਾ ਹੈ ਅਤੇ ਕਿਸਾਨਾਂ ਦੇ ਸਹਿਯੋਗ ਨਾਲ ਪਰਾਲੀ ਦੀ ਸਾਂਭ ਸੰਭਾਲ ਵੀ ਵਧੀਆ ਢੰਗ ਨਾਲ ਜਾਰੀ ਹੈ । ਮੁੱਖ ਖੇਤੀਬਾੜੀ ਅਫਸਰ ਨੇ ਦੱਸਿਆ ਕਿ ਚੱਲ ਰਹੀ ਮੁਹਿੰਮ ਤਹਿਤ ਬੇਲਰ ਮਸ਼ੀਨ ਰਾਹੀਂ ਐਕਸ ਸੀਟੂ ਮੈਨੇਜਮੈਂਟ ਪੂਰੀ ਤੇਜ਼ੀ ਨਾਲ ਚੱਲ ਰਹੀ ਹੈ। ਉਨਾਂ ਦੱਸਿਆ ਕਿ ਜ਼ਿਲ੍ਹੇ ਵਿੱਚ ਕੁੱਲ 2700 ਤੋਂ ਵੱਧ ਮਸ਼ੀਨਾਂ ਝੋਨੇ ਦੀ ਪਰਾਲੀ ਦੀ ਸਾਂਭ ਸੰਭਾਲ ਲਈ ਉਪਲਬਧ ਹਨ। ਉਹਨਾਂ ਵੱਲੋਂ ਦੱਸਿਆ ਗਿਆ ਕਿ ਪੰਜਾਬ ਸਰਕਾਰ ਦੇ agri-machinerypb.com ਪੋਰਟਲ 'ਤੇ ਐੱਸ ਸੀ ਕਿਸਾਨਾਂ ਵੱਲੋਂ ਦਰਖਾਸਤਾਂ ਦੀ ਮੰਗ 3 ਨਵੰਬਰ ਤੱਕ ਕੀਤੀ ਗਈ ਹੈ, ਇਸ ਸਕੀਮ ਵਿੱਚ ਵੱਧ ਤੋਂ ਵੱਧ ਕਿਸਾਨ ਅਪਲਾਈ ਕਰਨ ਤਾਂ ਜੋ ਕਿ ਉਹਨਾਂ ਨੂੰ ਮਸ਼ੀਨਾਂ ਤੇ ਸਬਸਿਡੀ ਮੁਹਈਆ ਕਰਵਾਈ ਜਾ ਸਕੇ।ਜੇਕਰ ਕਿਸੇ ਕਿਸਾਨ ਨੂੰ ਇਸ ਸਬੰਧੀ ਤਕਨੀਕੀ ਜਾਣਕਾਰੀ ਚਾਹੀਦੀ ਹੈ ਤਾਂ ਉਹ ਕਿਸਾਨ ਆਪਣੇ ਸਬੰਧਤ ਬਲਾਕ ਖੇਤੀਬਾੜੀ ਅਫਸਰ ਨਾਲ ਸੰਪਰਕ ਕਰ ਸਕਦਾ ਹੈ ।



# ਬੱਚਿਆਂ ਅੰਦਰ ਤੰਬਾਕੂਨੋਸ਼ੀ ਕਾਰਨ ਮਾਪਿਆਂ ਦਾ ਚੌਕਸ ਰਹਿਣਾ ਜ਼ਰੂਰੀ : ਸਿਵਲ ਸਰਜਨ



**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਨੌਜਵਾਨਾਂ ਨੂੰ ਤੰਬਾਕੂ ਦੇ ਸੇਵਨ ਤੋਂ ਦੂਰ ਰੱਖਣ ਲਈ ਚੱਲ ਰਹੀ ਮੁਹਿੰਮ ਤੰਬਾਕੂ ਮੁਕਤ ਯੁਵਾ ਮੁਹਿੰਮ 3.0 ਤਹਿਤ ਜ਼ਿਲ੍ਹੇ ਵਿਚ ਜਾਗਰੂਕਤਾ ਅਤੇ ਤੰਬਾਕੂ-ਰੋਕਥਾਮ ਕਾਨੂੰਨ ਦੀ ਸਖ਼ਤੀ ਨਾਲ ਪਾਲਣਾ ਹਿੱਤ ਸਰਗਰਮੀਆਂ ਜਾਰੀ ਹਨ।ਇਹ ਜਾਣਕਾਰੀ ਦਿੰਦਿਆਂ ਸਿਵਲ ਸਰਜਨ ਡਾ. ਸੰਗੀਤਾ ਜੈਨ ਅਤੇ ਤੰਬਾਕੂ ਰੋਕਥਾਮ ਨੋਡਲ ਅਫ਼ਸਰ ਡਾ. ਨਵਦੀਪ ਸਿੰਘ ਨੇ ਦੱਸਿਆ ਕਿ ਸਿਹਤ ਵਿਭਾਗ ਨੇ 60 ਦਿਨਾਂ ਤੰਬਾਕੂ ਮੁਕਤ ਯੁਵਾ ਮੁਹਿੰਮ 3.0 ਸ਼ੁਰੂ ਕੀਤੀ ਹੋਈ ਹੈ, ਜਿਸ ਤਹਿਤ ਸਰਕਾਰੀ ਸਿਹਤ ਸੰਸਥਾਵਾਂ ਅਤੇ ਵਿਦਿਅਕ ਅਦਾਰਿਆਂ ਵਿਚ ਵੱਖ-ਵੱਖ ਗਤੀਵਿਧੀਆਂ ਕੀਤੀਆਂ ਜਾ ਰਹੀਆਂ ਹਨ। ਇਸ ਮੁਹਿੰਮ ਦਾ ਉਦੇਸ਼ ਤੰਬਾਕੂ ਦੇ ਖ਼ਤਰਿਆਂ ਬਾਰੇ ਜਨਤਕ ਜਾਗਰੂਕਤਾ ਮੁਹਿੰਮਾਂ ਨੂੰ ਤੇਜ਼ ਕਰਨਾ, ਸਕੂਲਾਂ ਅਤੇ ਕਾਲਜਾਂ ਨੂੰ ਤੰਬਾਕੂ ਮੁਕਤ ਜ਼ੋਨ ਵਜੋਂ ਬਣਾਈ ਰੱਖਣ ਲਈ ਤੰਬਾਕੂ ਮੁਕਤ ਵਿਦਿਅਕ ਸੰਸਥਾਵਾਂ ਲਈ ਸੋਧੇ ਹੋਏ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਨੂੰ ਮਜ਼ਬੂਤ ਕਰਨਾ, ਤੰਬਾਕੂ ਨਿਯੰਤਰਣ ਕਾਨੂੰਨਾਂ ਦੇ ਲਾਗੂ ਕਰਨ ਨੂੰ ਮਜ਼ਬੂਤ ਕਰਨਾ ਆਦਿ ਹੈ।

# ਭਗਤ ਨਾਮਦੇਵ ਜੀ ਦੇ ਜਨਮ ਦਿਹਾੜੇ ਨੂੰ ਸਮਰਪਤ ਸ਼ਬਦ ਗਾਇਨ ਮੁਕਾਬਲੇ

**ਸੰਗਰੂਰ (ਪ੍ਰਵੀਨ ਸਿੰਘ)** ਸ਼੍ਰੋਮਣੀ ਭਗਤ ਨਾਮਦੇਵ ਜੀ ਦੇ ਜਨਮ ਦਿਹਾੜੇ ਨੂੰ ਸਮਰਪਤ ਅੰਤਰ ਸਕੂਲ ਸ਼ਬਦ ਗਾਇਨ ਅਤੇ ਸੁੰਦਰ ਲਿਖਾਈ ਮੁਕਾਬਲੇ ਸਥਾਨਕ ਗੁਰਦੁਆਰਾ ਸਾਹਿਬ ਬ੍ਰਹਮ ਗਿਆਨੀ ਭਗਤ ਨਾਮਦੇਵ ਜੀ ਵਿਖੇ ਪ੍ਰਬੰਧਕ ਕਮੇਟੀ ਵੱਲੋਂ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਸੰਗਰੂਰ ਜ਼ੋਨ ਦੇ ਸਹਿਯੋਗ ਨਾਲ ਕਰਾਏ ਗਏ।ਕਮੇਟੀ ਦੇ ਪ੍ਰਧਾਨ ਸੁਖਦੇਵ ਸਿੰਘ ਰਤਨ, ਸਤਨਾਮ ਸਿੰਘ ਦਮਦਮੀ ਸੀਨੀਅਰ ਮੀਤ ਪ੍ਰਧਾਨ, ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਸੰਗਰੂਰ ਜ਼ੋਨ ਦੇ ਸੁਰਿੰਦਰ ਪਾਲ ਸਿੰਘ ਸਿਦਕੀ ਪ੍ਰਬੰਧਕੀ ਸਕੱਤਰ, ਲਾਭ ਸਿੰਘ ਡਿਪਟੀ ਚੀਫ਼ ਆਰਗੇਨਾਈਜ਼ਰ, ਕੁਲਵੰਤ ਸਿੰਘ ਨਾਗਰੀ ਜ਼ੋਨਲ ਪ੍ਰਧਾਨ, ਬਲਵੰਤ ਸਿੰਘ ਭਿੱਖੀ ਪ੍ਰਧਾਨ ਸੰਗਰੂਰ ਯੂਨਿਟ ਦੀ ਦੇਖ-ਰੇਖ ਹੇਠ ਕਰਾਏ ਸ਼ਬਦ ਗਾਇਨ ਮੁਕਾਬਲਿਆਂ ਵਿੱਚ ਸੰਗਰੂਰ, ਮਾਲੇਰਕੋਟਲਾ, ਧੂਰੀ, ਭਵਾਨੀਗੜ੍ਹ ਖੇਤਰ ਵਿੱਚੋਂ ਅਕਾਲ ਅਕੈਡਮੀਆਂ ਸਰਕਾਰੀ ਸਕੂਲਾਂ ਤੋਂ ਇਲਾਵਾ ਸੰਗੀਤ ਅਕੈਡਮੀਆਂ ਦੀਆਂ 15 ਟੀਮਾਂ ਤੋਂ ਵੱਧ ਟੀਮਾਂ ਨੇ ਭਾਗ ਲਿਆ। ਬ੍ਰਹਮ ਗਿਆਨੀ ਭਗਤ ਨਾਮਦੇਵ ਜੀ ਦੇ ਜਨਮ ਦਿਹਾੜੇ ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਤ ਅਕਾਦਮਿਕ ਖੇਤਰ ਦੀਆਂ ਸਰਗਰਮੀਆਂ ਅਧੀਨ ਇਹ ਮੁਕਾਬਲੇ ਹੋਏ।ਪ੍ਰਤੀਯੋਗੀਆਂ ਨੇ ਜਿਥੇ ਤੰਤੀ ਸਾਜ਼ਾਂ ਦਾ ਖੂਬਸੂਰਤ ਢੰਗ ਨਾਲ ਪ੍ਰਦਰਸ਼ਨ ਕੀਤਾ, ਉਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਭਗਤ ਨਾਮਦੇਵ ਜੀ ਤੇ ਗੁਰੂ ਸਾਹਿਬਾਨ ਦੁਆਰਾ ਉਚਾਰੀ ਗੁਰਬਾਣੀ ਦਾ ਨਿਰਧਾਰਿਤ ਰਾਗਾਂ ਤੇ ਸੁਰ-ਤਾਲ ਵਿੱਚ ਗਾਇਨ ਕਰਦਿਆਂ ਸੰਗਤਾਂ ਨੂੰ ਕੀਲ ਲਿਆ।ਪ੍ਰੋ. ਰਣਜੀਤ ਸਿੰਘ ਸਾਰੰਗ ਬਰਨਾਲਾ, ਮਨਦੀਪ ਸਿੰਘ ਤੇ ਪ੍ਰੋ ਗੁਰਤੇਜ ਸਿੰਘ ਸਿੱਧੂ ਨੇ ਜੱਜ ਸਾਹਿਬਾਨ ਦੇ ਫਰਜ਼ ਨਿਭਾਏ।ਹਰਵਿੰਦਰ ਸਿੰਘ ਪੱਪੂ, ਕੁਲਬੀਰ ਸਿੰਘ ਗੁਰਮੇਲ ਸਿੰਘ ਵਿੱਤ ਸਕੱਤਰ, ਗੁਲਜ਼ਾਰ ਸਿੰਘ ਜਥੇਬੰਦਕ ਸਕੱਤਰ ਨੇ ਸਮਾਂ ਵਾਚਕ ਦੀ ਸੇਵਾ ਨਿਭਾਈ।ਇਸ ਮੌਕੇ ਬਾਬਾ ਸੁਖਦੇਵ ਸਿੰਘ ਗੁਰਦੁਆਰਾ ਸ੍ਰੀ ਸਿਧਾਣਾ ਸਾਹਿਬ, ਸ੍ਰੀ ਰਾਜੇਸ਼ ਛਿੱਬਰ ਐੱਸਪੀ (ਐੱਚ) ਸੰਗਰੂਰ, ਉੱਘੇ ਸਮਾਜ ਸੇਵੀ ਚਮਨਦੀਪ ਸਿੰਘ ਮਿਲਖੀ, ਮਨਪ੍ਰੀਤ ਸਿੰਘ ਗੋਲਡੀ ਐੱਸਡੀਓ ਨੇ ਵਿਸ਼ੇਸ਼ ਹਾਜ਼ਰੀ ਭਰੀ। ਕੁਲਵੰਤ ਸਿੰਘ ਨਾਗਰੀ ਨੇ ਜ਼ੋਨ ਵੱਲੋਂ ਅਕਾਦਮਿਕ ਖੇਤਰ ਦੀਆਂ ਸਰਗਰਮੀਆਂ ਦੱਸਿਆ।ਪ੍ਰਬੰਧਕ ਕਮੇਟੀ ਵੱਲੋਂ ਡਾ ਇਕਬਾਲ ਸਿੰਘ ਸਕਰੌਦੀ ਨੇ ਸਟੱਡੀ ਸਰਕਲ ਦੇ ਉੱਦਮ ਦੀ ਪ੍ਰਸ਼ੰਸਾ ਕੀਤੀ ਤੇ ਭਵਿੱਖ ਵਿੱਚ ਵੀ ਪ੍ਰਬੰਧਕ ਕਮੇਟੀ ਵੱਲੋਂ ਹਰ ਤਰ੍ਹਾਂ ਦੇ ਸਹਿਯੋਗ ਬਾਰੇ ਕਿਹਾ।ਕੁਲਦੀਪ ਸਿੰਘ ਬਾਗੀ ਨੇ ਮਹਿਮਾਨਾਂ, ਅਧਿਆਪਕ ਸਾਹਿਬਾਨ, ਵਿਦਿਆਰਥੀਆਂ ਤੇ ਸਹਿਯੋਗੀਆਂ ਦਾ ਧੰਨਵਾਦ ਕੀਤਾ।ਇਸ ਮੌਕੇ ਜੇਤੂ ਟੀਮਾਂ ਤੋਂ ਇਲਾਵਾ ਜੱਜ ਸਾਹਿਬਾਨ ਤੇ ਅਧਿਆਪਕ ਇੰਚਾਰਜਾਂ ਨੂੰ ਸਨਮਾਨਤ ਕਰਨ ਦੀ ਰਸਮ ਬਾਬਾ ਸੁਖਦੇਵ ਸਿੰਘ ਗੁਰਦੁਆਰਾ ਸ੍ਰੀ ਸਿਧਾਣਾ ਸਾਹਿਬ, ਸ੍ਰੀ ਰਾਜੇਸ਼ ਛਿੱਬਰ ਐੱਸਪੀ (ਐੱਚ) ਸੰਗਰੂਰ, ਉੱਘੇ ਸਮਾਜ ਸੇਵੀ ਚਮਨਦੀਪ ਸਿੰਘ ਮਿਲਖੀ, ਆਲ ਇੰਡੀਆ ਕਸ਼ੱਤਰੀਆ ਟਾਂਕ ਪ੍ਰਤੀਨਿਧੀ ਸਭਾ ਦੇ ਕੌਮੀ ਪ੍ਰਧਾਨ ਸਤਨਾਮ ਸਿੰਘ ਦਮਦਮੀ, ਕੁਲਦੀਪ ਸਿੰਘ ਬਾਗੀ, ਰਾਜਿੰਦਰ ਸਿੰਘ ਤੱਗੜ, ਗੋਬਿੰਦਰ ਸਿੰਘ ਜੱਸਲ, ਕੈਪਟਨ ਅਮਰਜੀਤ ਸਿੰਘ, ਕਰਮ ਸਿੰਘ ਨਮੋਲ, ਜਸਵਿੰਦਰ ਸਿੰਘ ਖਿੱਲਰੀਆਂ, ਡਾਕਟਰ ਇਕਬਾਲ ਸਿੰਘ ਸਕਰੌਦੀ, ਮਨਪ੍ਰੀਤ ਸਿੰਘ ਗੋਲਡੀ, ਗੋਰਾ ਸਿੰਘ ਗਰਚਾ, ਹਰਬੰਸ ਸਿੰਘ ਗਰਚਾ, ਹਰਭਜਨ ਸਿੰਘ ਭੱਟੀ, ਭਾਈ ਕੁਲਵੰਤ ਸਿੰਘ ਬੁਰਜ ਉਪਰੋਕਤ ਸ਼ਖ਼ਸੀਅਤਾਂ ਤੇ ਸਟੱਡੀ ਸਰਕਲ ਦੇ ਇਸਤਰੀ ਕੌਂਸਲ ਦੇ ਹਰਵਿੰਦਰ ਕੌਰ, ਅਮਨਦੀਪ ਕੌਰ ਹੋਰਾਂ ਨੇ ਨਿਭਾਈ।



# ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਸੰਬੰਧੀ ਸਮਾਗਮ



**ਚੰਡੀਗੜ੍ਹ (ਗੁਰਜੀਤ ਬਿੱਲਾ)**- ਪੰਜਾਬ ਦੇ ਸੈਰ ਸਪਾਟਾ ਅਤੇ ਸੱਭਿਆਚਾਰਕ ਮਾਮਲਿਆਂ ਬਾਰੇ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਦੱਸਿਆ ਹੈ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਸਬੰਧੀ ਸ੍ਰੀ ਆਨੰਦਪੁਰ ਸਾਹਿਬ ਵਿਖੇ ਹੋਣ ਵਾਲੇ ਸਮਾਗਮਾਂ ਵਿੱਚ ਸੰਗਤ ਦੇ ਠਹਿਰਣ ਲਈ ਟੈਂਟ ਸਿਟੀ ਬਣਨੀ ਸ਼ੁਰੂ ਹੋ ਗਈ ਹੈ। ਉਨ੍ਹਾਂ ਦੱਸਿਆ ਕਿ ਟੈਂਟ ਸਿਟੀ ਤਿੰਨ ਥਾਂਵਾਂ ਅਗਮਪੁਰ, ਪੀ ਐੱਸ ਪੀ ਸੀ ਐੱਲ ਗ੍ਰਾਂਊਡ ਮਟੋਰ ਅਤੇ ਝਿੰਜੜੀ ਵਿਖੇ ਬਣਾਈ ਜਾ ਰਹੀ ਹੈ। ਸੌਂਦ ਨੇ ਦੱਸਿਆ ਕਿ ਸੈਰ ਸਪਾਟਾ ਅਤੇ ਸੱਭਿਆਚਾਰਕ ਮਾਮਲਿਆਂ ਬਾਰੇ ਵਿਭਾਗ ਵੱਲੋਂ ਟੈਂਟ ਸਿਟੀ ਦੀ ਸਥਾਪਨਾ ਉੱਤੇ 21.52 ਕਰੋੜ ਰੁਪਏ ਖਰਚੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਟੈਂਟ ਸਿਟੀ ਵਿੱਚ ਰੋਜ਼ਾਨਾ 10 ਤੋਂ 12 ਹਜ਼ਾਰ ਸੰਗਤਾਂ ਦੇ ਠਹਿਰਣ ਦਾ ਪ੍ਰਬੰਧ ਹੋਵੇਗਾ। ਇੱਥੇ ਸਾਰੀਆਂ ਜ਼ਰੂਰੀ ਸਹੂਲਤਾਂ ਦਿੱਤੀਆਂ ਜਾਣਗੀਆਂ ਤਾਂ ਜੋ ਸੰਗਤ ਨੂੰ ਕੋਈ ਪਰੇਸ਼ਾਨੀ ਨਾ ਹੋਵੇ। ਉਨ੍ਹਾਂ ਦੱਸਿਆ ਕਿ ਟੈਂਟ ਸਿਟੀ 19 ਨਵੰਬਰ ਤੋਂ ਲੈ ਕੇ 30 ਨਵੰਬਰ ਤੱਕ ਕਾਰਜਸ਼ੀਲ ਰਹੇਗੀ।